New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
SINCE : 2007
: www.thepunjabtimes.ca
: canadianpunjabtimes@gmail.com
Vol - 20 | 27 March, 2026 | ੧੪ ਚੇਤ ਨਾਨਕਸ਼ਾਹੀ ਸੰਮਤ ੫੫੮ | Ph.: 604-338-7310 | FAX : 604-572-3638 | /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4

## ਜੰਗੀ ਹਾਲਾਤਾਂ ਕਾਰਨ ਬਹੁਤੇ ਦੇਸ਼ਾਂ 'ਚ ਤੇਲ ਅਤੇ ਭੋਜਨ ਸੰਕਟ ਪੈਦਾ ਹੋਣ ਦਾ ਖ਼ਦਸ਼ਾ

### ਅਮਰੀਕਾ-ਇਜ਼ਰਾਈਲ ਅਤੇ ਇਰਾਨ ਟਕਰਾਅ ਵਿਸ਼ਵ-ਪੱਧਰੀ ਵਪਾਰਕ ਸਪਲਾਈ ਚੇਨ ਹੋਈ ਠੱਪ

ਵਾਸ਼ਿੰਗਟਨ : ਮੱਧ ਪੂਰਬ ਵਿੱਚ ਅਮਰੀਕਾ ਅਤੇ ਇਜ਼ਰਾਈਲ ਦੀ ਇਰਾਨ ਵਿਰੁੱਧ ਜਾਰੀ ਜੰਗ ਨੇ ਵਿਸ਼ਵ ਅਰਥਚਾਰੇ ਨੂੰ ਇੱਕ ਅਜਿਹੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ, ਜਿਸ ਦੀ ਮਿਸਾਲ ਪਿਛਲੇ ਅੱਠ ਦਹਾਕਿਆਂ ਵਿੱਚ ਨਹੀਂ ਮਿਲਦੀ। ਆਰਥਿਕ ਮਾਹਰਾਂ ਅਤੇ ਅੰਤਰਰਾਸ਼ਟਰੀ ਵਪਾਰਕ ਸੰਸਥਾਵਾਂ ਦੀਆਂ ਤਾਜ਼ਾ ਰਿਪੋਰਟਾਂ ਅਨੁਸਾਰ, ਇਸ ਟਕਰਾਅ ਨੇ ਦੂਜੀ ਵਿਸ਼ਵ ਜੰਗ ਤੋਂ ਬਾਅਦ ਵਿਸ਼ਵ ਵਪਾਰ ਵਿੱਚ ਸਭ ਤੋਂ ਵੱਡਾ ਵਿਘਨ ਪਾਇਆ ਹੈ। ਜੰਗ ਸ਼ੁਰੂ ਹੋਣ ਦੇ ਮਹਿਜ਼ ਕੁਝ ਹਫ਼ਤਿਆਂ ਦੇ ਅੰਦਰ ਹੀ ਸਮੁੰਦਰੀ ਵਪਾਰਕ ਮਾਰਗਾਂ 'ਤੇ ਪੈਦਾ ਹੋਏ ਖ਼ਤਰੇ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਨੇ ਸਪਲਾਈ ਚੇਨ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ। ਇਸ ਸੰਕਟ ਨੇ ਨਾ

**ਜੰਗ ਕਾਰਨ 80 ਸਾਲਾਂ ਵਿੱਚ ਸਭ ਤੋਂ ਵੱਡਾ ਆਰਥਿਕ ਸੰਕਟ ਪੈਦਾ ਹੋਇਆ : WTO ਮੁਖੀ ਨਗੋਜ਼ੀ ਓਕੋਨਜੋ-ਇਵੇਲਾ**

ਸਿਰਫ਼ ਊਰਜਾ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ, ਸਗੋਂ ਖਾਣ-ਪੀਣ ਦੀਆਂ ਵਸਤੂਆਂ ਅਤੇ ਨਿਰਮਾਣ ਉਦਯੋਗ ਲਈ ਵੀ ਗੰਭੀਰ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ।

ਇਸ ਵਪਾਰਕ ਵਿਘਨ ਦਾ ਮੁੱਖ ਕੇਂਦਰ ਹੋਰਮੁਜ਼ ਦੀ ਜਲਡਮਰੂ (Strait of Hormuz) ਬਣ ਗਈ ਹੈ, ਜੋ ਕਿ ਫਾਰਸ ਦੀ ਖਾੜੀ ਵਿੱਚ ਇੱਕ ਬੇਹੱਦ ਮਹੱਤਵਪੂਰਨ ਸਮੁੰਦਰੀ ਰਸਤਾ ਹੈ। ਵਿਸ਼ਵ ਭਰ ਦੇ ਕੱਚੇ ਤੇਲ ਦੀ ਕੁੱਲ ਸਪਲਾਈ ਦਾ ਲਗਭਗ 20 ਫੀਸਦੀ ਹਿੱਸਾ ਇਸੇ ਮਾਰਗ ਰਾਹੀਂ ਗੁਜ਼ਰਦਾ ਹੈ। ਇਰਾਨ ਵੱਲੋਂ ਅਮਰੀਕਾ ਅਤੇ ਇਜ਼ਰਾਈਲ ਦੇ ਸਹਿਯੋਗੀ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਧਮਕੀਆਂ ਅਤੇ ਜੰਗੀ ਕਾਰਵਾਈਆਂ ਕਾਰਨ ਇਹ ਰਸਤਾ ਲਗਭਗ ਬੰਦ ਹੋਣ ਦੀ ਕਗਾਰ 'ਤੇ ਹੈ। ਇਸ ਰੁਕਾਵਟ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਦੇਖਿਆ ਗਿਆ ਹੈ, ਜੋ ਇੱਕ ਸਮੇਂ 120 ਅਮਰੀਕੀ




ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈਆਂ ਸਨ। ਭਾਵੇਂ ਜੰਗਬੰਦੀ ਦੀਆਂ ਚਰਚਾਵਾਂ ਦੌਰਾਨ ਕੀਮਤਾਂ ਵਿੱਚ ਮਾਮੂਲੀ ਗਿਰਾਵਟ ਆਈ ਹੈ, ਪਰ ਬਾਜ਼ਾਰ ਵਿੱਚ ਅਜੇ ਵੀ ਅਨਿਸ਼ਚਿਤਤਾ ਦਾ ਮਾਹੌਲ ਬਣਿਆ ਹੋਇਆ ਹੈ।

ਵਪਾਰਕ ਮਾਹਰਾਂ ਦਾ ਮੰਨਣਾ ਹੈ ਕਿ ਇਹ ਸੰਕਟ ਪਿਛਲੇ 80 ਸਾਲਾਂ ਵਿੱਚ ਸਭ ਤੋਂ ਗੰਭੀਰ ਇਸ ਲਈ ਹੈ ਕਿਉਂਕਿ ਅੱਜ ਦਾ ਵਿਸ਼ਵ ਵਪਾਰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਇੱਕ-ਦੂਜੇ 'ਤੇ ਨਿਰਭਰ ਹੈ। ਸਮੁੰਦਰੀ ਮਾਰਗਾਂ ਵਿੱਚ ਪੈਦਾ ਹੋਈ ਰੁਕਾਵਟ ਕਾਰਨ ਮਾਲ-ਵਾਹਕ ਜਹਾਜ਼ਾਂ ਨੂੰ ਲੰਬੇ ਅਤੇ ਮਹਿੰਗੇ ਰਸਤੇ ਅਪਣਾਉਣੇ ਪੈ ਰਹੇ ਹਨ, ਜਿਸ ਨਾਲ ਸਮਾਨ ਦੀ ਢੋਆ-ਢੁਆਈ ਦੀ ਲਾਗਤ ਵਿੱਚ ਕਈ ਗੁਣਾ ਵਾਧਾ ਹੋ ਗਿਆ ਹੈ। ਇਸ ਦਾ ਸਿੱਧਾ ਅਸਰ ਨਿਰਮਾਣ ਲਾਗਤ 'ਤੇ ਪੈ ਰਿਹਾ ਹੈ, ਜਿਸ ਕਾਰਨ ਆਉਣ ਵਾਲੇ ਮਹੀਨਿਆਂ ਵਿੱਚ ਇਲੈਕਟ੍ਰਾਨਿਕ ਸਮਾਨ ਤੋਂ ਲੈ ਕੇ ਮਸ਼ੀਨਰੀ ਤੱਕ ਸਭ ਕੁਝ ਮਹਿੰਗਾ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ, ਖੇਤੀਬਾੜੀ ਲਈ ਵਰਤੀਆਂ ਜਾਣ ਵਾਲੀਆਂ ਖਾਦਾਂ ਦੀ ਸਪਲਾਈ ਵਿੱਚ ਆਈ ਘਾਟ ਫਸਲਾਂ ਦੇ ਝਾੜ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਨਾਲ ਵਿਸ਼ਵ ਪੱਧਰ 'ਤੇ ਅੰਨ ਸੰਕਟ ਪੈਦਾ ਹੋਣ ਦਾ ਖ਼ਦਸ਼ਾ ਵਧ ਗਿਆ ਹੈ।

ਆਰਥਿਕਤਾ 'ਤੇ ਪੈਣ ਵਾਲੇ ਇਸ ਦੇ ਲੰਬੇ ਸਮੇਂ ਦੇ ਪ੍ਰਭਾਵਾਂ ਬਾਰੇ ਗੱਲ ਕਰਦਿਆਂ ਅਰਥ ਸ਼ਾਸਤਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਖਪਤਕਾਰਾਂ ਨੂੰ ਇਸ ਜੰਗ ਦੀ ਕੀਮਤ ਅਗਲੇ ਕਈ ਮਹੀਨਿਆਂ ਜਾਂ ਸਾਲਾਂ ਤੱਕ ਚੁਕਾਉਣੀ ਪਵੇਗੀ। ਤੇਲ ਦੀਆਂ ਕੀਮਤਾਂ ਵਿੱਚ ਹੋਣ ਵਾਲੇ ਵਾਧੇ ਦਾ ਅਸਰ ਗੈਸ ਸਟੇਸ਼ਨਾਂ ਤੋਂ ਇਲਾਵਾ ਕਰਿਆਨੇ ਦੀਆਂ ਦੁਕਾਨਾਂ ਤੱਕ ਪਹੁੰਚਣ ਵਿੱਚ ਆਮ ਤੌਰ 'ਤੇ ਛੇ ਤੋਂ ਨੌਂ

» ਬਾਕੀ ਸਫ਼ਾ 3 'ਤੇ

## ਸਰੀ ਸਿਟੀ ਚੋਣਾਂ : 'ਕੰਜ਼ਰਵੇਟਿਵ ਪਾਰਟੀ ਆਫ ਸਰੀ' ਵੱਲੋਂ ਹੋਨਵੀਰ ਸਿੰਘ ਰੰਧਾਵਾ ਹੋਣਗੇ ਮੇਅਰ ਦੇ ਉਮੀਦਵਾਰ

ਸਰੀ, (ਹਰਦਮ ਮਾਨ): ਕੈਨੇਡਾ ਦੇ ਪ੍ਰਮੁੱਖ ਸ਼ਹਿਰ ਸਰੀ ਦੀਆਂ ਆਗਾਮੀ ਮਿਊਂਸਪਲ ਚੋਣਾਂ ਲਈ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸਰੀ ਦੀ ਸਿਆਸਤ ਵਿੱਚ ਇੱਕ ਨਵੀਂ ਲਹਿਰ ਪੈਦਾ ਕਰਦਿਆਂ 'ਕੰਜ਼ਰਵੇਟਿਵ ਪਾਰਟੀ ਆਫ ਸਰੀ' ਨੇ ਅਧਿਕਾਰਤ ਤੌਰ 'ਤੇ ਚੋਣ ਮੈਦਾਨ ਵਿੱਚ ਉਤਰਨ ਦਾ ਐਲਾਨ ਕੀਤਾ ਹੈ। ਪਾਰਟੀ ਨੇ ਉੱਘੇ ਵਕੀਲ ਅਤੇ ਸਮਾਜਿਕ ਆਗੂ ਹੋਨਵੀਰ ਸਿੰਘ ਰੰਧਾਵਾ ਨੂੰ ਮੇਅਰ ਦੇ ਅਹੁਦੇ ਲਈ ਆਪਣਾ ਉਮੀਦਵਾਰ ਚੁਣਿਆ ਹੈ। ਜ਼ਿਕਰਯੋਗ ਹੈ ਕਿ ਹੋਨਵੀਰ ਸਿੰਘ ਰੰਧਾਵਾ ਪਹਿਲਾਂ ਵੀ ਬੀ.ਸੀ. ਕੰਜ਼ਰਵੇਟਿਵ ਪਾਰਟੀ ਵੱਲੋਂ ਸਰੀ-ਗਿਲਫੋਰਡ ਤੋਂ ਐਮਐਲਏ ਉਮੀਦਵਾਰ ਵਜੋਂ ਆਪਣੀ ਮਜ਼ਬੂਤ ਪਛਾਣ ਬਣਾ ਚੁੱਕੇ ਹਨ।

ਪਾਰਟੀ ਮੁਤਾਬਕ ਇਹ ਇੱਕ ਜ਼ਮੀਨੀ ਪੱਧਰ ਦੀ ਮੁਹਿੰਮ ਹੈ ਜੋ ਸਰੀ ਸ਼ਹਿਰ ਵਿੱਚ ਸਾਂਝੀ ਸੋਚ, ਜਵਾਬਦੇਹੀ ਅਤੇ ਮਜ਼ਬੂਤ ਲੀਡਰਸ਼ਿਪ ਲਿਆਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਹੈ।



ਹੋਨਵੀਰ ਸਿੰਘ ਰੰਧਾਵਾ,
ਮੇਅਰ ਦੇ ਉਮੀਦਵਾਰ, ਕੰਜ਼ਰਵੇਟਿਵ ਪਾਰਟੀ ਆਫ ਸਰੀ

ਪਾਰਟੀ ਵੱਲੋਂ ਹੋਨਵੀਰ ਸਿੰਘ ਰੰਧਾਵਾ ਦੀ ਉਮੀਦਵਾਰੀ ਦਾ ਰਸਮੀ ਐਲਾਨ ਕਰਨ ਲਈ 29 ਮਾਰਚ, 2026 ਨੂੰ ਸ਼ਾਮ 5:30 ਵਜੇ 'ਦ ਐਂਪਰੈਸ ਪੈਲੇਸ ਬਾਲਰੂਮ' (#201-8166 128 ਸਟਰੀਟ, ਸਰੀ) ਵਿਖੇ ਇੱਕ ਵਿਸ਼ੇਸ਼ ਸਮਾਗਮ ਉਲੀਕਿਆ ਗਿਆ ਹੈ। ਸਮਾਗਮ ਦੌਰਾਨ ਮਹਿਮਾਨਾਂ ਲਈ ਖਾਣ-ਪੀਣ ਦਾ ਵੀ ਪ੍ਰਬੰਧ ਹੋਵੇਗਾ।

ਪਾਰਟੀ ਵੱਲੋਂ ਸਰੀ ਨਿਵਾਸੀਆਂ ਨੂੰ ਇਸ ਇਤਿਹਾਸਕ ਮੌਕੇ 'ਤੇ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਵਧੇਰੇ ਜਾਣਕਾਰੀ ਲਈ (604) 991-1009 'ਤੇ ਸੰਪਰਕ ਕੀਤਾ ਜਾ ਸਕਦਾ ਹੈ।

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

CityMed Pharmacy
Your Partner in Health
Our Services :-
ਦਵਾਈਆਂ ਦੀ ਸੌਖੀ ਪੈਕਿੰਗ, ਖਾਸ ਤੌਰ 'ਤੇ ਤਿਆਰ ਕੀਤੀਆਂ ਦਵਾਈਆਂ
ਸਫ਼ਰ ਲਈ ਟੀਕੇ, ਘਰ ਵਿੱਚ ਸਿਹਤ ਦੀ ਨਿਗਰਾਨੀ
ਸਭ ਤੋਂ ਵਧੀਆ ਰੇਟ, ਦਵਾਈਆਂ ਦੀ ਮੁਫ਼ਤ ਡਿਲੀਵਰੀ
ਤੁਸੀਂ ਸਾਡੇ ਕੋਲੋਂ ਫਲੂ ਸ਼ਾਟ ਵੀ ਲਗਵਾ ਸਕਦੇ ਹੋ।
2 Locations : Surrey & White Rock
107 - 14818 60 Ave, Surrey BC, V3S 0B5
604-593-8866
4 - 1493, Foster St, White Rock B.C., V4B 0C4
604-385-1490
www.citymedhealth.ca

ਜੇਕਰ ਤੁਹਾਨੂੰ ਮੋਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
✓ First-time home buyers
✓ Mortgage renewals
✓ Refinancing solutions
✓ Construction mortgage
✓ Purchase or Refinance
Amarpal Singh
Mortgage Advisor
Call : 604.338.7310
CENTUM MORTGAGE

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

Space Available for Advertisement
Call
604-338-7310

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ? ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਦੇ ਸੰਗਤੀ ਗਰੁੱਪ ਵਲੋਂ 29 ਮਾਰਚ ਨੂੰ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ ਦਾ ਸੱਦਾ



ਸਰੀ : ਬੀਤੇ ਦਿਨੀਂ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਦੇ ਮੈਂਬਰਾਂ ਵਲੋਂ ਵਿਸ਼ੇਸ਼ ਮੀਟਿੰਗ ਕੀਤੀ ਗਈ ਅਤੇ ਮੌਜੂਦਾ ਪ੍ਰਬੰਧਕ ਪ੍ਰਧਾਨ ਅਮਨਦੀਪ ਸਿੰਘ ਜੌਹਲ ਦੀ ਅਗਵਾਈ ਹੇਠਲੀ ਕਮੇਟੀ ਉੱਤੇ ਪ੍ਰਬੰਧਕੀ ਅਤੇ ਵਿੱਤੀ ਬੇਨਿਯਮੀਆਂ ਦੇ ਗੰਭੀਰ ਦੋਸ਼ ਲਗਾਏ ਹਨ। ਇਸ ਮਾਮਲੇ ਨੂੰ ਲੈ ਕੇ ਗੁਰਦੁਆਰਾ ਸਾਹਿਬ ਦੀ ਸੰਗਤ ਅਤੇ ਕਮੇਟੀ ਦੇ ਕਈ ਮੈਂਬਰਾਂ ਵੱਲੋਂ ਡੂੰਘੇ ਸ਼ੰਕੇ ਜ਼ਾਹਰ ਕੀਤੇ ਗਏ ਹਨ। ਜਾਣਕਾਰੀ ਅਨੁਸਾਰ, ਸਾਲ 2023 ਦੇ ਆਖ਼ਰ ਤੋਂ ਕਾਰਜਕਾਰੀ ਕਮੇਟੀ ਦੋ ਵਿਰੋਧੀ ਧੜਿਆਂ ਵਿੱਚ ਵੰਡੀ ਗਈ ਹੈ, ਜਿਸ ਕਾਰਨ ਸੰਗਤਾਂ ਵਿੱਚ ਨਾਰਾਜ਼ਗੀ ਪਾਈ ਜਾ ਰਹੀ ਹੈ।

ਸੁਸਾਇਟੀ ਦੇ ਮੈਂਬਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਕਾਰਜਕਾਰੀ ਕਮੇਟੀ ਅਪ੍ਰੈਲ 2025 ਤੋਂ ਜੂਨ 2025 ਤੱਕ ਨਵੀਂ ਮੈਂਬਰਸ਼ਿਪ ਬਣਾਉਣ ਦੀ ਪ੍ਰਕਿਰਿਆ ਵਿੱਚ ਅਸਫ਼ਲ ਰਹੀ ਹੈ । ਨਿਰਪੱਖਤਾ ਅਤੇ ਪਾਰਦਰਸ਼ਤਾ ਦੀ ਘਾਟ ਕਾਰਨ ਇੱਕ ਤੀਜੀ ਧਿਰ ਦੇ ਵਕੀਲ ਨੇ ਵੀ ਇਸ ਪ੍ਰਕਿਰਿਆ ਵਿੱਚ ਸੇਵਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ । ਹਾਲਾਂਕਿ ਪ੍ਰਧਾਨ ਅਮਨਦੀਪ ਸਿੰਘ ਜੌਹਲ ਦੇ ਗਰੁੱਪ ਨੇ ਮਾਰਚ 2026 ਦੇ ਪਹਿਲੇ ਹਫ਼ਤੇ ਨਿਰਪੱਖ ਮੈਂਬਰਸ਼ਿਪ ਪ੍ਰਕਿਰਿਆ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ, ਪਰ ਸੁਸਾਇਟੀ ਦੇ ਮੈਂਬਰਾਂ ਅਨੁਸਾਰ ਇਹ ਵਾਅਦਾ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ ।

ਸੁਸਾਇਟੀ ਦੇ ਮੈਂਬਰ ਨੇ ਦੱਸਿਆ ਕਿ ਵਿੱਤੀ ਮਾਮਲਿਆਂ ਵਿੱਚ ਵੀ ਸਥਿਤੀ ਤਣਾਅਪੂਰਨ ਬਣੀ ਹੋਈ ਹੈ। 20 ਦਸੰਬਰ 2025 ਨੂੰ ਹੋਈ ਸਾਲਾਨਾ ਜਨਰਲ ਮੀਟਿੰਗ (AGM) ਵਿੱਚ ਪੇਸ਼ ਕੀਤੀ ਗਈ ਵਿੱਤੀ ਰਿਪੋਰਟ ਨੂੰ ਮੈਂਬਰਾਂ ਵੱਲੋਂ ਬਹੁਮਤ ਨਾਲ ਰੱਦ ਕਰ ਦਿੱਤਾ ਗਿਆ ਸੀ । ਕਮੇਟੀ ਦੇ ਮੈਂਬਰਾਂ ਨੇ ਗੋਲਕ ਵਿੱਚੋਂ ਨਕਦ ਵਾਊਚਰ ਕੱਢਣ ਅਤੇ ਵਿੱਤੀ ਮਾੜੇ ਪ੍ਰਬੰਧਾਂ ਬਾਰੇ ਗੰਭੀਰ ਚਿੰਤਾਵਾਂ ਪ੍ਰਗਟਾਈਆਂ ਹਨ । ਸੰਗਤ ਵੱਲੋਂ ਸੁਸਾਇਟੀ ਦੇ ਵਿੱਤੀ ਕੰਮਕਾਜ ਦਾ ਮੁੜ-ਆਡਿਟ ਕਰਵਾਉਣ ਦੀ ਮੰਗ ਕੀਤੀ ਗਈ ਹੈ, ਪਰ ਮੌਜੂਦਾ ਕਮੇਟੀ ਨੇ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ ।

ਇਸ ਦੇ ਨਾਲ ਹੀ ਗੁਰੂ ਨਾਨਕ ਸਿੱਖ ਸਕੂਲ ਦੇ ਪ੍ਰਬੰਧ ਵਿੱਚ ਵੀ ਪਾਰਦਰਸ਼ਤਾ ਦੀ ਘਾਟ ਪਾਈ ਗਈ ਹੈ। ਸਕੂਲ ਡਾਇਰੈਕਟਰਾਂ ਦੀ ਪਿਛਲੇ ਦੋ ਸਾਲਾਂ ਤੋਂ ਕੋਈ ਮਹੀਨਾਵਾਰ ਮੀਟਿੰਗ ਨਹੀਂ ਹੋਈ ਅਤੇ ਬਾਰ-ਬਾਰ ਮੰਗਣ ਦੇ ਬਾਵਜੂਦ ਸਕੂਲ ਦੇ ਵਿੱਤੀ ਦਸਤਾਵੇਜ਼ ਜਾਰੀ ਨਹੀਂ ਕੀਤੇ ਗਏ । ਸੰਗਤ ਵੱਲੋਂ ਪਿਛਲੇ ਕੁਝ ਸਾਲਾਂ ਵਿੱਚ ਦਿੱਤੀਆਂ ਗਈਆਂ ਵਰਕਰ ਸਪਾਂਸਰਸ਼ਿਪਾਂ ਦੀ ਪੂਰੀ ਜਾਣਕਾਰੀ ਵੀ ਮੰਗੀ ਜਾ ਰਹੀ ਹੈ ।

ਮੌਜੂਦਾ ਕਾਰਜਕਾਰੀ ਕਮੇਟੀ ਦੀ ਮਿਆਦ 31 ਦਸੰਬਰ 2025 ਨੂੰ ਖ਼ਤਮ ਹੋ ਚੁੱਕੀ ਹੈ । ਹੁਣ ਸੁਸਾਇਟੀ ਦੇ ਬਹੁਤੇ ਮੈਂਬਰ ਮੌਜੂਦਾ ਕਮੇਟੀ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ ਤਾਂ ਜੋ ਸੁਸਾਇਟੀ ਦਾ ਪ੍ਰਬੰਧ ਸੰਗਤ ਨੂੰ ਸੌਂਪਿਆ ਜਾ ਸਕੇ ਅਤੇ ਕਿਸੇ ਤੀਜੀ ਧਿਰ ਦੀ ਦੇਖ-ਰੇਖ ਹੇਠ ਨਿਰਪੱਖ ਚੋਣਾਂ ਕਰਵਾਈਆਂ ਜਾ ਸਕਣ । ਇਨ੍ਹਾਂ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਐਤਵਾਰ, 29 ਮਾਰਚ 2026 ਨੂੰ ਦੁਪਹਿਰ 12:30 ਵਜੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਇੱਕ ਵਿਸ਼ੇਸ਼ ਸੰਗਤੀ ਮੀਟਿੰਗ ਬੁਲਾਈ ਗਈ ਹੈ । ਇਸ ਬਾਰੇ ਜਦੋਂ ਅਮਨਦੀਪ ਸਿੰਘ ਜੌਹਲ ਨਾਲ ਉਨ੍ਹਾਂ ਦਾ ਪੱਖ ਜਾਨਣ ਬਾਰੇ ਸਾਡੇ ਪੱਤਰਕਾਰ ਵਲੋਂ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਵਲੋਂ ਫੋਨ ਨਹੀਂ ਚੁੱਕਿਆ ਗਿਆ।

# ਬੀ.ਸੀ. ਦੇ ਵੱਖ ਵੱਖ ਹਸਪਤਾਲ ਦਾ ਐਮਰਜੈਂਸੀ ਵਿਭਾਗਾਂ ਦਾ ਬੰਦ ਹੋਣਾ ਜਾਰੀ

## 100-ਮੀਲ ਹਾਊਸ ਮਾਰਚ ਮਹੀਨੇ ਵਿੱਚ ਪੰਜਵੀਂ ਵਾਰ ਲੱਗਿਆ ਜਿੰਦਰਾ, ਜਨਰਲ ਹਸਪਤਾਲ ਦੀ ਐਮਰਜੈਂਸੀ 2026 ਵਿੱਚ ਦਸਵੀਂ ਵਾਰ ਹੋਈ ਬੰਦ




ਸਰੀ, (ਦਿਵਰੂਪ ਕੌਰ): ਬੀ.ਸੀ. ਦੇ ਵੱਖ ਵੱਖ ਹਸਪਤਾਲ ਦਾ ਐਮਰਜੈਂਸੀ ਵਿਭਾਗਾਂ ਦਾ ਬੰਦ ਹੋਣਾ ਜਾਰੀ ਹੈ। 100-ਮੀਲ ਹਾਊਸ ਦੇ ਵਸਨੀਕਾਂ ਲਈ ਸਿਹਤ ਸੇਵਾਵਾਂ ਦੇ ਮਾਮਲੇ ਵਿੱਚ ਫਿਰ ਚੁਣੌਤੀਪੂਰਨ ਹੁੰਦਾ ਜਾ ਰਿਹਾ ਹੈ। ਇਸ ਇਲਾਵਾ ਪਹਿਲਾ ਡੌਸਨ ਕ੍ਰੀਕ (Danwson) ਸ਼ਹਿਰ ਦੇ ਹਸਪਤਾਲ ਦਾ ਐਮਰਜੈਂਸੀ ਵਿਭਾਵ ਵੀ ਬੰਦ ਕਰਨਾ ਪਿਆ ਸੀ। ਜਿਸ ਕਾਰਨ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇੰਟੀਰੀਅਰ ਹੈਲਥ ਵੱਲੋਂ ਜਾਰੀ ਕੀਤੇ ਗਏ ਇੱਕ ਤਾਜ਼ਾ ਨੋਟਿਸ ਅਨੁਸਾਰ, 100 ਮੀਲ ਡਿਸਟ੍ਰਿਕਟ ਜਨਰਲ ਹਸਪਤਾਲ ਦਾ ਐਮਰਜੈਂਸੀ ਰੂਮ ਸੋਮਵਾਰ 23 ਮਾਰਚ ਨੂੰ ਅਸਥਾਈ ਤੌਰ 'ਤੇ ਬੰਦ ਰਿਹਾ। ਇਹ ਫੈਸਲਾ ਪ੍ਰਸ਼ਾਸਨਿਕ ਕਾਰਨਾਂ ਅਤੇ ਸਟਾਫ ਦੀ ਉਪਲਬਧਤਾ ਨਾ ਹੋਣ ਕਰਕੇ ਲਿਆ ਗਿਆ ਹੈ, ਜਿਸ ਕਾਰਨ ਸਵੇਰੇ 7 ਵਜੇ ਤੋਂ ਲੈ ਕੇ ਰਾਤ 8 ਵਜੇ ਤੱਕ ਐਮਰਜੈਂਸੀ ਸੇਵਾਵਾਂ ਮੁਹੱਈਆ ਨਹੀਂ ਹੋ ਸਕੀਆ। ਇਸ ਘੋਸ਼ਣਾ ਨੇ ਸਥਾਨਕ ਭਾਈਚਾਰੇ ਵਿੱਚ ਚਿੰਤਾ ਦੀ ਲਹਿਰ ਪੈਦਾ ਕਰ ਦਿੱਤੀ ਹੈ ਕਿਉਂਕਿ ਇਹ ਸਿਹਤ ਸੇਵਾਵਾਂ ਵਿੱਚ ਆ ਰਹੀ ਲਗਾਤਾਰ ਰੁਕਾਵਟ ਦਾ ਇੱਕ ਹੋਰ ਅਹਿਮ ਹਿੱਸਾ ਹੈ ।

ਹੈਰਾਨੀ ਦੀ ਗੱਲ ਇਹ ਹੈ ਕਿ ਇਹ ਮਾਰਚ ਮਹੀਨੇ ਦੌਰਾਨ ਪੰਜਵੀਂ ਵਾਰ ਹੈ ਜਦੋਂ ਇਸ ਹਸਪਤਾਲ ਦੇ ਐਮਰਜੈਂਸੀ ਵਿਭਾਗ ਨੂੰ ਜਿੰਦਰਾ ਲਗਾਉਣਾ ਪਿਆ ਹੈ । ਜੇਕਰ ਇਸ ਸਾਲ ਯਾਨੀ 2026 ਦੇ ਪੂਰੇ ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ, ਤਾਂ ਇਹ ਦਸਵੀਂ ਵਾਰ ਹੈ ਜਦੋਂ 100 ਮੀਲ ਡਿਸਟ੍ਰਿਕਟ ਜਨਰਲ ਹਸਪਤਾਲ ਦੇ ਐਮਰਜੈਂਸੀ ਰੂਮ ਨੂੰ ਬੰਦ ਕਰਨਾ ਪਿਆ ਹੈ । ਇੰਨੀ ਵੱਡੀ ਗਿਣਤੀ ਵਿੱਚ ਸੇਵਾਵਾਂ ਦਾ ਬੰਦ ਹੋਣਾ ਇਲਾਕੇ ਦੇ ਸਿਹਤ ਢਾਂਚੇ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ । ਵਾਰ-ਵਾਰ ਹੋ ਰਹੀਆਂ ਇਹ ਬੰਦੀਆਂ ਦਰਸਾਉਂਦੀਆਂ ਹਨ ਕਿ ਪੇਂਡੂ ਖੇਤਰਾਂ ਵਿੱਚ ਸਿਹਤ ਕਰਮਚਾਰੀਆਂ ਦੀ ਘਾਟ ਇੱਕ ਗੰਭੀਰ ਸਮੱਸਿਆ ਬਣ ਚੁੱਕੀ ਹੈ, ਜਿਸ ਦਾ ਸਿੱਧਾ ਖ਼ਮਿਆਜ਼ਾ ਆਮ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ ।

ਐਮਰਜੈਂਸੀ ਸੇਵਾਵਾਂ ਬੰਦ ਹੋਣ ਦੌਰਾਨ ਮਰੀਜ਼ਾਂ ਨੂੰ ਆ ਰਹੀਆਂ ਦਿੱਕਤਾਂ ਦੇ ਮੱਦੇਨਜ਼ਰ, ਇੰਟੀਰੀਅਰ ਹੈਲਥ ਨੇ ਵਿਕਲਪਿਕ ਪ੍ਰਬੰਧਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ । ਜਿਨ੍ਹਾਂ ਲੋਕਾਂ ਨੂੰ ਅੱਜ ਦੇ ਦਿਨ ਤੁਰੰਤ ਐਮਰਜੈਂਸੀ ਦੇਖਭਾਲ ਦੀ ਲੋੜ ਹੈ, ਉਨ੍ਹਾਂ ਨੂੰ ਵਿਲੀਅਮਜ਼ ਲੇਕ ਸਥਿਤ ਕੈਰੀਬੂ ਮੈਮੋਰੀਅਲ ਹਸਪਤਾਲ ਜਾਣ ਦੀ ਸਲਾਹ ਦਿੱਤੀ ਗਈ ਹੈ । ਹਾਲਾਂਕਿ, ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਦਾ ਲੰਬਾ ਸਫ਼ਰ ਮਰੀਜ਼ਾਂ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦਾ ਹੈ, ਖ਼ਾਸ ਕਰਕੇ ਉਨ੍ਹਾਂ ਹਾਲਤਾਂ ਵਿੱਚ ਜਦੋਂ ਮਰੀਜ਼ ਦੀ ਜਾਨ ਨੂੰ ਖ਼ਤਰਾ ਹੋਵੇ । ਪ੍ਰਸ਼ਾਸਨ ਨੇ ਭਰੋਸਾ ਦਿਵਾਇਆ ਹੈ ਕਿ ਐਮਰਜੈਂਸੀ ਰੂਮ ਨੂੰ ਛੱਡ ਕੇ ਹਸਪਤਾਲ ਦੀਆਂ ਬਾਕੀ ਸਾਰੀਆਂ ਇਨ-ਪੇਸ਼ੈਂਟ (inpatient) ਸੇਵਾਵਾਂ ਆਮ ਵਾਂਗ ਜਾਰੀ ਰਹਿਣਗੀਆਂ, ਜਿਸ ਨਾਲ ਪਹਿਲਾਂ ਤੋਂ ਦਾਖ਼ਲ ਮਰੀਜ਼ਾਂ ਦੇ ਇਲਾਜ ਵਿੱਚ ਕੋਈ ਰੁਕਾਵਟ ਨਹੀਂ ਆਵੇਗੀ ।

ਇੰਟੀਰੀਅਰ ਹੈਲਥ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਾਨਲੇਵਾ ਹਾਲਤਾਂ ਜਿਵੇਂ ਕਿ ਛਾਤੀ ਵਿੱਚ ਦਰਦ, ਸਾਹ ਲੈਣ ਵਿੱਚ ਤਕਲੀਫ਼ ਜਾਂ ਜ਼ਿਆਦਾ ਖ਼ੂਨ ਵਗਣ ਵਰਗੀਆਂ ਸਥਿਤੀਆਂ ਵਿੱਚ ਬਿਨਾਂ ਕਿਸੇ ਦੇਰੀ ਦੇ 911 'ਤੇ ਕਾਲ ਕੀਤੀ ਜਾਵੇ । ਅਜਿਹੀ ਹਾਲਤ ਵਿੱਚ ਪੈਰਾਮੈਡੀਕਲ ਸਟਾਫ ਮਰੀਜ਼ ਨੂੰ ਤੁਰੰਤ ਸਭ ਤੋਂ ਨੇੜਲੀ ਅਤੇ ਢੁਕਵੀਂ ਸਿਹਤ ਸਹੂਲਤ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਏਗਾ । ਜੇਕਰ ਕਿਸੇ ਵਿਅਕਤੀ ਨੂੰ ਇਹ ਸਮਝ ਨਹੀਂ ਆ ਰਹੀ ਕਿ ਉਸ ਦੀ ਸਿਹਤ ਸਥਿਤੀ ਐਮਰਜੈਂਸੀ ਰੂਮ ਜਾਣ ਦੇ ਯੋਗ ਹੈ ਜਾਂ ਨਹੀਂ, ਤਾਂ ਉਹ ਹੈਲਥ-ਲਿੰਕ ਬੀ.ਸੀ. (HealthLink BC) ਦੀ ਹੈਲਪਲਾਈਨ 811 'ਤੇ ਫ਼ੋਨ ਕਰਕੇ ਮਾਹਰ ਨਰਸਾਂ ਜਾਂ ਫਾਰਮਾਸਿਸਟਾਂ ਤੋਂ ਮੁਫ਼ਤ ਸਲਾਹ ਲੈ ਸਕਦਾ ਹੈ ।

ਸਥਾਨਕ ਪੱਧਰ 'ਤੇ ਲੋਕਾਂ ਵਿੱਚ ਵਾਰ-ਵਾਰ ਹੋ ਰਹੀਆਂ ਇਨ੍ਹਾਂ ਬੰਦੀਆਂ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ । ਭਾਈਚਾਰੇ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਐਮਰਜੈਂਸੀ ਸੇਵਾਵਾਂ ਦੀ ਅਣਹੋਂਦ ਕਾਰਨ ਕਿਸੇ ਵੀ ਸਮੇਂ ਕੋਈ ਵੱਡੀ ਦੁਰਘਟਨਾ ਵਾਪਰ ਸਕਦੀ ਹੈ । ਭਾਵੇਂ ਪ੍ਰਸ਼ਾਸਨ ਵੱਲੋਂ ਹਰ ਵਾਰ ਅਸਥਾਈ ਬੰਦੀ ਦਾ ਹਵਾਲਾ ਦਿੱਤਾ ਜਾਂਦਾ ਹੈ, ਪਰ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਦਸ ਵਾਰ ਅਜਿਹੀ ਸਥਿਤੀ ਪੈਦਾ ਹੋਣੀ ਸਰਕਾਰ ਦੀ ਕਾਰਜਪ੍ਰਣਾਲੀ 'ਤੇ ਸਵਾਲ ਖੜ੍ਹੇ ਕਰਦੀ ਹੈ । ਲੋਕਾਂ ਨੇ ਮੰਗ ਕੀਤੀ ਹੈ ਕਿ ਸੂਬਾ ਸਰਕਾਰ ਅਤੇ ਸਿਹਤ ਵਿਭਾਗ ਮਿਲ ਕੇ ਇਸ ਸਮੱਸਿਆ ਦਾ ਸਥਾਈ ਹੱਲ ਲੱਭਣ ਤਾਂ ਜੋ ਆਮ ਲੋਕਾਂ ਨੂੰ ਬਿਨਾਂ ਕਿਸੇ ਡਰ ਅਤੇ ਰੁਕਾਵਟ ਦੇ ਆਪਣੇ ਹੀ ਸ਼ਹਿਰ ਵਿੱਚ ਸਿਹਤ ਸਹੂਲਤਾਂ ਮਿਲਦੀਆਂ ਰਹਿਣ । This report was written by Divroop Kaur as part of the Local Journalism Initiative.

# ਫੈਡਰਲ ਸਰਕਾਰ ਵਲੋਂ ਵਿਦੇਸ਼ ਮੰਤਰਾਲੇ ਵਿੱਚ 1200 ਤੋਂ ਵੱਧ ਅਹੁਦੇ ਖ਼ਤਮ ਕਰਨ ਦੀ ਤਿਆਰੀ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਵਿਦੇਸ਼ ਮੰਤਰਾਲੇ 'ਗਲੋਬਲ ਅਫੇਅਰਜ਼ ਕੈਨੇਡਾ' (GAC) ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦੀ ਯੂਨੀਅਨ ਨੇ ਚੇਤਾਵਨੀ ਦਿੱਤੀ ਹੈ ਕਿ ਸਰਕਾਰ ਦੇਸ਼ ਦੇ ਸਭ ਤੋਂ ਵੱਧ ਹੁਨਰਮੰਦ ਡਿਪਲੋਮੈਟਾਂ ਦੀ ਛਾਂਟੀ ਕਰਨ ਜਾ ਰਹੀ ਹੈ । ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਪਿਛਲੇ ਸਾਲ ਐਲਾਨੀ ਗਈ ਬਜਟ ਕਟੌਤੀ ਦੀ ਨੀਤੀ ਨੂੰ ਲਾਗੂ ਕਰਨ ਲਈ ਵਿਭਾਗ ਨੇ ਆਪਣੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ । 13 ਮਾਰਚ ਨੂੰ ਪ੍ਰਕਾਸ਼ਿਤ ਕੀਤੀ ਗਈ ਤਾਜ਼ਾ ਵਿਭਾਗੀ ਯੋਜਨਾ ਅਨੁਸਾਰ, ਮਾਰਚ 2029 ਤੱਕ ਲਗਭਗ 1,240 ਫੁੱਲ-ਟਾਈਮ ਨੌਕਰੀਆਂ ਖ਼ਤਮ ਕੀਤੀਆਂ ਜਾਣਗੀਆਂ, ਜੋ ਕਿ ਵਿਭਾਗ ਦੇ ਕੁੱਲ ਸਟਾਫ਼ ਦਾ ਲਗਭਗ 9.4 ਫੀਸਦੀ ਬਣਦਾ ਹੈ । ਇਸ ਫੈਸਲੇ ਨੇ ਸਾਬਕਾ ਰਾਜਦੂਤਾਂ ਅਤੇ ਅੰਤਰਰਾਸ਼ਟਰੀ ਮਾਹਰਾਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਵਿਸ਼ਵ ਪੱਧਰ 'ਤੇ ਚੱਲ ਰਹੀਆਂ ਭੂ-ਸਿਆਸੀ ਚੁਣੌਤੀਆਂ ਦੇ ਸਮੇਂ ਅਜਿਹੀਆਂ ਕਟੌਤੀਆਂ ਕੈਨੇਡਾ ਦੇ ਪ੍ਰਭਾਵ ਨੂੰ ਘਟਾ ਸਕਦੀਆਂ ਹਨ।

ਯੂਨੀਅਨ ਦੀ ਪ੍ਰਧਾਨ ਪਾਮ ਇਸਫੀਲਡ ਅਨੁਸਾਰ, ਇਹ ਛਾਂਟੀਆਂ ਵਿਦੇਸ਼ਾਂ ਵਿੱਚ ਸਥਿਤ ਕੈਨੇਡੀਅਨ ਮਿਸ਼ਨਾਂ ਦੀ ਕਾਰਜਕੁਸ਼ਲਤਾ 'ਤੇ ਬੁਰਾ ਅਸਰ ਪਾਉਣਗੀਆਂ । ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਪ੍ਰਕਿਰਿਆ ਨੂੰ ਸਹੀ ਤਰੀਕੇ ਨਾਲ ਨਹੀਂ ਵਿਚਾਰਿਆ । ਇਸ ਕਟੌਤੀ ਦੇ ਤਹਿਤ ਵਿਦੇਸ਼ ਸੇਵਾ ਅਧਿਕਾਰੀਆਂ ਦੇ ਇੱਕ ਵਿਸ਼ੇਸ਼ ਗ੍ਰੇਡ, ਜਿਸ ਨੂੰ FS-04 ਕਿਹਾ ਜਾਂਦਾ ਹੈ, ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਜਾ ਰਿਹਾ ਹੈ । ਇਸ ਸ਼੍ਰੇਣੀ ਵਿੱਚ ਉਹ ਮਾਹਰ ਸ਼ਾਮਲ ਹੁੰਦੇ ਹਨ ਜਿਨ੍ਹਾਂ



ਕੋਲ ਪਰਮਾਣੂ ਊਰਜਾ ਜਾਂ ਖੇਤਰੀ ਸੁਰੱਖਿਆ ਵਰਗੇ ਵਿਸ਼ਿਆਂ ਵਿੱਚ ਡੂੰਘੀ ਮੁਹਾਰਤ ਹੁੰਦੀ ਹੈ । ਭਾਵੇਂ ਕੁਝ ਅਹੁਦਿਆਂ ਨੂੰ ਦੂਜੇ ਰੈਂਕਾਂ ਵਿੱਚ ਬਦਲ ਦਿੱਤਾ ਜਾਵੇਗਾ, ਪਰ 34 ਅਹਿਮ ਅਹੁਦੇ ਸਿੱਧੇ ਤੌਰ 'ਤੇ ਖ਼ਤਮ ਕੀਤੇ ਜਾ ਰਹੇ ਹਨ । ਇਸਫੀਲਡ ਨੇ ਚਿੰਤਾ ਜ਼ਾਹਿਰ ਕੀਤੀ ਕਿ ਕੈਨੇਡਾ ਦੀ ਵਿਦੇਸ਼ ਨੀਤੀ ਤਾਂ ਬਹੁਤ ਅਭਿਲਾਸ਼ੀ ਹੈ, ਪਰ ਸਾਡੇ ਕੋਲ ਉਸ ਨੂੰ ਲਾਗੂ ਕਰਨ ਲਈ ਲੋੜੀਂਦੇ ਮਾਹਰ ਅਤੇ ਸਾਧਨ ਨਹੀਂ ਬਚਣਗੇ।

ਡਿਪਲੋਮੈਟਾਂ ਨੂੰ ਨਾ ਸਿਰਫ਼ ਨੌਕਰੀਆਂ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਉਨ੍ਹਾਂ ਦੀਆਂ ਸਹੂਲਤਾਂ ਵਿੱਚ ਵੀ ਵੱਡੀ ਘਾਟ ਕੀਤੀ ਗਈ ਹੈ । ਨਵੇਂ ਨਿਯਮਾਂ ਅਨੁਸਾਰ, ਇੱਕ ਮਹਾਂਦੀਪ ਤੋਂ ਦੂਜੇ ਮਹਾਂਦੀਪ ਵਿੱਚ ਤਾਇਨਾਤ ਹੋਣ ਵਾਲੇ ਰਾਜਦੂਤਾਂ ਨੂੰ ਆਪਣੇ ਨਿੱਜੀ ਸਾਮਾਨ ਲਈ ਮਹੀਨਿਆਂ ਤੱਕ ਉਡੀਕ ਕਰਨੀ ਪਵੇਗੀ । ਪਹਿਲਾਂ ਛੋਟੀਆਂ ਹਵਾਈ ਸਪਲਾਈਆਂ ਨੂੰ ਮਨਜ਼ੂਰੀ ਦਿੱਤੀ ਜਾਂਦੀ ਸੀ, ਪਰ ਹੁਣ ਅਧਿਕਾਰੀਆਂ ਨੂੰ ਸਿਰਫ਼ ਤਿੰਨ ਵਾਧੂ ਸੂਟਕੇਸਾਂ ਦੇ ਖ਼ਰਚੇ ਦੀ ਅਦਾਇਗੀ ਕੀਤੀ ਜਾਵੇਗੀ । ਇਸ ਦਾ ਮਤਲਬ ਹੈ ਕਿ ਜੇਕਰ ਕਿਸੇ ਡਿਪਲੋਮੈਟ ਦਾ ਸਾਮਾਨ ਉਹਨਾਂ ਤਿੰਨ ਸੂਟਕੇਸਾਂ ਵਿੱਚ ਨਹੀਂ ਆਉਂਦਾ, ਤਾਂ ਉਸ ਨੂੰ ਆਪਣੇ ਘਰੇਲੂ ਸਾਮਾਨ ਲਈ ਛੇ ਮਹੀਨੇ ਜਾਂ ਇਸ ਤੋਂ ਵੱਧ ਸਮਾਂ ਉਡੀਕ ਕਰਨੀ ਪਵੇਗੀ । ਯੂਨੀਅਨ ਅਨੁਸਾਰ ਅਜਿਹੇ ਫੈਸਲੇ ਪੇਸ਼ੇਵਰ ਵਿਦੇਸ਼ ਸੇਵਾ ਦੇ ਮਿਆਰ ਨੂੰ ਨੀਵਾਂ ਦਿਖਾਉਂਦੇ ਹਨ।

ਵਿੱਤੀ ਪੱਖ ਤੋਂ ਦੇਖਿਆ ਜਾਵੇ ਤਾਂ ਮੰਤਰਾਲੇ ਨੇ ਅਗਲੇ ਮਹੀਨੇ ਤੋਂ ਸ਼ੁਰੂ ਹੋਣ ਵਾਲੇ ਵਿੱਤੀ ਸਾਲ ਵਿੱਚ ਅੱਧਾ ਬਿਲੀਅਨ ਡਾਲਰ ਬਚਾਉਣ ਦਾ ਟੀਚਾ ਰੱਖਿਆ ਹੈ, ਜੋ ਕਿ 2029 ਤੱਕ ਵਧ ਕੇ 1.12 ਬਿਲੀਅਨ ਡਾਲਰ ਤੱਕ ਪਹੁੰਚ ਜਾਵੇਗਾ । ਇਹ ਬਚਤ ਵਿਦੇਸ਼ਾਂ ਵਿੱਚ ਸਥਿਤ ਜਾਇਦਾਦਾਂ ਨੂੰ ਵੇਚ ਕੇ, ਵਪਾਰਕ ਸੇਵਾਵਾਂ ਨੂੰ ਸੁਚਾਰੂ ਬਣਾ ਕੇ ਅਤੇ ਸੁਰੱਖਿਆ ਪ੍ਰਬੰਧਾਂ ਵਿੱਚ ਤਕਨੀਕੀ ਸੁਧਾਰ ਕਰਕੇ ਹਾਸਲ ਕੀਤੀ ਜਾਵੇਗੀ । ਭਾਵੇਂ ਮਾਹਰਾਂ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਹੈ ਕਿ ਸਭ ਤੋਂ ਹੇਠਲੇ ਦਰਜੇ ਦੇ ਅਧਿਕਾਰੀਆਂ ਦੀ ਛਾਂਟੀ ਨਹੀਂ ਕੀਤੀ ਜਾ ਰਹੀ, ਪਰ ਤਜਰਬੇਕਾਰ ਅਫਸਰਾਂ ਦੀ ਘਾਟ ਇੱਕ ਵੱਡਾ ਖ਼ਲਾਅ ਪੈਦਾ ਕਰ ਦੇਵੇਗੀ । ਇਹ ਸਾਰਾ ਘਟਨਾਕ੍ਰਮ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਉਸ ਚੋਣ ਵਾਅਦੇ ਦੇ ਬਿਲਕੁਲ ਉਲਟ ਹੈ ਜਿਸ ਵਿੱਚ ਉਨ੍ਹਾਂ ਨੇ ਵਿਦੇਸ਼ਾਂ ਵਿੱਚ ਵਧੇਰੇ ਡਿਪਲੋਮੈਟ ਭੇਜਣ ਅਤੇ ਕੈਨੇਡਾ ਦੀ ਵਿਸ਼ਵ ਲੀਡਰਸ਼ਿਪ ਨੂੰ ਬਹਾਲ ਕਰਨ ਦੀ ਗੱਲ ਕਹੀ ਸੀ । This report was written by Divroop Kaur as part of the Local Journalism Initiative.

ਸਫ਼ਾ 1 ਦਾ ਬਾਕੀ

ਮਹੀਨਿਆਂ ਦਾ ਸਮਾਂ ਲੱਗਦਾ ਹੈ । ਇਸ ਦਾ ਮਤਲਬ ਹੈ ਕਿ ਜੇਕਰ ਜੰਗ ਅੱਜ ਖਤਮ ਵੀ ਹੋ ਜਾਂਦੀ ਹੈ, ਤਾਂ ਵੀ ਮਹਿੰਗਾਈ ਤੋਂ ਤੁਰੰਤ ਰਾਹਤ ਮਿਲਣੀ ਅਸੰਭਵ ਹੈ । ਵਪਾਰਕ ਜਹਾਜ਼ਾਂ ਦੀ ਬੀਮਾ ਲਾਗਤ ਵਿੱਚ ਹੋਇਆ ਵਾਧਾ ਅਤੇ ਸੁਰੱਖਿਆ ਦੇ ਮੱਦੇਨਜ਼ਰ ਚੁੱਕੇ ਗਏ ਸਖ਼ਤ ਕਦਮਾਂ ਨੇ ਕੌਮਾਂਤਰੀ ਵਪਾਰ ਨੂੰ ਬਹੁਤ ਗੁੰਝਲਦਾਰ ਬਣਾ ਦਿੱਤਾ ਹੈ।

ਸਿਆਸੀ ਮਾਹਰਾਂ ਅਨੁਸਾਰ, ਅਮਰੀਕਾ ਵੱਲੋਂ ਮੱਧ ਪੂਰਬ ਵਿੱਚ ਵਾਧੂ ਸੈਨਿਕਾਂ ਦੀ ਤਾਇਨਾਤੀ ਅਤੇ ਇਰਾਨ ਵੱਲੋਂ ਜੰਗਬੰਦੀ ਦੇ ਪ੍ਰਸਤਾਵਾਂ ਨੂੰ ਰੱਦ ਕਰਨ ਨਾਲ ਤਣਾਅ ਹੋਰ ਵਧਣ ਦੇ ਸੰਕੇਤ ਮਿਲ ਰਹੇ ਹਨ । ਇਸ ਅਸਥਿਰਤਾ ਨੇ ਨਿਵੇਸ਼ਕਾਂ ਦੇ ਭਰੋਸੇ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿਸ ਕਾਰਨ ਵਿਸ਼ਵ ਸ਼ੇਅਰ ਬਾਜ਼ਾਰਾਂ ਵਿੱਚ ਵੀ ਭਾਰੀ ਗਿਰਾਵਟ ਦੇਖੀ ਜਾ ਰਹੀ ਹੈ । 80 ਸਾਲ ਪਹਿਲਾਂ ਦੂਜੀ ਵਿਸ਼ਵ ਜੰਗ ਦੌਰਾਨ ਪੈਦਾ ਹੋਏ ਹਾਲਾਤਾਂ ਵਾਂਗ ਹੀ ਅੱਜ ਫਿਰ ਦੁਨੀਆ ਇੱਕ ਅਜਿਹੇ ਆਰਥਿਕ ਮੋੜ 'ਤੇ ਖੜ੍ਹੀ ਹੈ ਜਿੱਥੇ ਵਪਾਰਕ ਰਿਸ਼ਤੇ ਅਤੇ ਸਪਲਾਈ ਚੇਨ ਪੂਰੀ ਤਰ੍ਹਾਂ ਬਦਲ ਸਕਦੇ ਹਨ । ਜੇਕਰ ਇਸ ਸੰਕਟ ਦਾ ਜਲਦੀ ਕੂਟਨੀਤਕ ਹੱਲ ਨਾ ਕੱਢਿਆ ਗਿਆ, ਤਾਂ ਵਿਸ਼ਵ ਪੱਧਰ 'ਤੇ ਆਰਥਿਕ ਮੰਦੀ ਦਾ ਖ਼ਤਰਾ ਹੋਰ ਗੰਭੀਰ ਹੋ ਸਕਦਾ ਹੈ, ਜਿਸ ਦਾ ਸਭ ਤੋਂ ਵੱਡਾ ਖਮਿਆਜ਼ਾ ਆਮ ਜਨਤਾ ਨੂੰ ਭੁਗਤਣਾ ਪਵੇਗਾ ।

ਕੈਨੇਡੀਅਨ ਤੇਲ ਬਾਜ਼ਾਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਚਿੰਤਾਜਨਕ ਹਨ । ਭਾਵੇਂ ਕੈਨੇਡਾ ਖੁਦ ਤੇਲ ਦਾ ਇੱਕ ਵੱਡਾ ਉਤਪਾਦਕ ਹੈ, ਪਰ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਧਣ ਕਾਰਨ ਇੱਥੋਂ ਦੇ ਗੈਸ ਸਟੇਸ਼ਨਾਂ 'ਤੇ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ । ਬ੍ਰਿਟਿਸ਼ ਕੋਲੰਬੀਆ ਦੇ ਲੋਅਰ ਮੇਨਲੈਂਡ ਖੇਤਰ ਵਿੱਚ ਗੈਸ ਦੀ ਕੀਮਤ 2.14 ਡਾਲਰ ਪ੍ਰਤੀ ਲੀਟਰ ਤੋਂ ਪਾਰ ਹੋ ਗਈ ਹੈ । ਆਰਥਿਕ ਵਿਸ਼ਲੇਸ਼ਕਾਂ ਅਨੁਸਾਰ, ਜੇਕਰ ਵਿਸ਼ਵ ਬਾਜ਼ਾਰ ਵਿੱਚ ਤੇਲ 100 ਅਮਰੀਕੀ ਡਾਲਰ ਪ੍ਰਤੀ ਬੈਰਲ ਦੇ ਆਸ-ਪਾਸ ਟਿਕਿਆ ਰਹਿੰਦਾ ਹੈ, ਤਾਂ ਕੈਨੇਡੀਅਨ ਖਪਤਕਾਰਾਂ ਨੂੰ ਬਾਲਣ ਅਤੇ ਊਰਜਾ ਲਈ ਸਾਲਾਨਾ ਹਜ਼ਾਰਾਂ ਡਾਲਰ ਵਾਧੂ ਖਰਚ ਕਰਨੇ ਪੈਣਗੇ । ਇਸ ਵਾਧੇ ਨੇ ਸਥਾਨਕ ਕਾਰੋਬਾਰਾਂ, ਖ਼ਾਸ ਕਰਕੇ ਟ੍ਰਾਂਸਪੋਰਟ ਅਤੇ ਡਿਲੀਵਰੀ ਸੇਵਾਵਾਂ ਲਈ ਆਪਣਾ ਸੰਚਾਲਨ ਜਾਰੀ ਰੱਖਣਾ ਬੇਹੱਦ ਮੁਸ਼ਕਿਲ ਬਣਾ ਦਿੱਤਾ ਹੈ ।

ਸਪਲਾਈ ਚੇਨ ਵਿੱਚ ਆਏ ਇਸ ਵੱਡੇ ਵਿਘਨ ਕਾਰਨ ਕੈਨੇਡਾ ਵਿੱਚ ਚੀਜ਼ਾਂ ਦੀ ਉਪਲਬਧਤਾ 'ਤੇ ਵੀ ਸਵਾਲ ਖੜ੍ਹੇ ਹੋ ਗਏ ਹਨ । ਸਮੁੰਦਰੀ ਮਾਰਗਾਂ 'ਤੇ ਵਧੇ ਖ਼ਤਰੇ ਕਾਰਨ ਮਾਲ-ਵਾਹਕ ਜਹਾਜ਼ਾਂ ਦੀ ਬੀਮਾ ਲਾਗਤ ਅਤੇ ਕਿਰਾਏ ਵਿੱਚ ਭਾਰੀ ਵਾਧਾ ਹੋਇਆ ਹੈ । ਇਸ ਦਾ ਸਿੱਧਾ ਅਸਰ ਕੈਨੇਡਾ ਦੀਆਂ ਬੰਦਰਗਾਹਾਂ 'ਤੇ ਪਹੁੰਚਣ ਵਾਲੇ ਇਲੈਕਟ੍ਰਾਨਿਕ ਸਮਾਨ, ਮਸ਼ੀਨਰੀ ਅਤੇ ਉਦਯੋਗਿਕ ਕੱਚੇ ਮਾਲ 'ਤੇ ਪੈ ਰਿਹਾ ਹੈ । ਕਈ ਮੈਨੂਫੈਕਚਰਿੰਗ ਯੂਨਿਟਾਂ ਨੂੰ ਪੁਰਜ਼ਿਆਂ ਦੀ ਘਾਟ ਕਾਰਨ ਉਤਪਾਦਨ ਵਿੱਚ ਦੇਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਕੈਨੇਡਾ ਵਿੱਚ ਸਿੱਖ ਵਿਰਾਸਤੀ ਮਹੀਨਾ : ਵਿਰਾਸਤ, ਕਲਾ ਅਤੇ ਸੇਵਾ ਦੇ ਰੰਗਾਂ ਵਿੱਚ ਰੰਗਿਆ ਨਾਲ ਮਨਾਇਆ ਜਾਵੇਗਾ




ਸਰੀ, (ਦਿਵਰੂਪ ਕੌਰ): ਕੈਨੇਡਾ ਵਿੱਚ ਵਸਦੇ ਸਿੱਖ ਭਾਈਚਾਰੇ ਲਈ ਅਪ੍ਰੈਲ ਦਾ ਮਹੀਨਾ ਬੇਹੱਦ ਖ਼ਾਸ ਅਹਿਮੀਅਤ ਰੱਖਦਾ ਹੈ। ਇਸ ਸਾਲ ਸਿੱਖ ਵਿਰਾਸਤ ਮਹੀਨੇ ਦੀ ਸ਼ੁਰੂਆਤ ਇੱਕ ਬੇਹੱਦ ਪ੍ਰਭਾਵਸ਼ਾਲੀ ਅਤੇ ਇਤਿਹਾਸਕ ਪ੍ਰਦਰਸ਼ਨੀ ਨਾਲ ਹੋਣ ਜਾ ਰਹੀ ਹੈ, ਜਿਸ ਦਾ ਵਿਸ਼ਾ 'ਬਾਗ਼ੀ ਜਾਂ ਬਾਦਸ਼ਾਹ' ਰੱਖਿਆ ਗਿਆ ਹੈ। ਇਹ ਵਿਸ਼ੇਸ਼ ਪ੍ਰਦਰਸ਼ਨੀ ਬ੍ਰੈਂਪਟਨ ਸਥਿਤ ਪੀਲ ਆਰਟ ਗੈਲਰੀ ਮਿਊਜ਼ੀਅਮ ਐਂਡ ਆਰਕਾਈਵਜ਼ (PAMA) ਵਿਖੇ ਪੂਰੇ ਅਪ੍ਰੈਲ ਮਹੀਨੇ ਦੌਰਾਨ ਜਾਰੀ ਰਹੇਗੀ। ਇਸ ਪ੍ਰਦਰਸ਼ਨੀ ਦਾ ਮੁੱਖ ਮਕਸਦ ਸਿੱਖ ਇਤਿਹਾਸ ਦੇ ਉਨ੍ਹਾਂ ਅਹਿਮ ਪੜਾਵਾਂ ਨੂੰ ਉਜਾਗਰ ਕਰਨਾ ਹੈ, ਜਦੋਂ ਸਿੱਖ ਕੌਮ ਨੇ ਜ਼ੁਲਮ ਵਿਰੁੱਧ ਬਾਗ਼ੀਆਂ ਵਜੋਂ ਵੀ ਅਤੇ ਇਕ ਨਿਆਂਪੂਰਣ ਸ਼ਾਸਨ ਦੇ ਬਾਦਸ਼ਾਹਾਂ ਵਜੋਂ ਵੀ ਆਪਣੀ ਪਛਾਣ ਬਣਾਈ ਰੱਖੀ। ਇਹ ਸਾਰਾ ਸੰਕਲਪ 'ਹਲੇਮੀ ਰਾਜ' ਯਾਨੀ ਕਿ ਅਜਿਹਾ ਸ਼ਾਸਨ ਜਿੱਥੇ ਹਰ ਕਿਸੇ ਨੂੰ ਇਨਸਾਫ਼ ਅਤੇ ਬਰਾਬਰੀ ਮਿਲੇ, ਦੇ ਸੁਪਨੇ ਨੂੰ ਸਮਰਪਿਤ ਹੈ। ਪ੍ਰਬੰਧਕਾਂ ਵੱਲੋਂ ਇਸ ਪ੍ਰਦਰਸ਼ਨੀ ਵਿੱਚ ਦਾਖ਼ਲਾ ਬਿਲਕੁਲ ਮੁਫ਼ਤ ਰੱਖਿਆ ਗਿਆ ਹੈ ਤਾਂ ਜੋ ਵੱਧ ਤੋਂ ਵੱਧ ਲੋਕ ਸਿੱਖ ਇਤਿਹਾਸ ਦੀ ਇਸ ਅਮੀਰ ਵਿਰਾਸਤ ਤੋਂ ਜਾਣੂ ਹੋ ਸਕਣ।

ਸਿੱਖ ਵਿਰਾਸਤੀ ਮਹੀਨੇ ਨੂੰ ਅਧਿਕਾਰਤ ਮਾਨਤਾ ਦੇਣ ਵਿੱਚ ਕੈਨੇਡਾ ਦੁਨੀਆ ਭਰ ਵਿੱਚ ਮੋਹਰੀ ਰਿਹਾ ਹੈ। ਇਤਿਹਾਸਕ ਪੱਖ ਤੋਂ ਦੇਖਿਆ ਜਾਵੇ ਤਾਂ ਕੈਨੇਡਾ ਦੁਨੀਆ ਦਾ ਪਹਿਲਾ ਅਜਿਹਾ ਦੇਸ਼ ਬਣਿਆ ਜਿਸ ਨੇ ਅਪ੍ਰੈਲ ਦੇ ਮਹੀਨੇ ਨੂੰ ਸੰਸਦੀ ਕਾਨੂੰਨ ਰਾਹੀਂ ਸਿੱਖ ਵਿਰਾਸਤ ਮਹੀਨੇ ਵਜੋਂ ਪ੍ਰਵਾਨਗੀ ਦਿੱਤੀ। ਇਸ ਸਬੰਧੀ ਓਂਟਾਰੀਓ ਸੂਬੇ ਨੇ ਸਾਲ 2013 ਵਿੱਚ ਪਹਿਲਕਦਮੀ ਕੀਤੀ ਸੀ, ਜਿਸ ਤੋਂ ਬਾਅਦ ਸਾਲ 2017 ਵਿੱਚ ਬ੍ਰਿਟਿਸ਼ ਕੋਲੰਬੀਆ ਨੇ ਇਸ ਨੂੰ ਮਾਨਤਾ ਦਿੱਤੀ। ਅੰਤ ਵਿੱਚ, 30 ਅਪ੍ਰੈਲ 2019 ਨੂੰ ਕੈਨੇਡਾ ਦੀ ਫੈਡਰਲ ਸਰਕਾਰ ਨੇ ਸੈਨੇਟ ਵਿੱਚ ਸਰਬਸੰਮਤੀ ਨਾਲ ਇਸ ਨੂੰ ਪੂਰੇ ਮੁਲਕ ਵਿੱਚ ਮਨਾਉਣ ਦਾ ਫੈਸਲਾ ਕੀਤਾ। ਇਹ ਮਾਨਤਾ ਕੈਨੇਡੀਅਨ ਸਮਾਜ ਵਿੱਚ ਸਿੱਖਾਂ ਦੇ ਡੂੰਘੇ ਪ੍ਰਭਾਵ ਅਤੇ ਉਨ੍ਹਾਂ ਦੀ ਮਿਹਨਤ ਦਾ ਇੱਕ ਵੱਡਾ ਸਨਮਾਨ ਹੈ।

ਵਿਸਾਖੀ ਦੇ ਜਸ਼ਨ ਇਸ ਮਹੀਨੇ ਦਾ ਸਭ ਤੋਂ ਅਹਿਮ ਹਿੱਸਾ ਹੁੰਦੇ ਹਨ। ਅਪ੍ਰੈਲ ਦਾ ਮਹੀਨਾ ਹਰ ਸਿੱਖ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 13 ਅਪ੍ਰੈਲ 1699 ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਕੀਤੀ ਗਈ ਖ਼ਾਲਸਾ ਪੰਥ ਦੀ ਸਾਜਨਾ ਦੀ ਯਾਦ ਦਿਵਾਉਂਦਾ ਹੈ। ਇਸ ਪਵਿੱਤਰ ਦਿਹਾੜੇ ਦੀ ਖ਼ੁਸ਼ੀ ਵਿੱਚ ਸਰੀ ਅਤੇ ਬ੍ਰੈਂਪਟਨ ਵਰਗੇ ਸ਼ਹਿਰਾਂ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਏ ਜਾਂਦੇ ਹਨ, ਜਿੱਥੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਮੂਲੀਅਤ ਕਰਦੀਆਂ ਹਨ। ਇਨ੍ਹਾਂ ਜਸ਼ਨਾਂ ਦੌਰਾਨ ਗੁਰਦੁਆਰਾ ਸਾਹਿਬਾਨ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਸਾਰਿਆਂ ਲਈ ਮੁਫ਼ਤ ਲੰਗਰ ਵਰਤਾਇਆ ਜਾਂਦਾ ਹੈ, ਜੋ ਕਿ ਸਿੱਖ ਧਰਮ ਦੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਦਰਸਾਉਂਦਾ ਹੈ।

ਇਸ ਵਿਰਾਸਤੀ ਮਹੀਨੇ ਦਾ ਅਸਲ ਮਹੱਤਵ ਕੈਨੇਡਾ ਦੀ ਤਰੱਕੀ ਵਿੱਚ ਸਿੱਖਾਂ ਦੇ ਯੋਗਦਾਨ ਨੂੰ ਸਲਾਮ ਕਰਨਾ ਹੈ। ਅੱਜ ਸਿੱਖ ਭਾਈਚਾਰਾ ਕੈਨੇਡਾ ਦੀ ਸਿਆਸਤ, ਕਾਰੋਬਾਰੀ ਜਗਤ, ਕਲਾ, ਸਿਹਤ ਸੇਵਾਵਾਂ ਅਤੇ ਸਿੱਖਿਆ ਵਰਗੇ ਹਰ ਖੇਤਰ ਵਿੱਚ ਆਪਣੀ ਧਾਂਕ ਜਮਾ ਚੁੱਕਾ ਹੈ। ਸਿੱਖ ਵਿਰਾਸਤ ਮਹੀਨਾ ਇਨ੍ਹਾਂ ਅਣਗਿਣਤ ਪ੍ਰਾਪਤੀਆਂ ਨੂੰ ਯਾਦ ਕਰਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਦਾ ਇੱਕ ਵਧੀਆ ਜ਼ਰੀਆ ਹੈ। ਇਹ ਸਾਰਾ ਉਤਸਵ ਸੇਵਾ ਅਤੇ ਸਿਮਰਨ ਦੀ ਉਸ ਪਵਿੱਤਰ ਭਾਵਨਾ ਨਾਲ ਮਨਾਇਆ ਜਾਂਦਾ ਹੈ, ਜੋ ਸਿੱਖ ਜੀਵਨ ਦਾ ਅਟੁੱਟ ਹਿੱਸਾ ਹੈ। ਇਸ ਤਰ੍ਹਾਂ, ਅਪ੍ਰੈਲ ਦਾ ਮਹੀਨਾ ਕੈਨੇਡਾ ਵਿੱਚ ਸਿਰਫ਼ ਇਕ ਸੱਭਿਆਚਾਰਕ ਉਤਸਵ ਨਹੀਂ, ਸਗੋਂ ਸਿੱਖੀ ਦੀ ਸ਼ਾਨ ਅਤੇ ਕੈਨੇਡੀਅਨ ਬਹੁ-ਸੱਭਿਆਚਾਰਵਾਦ ਦੀ ਇੱਕ ਮਜ਼ਬੂਤ ਮਿਸਾਲ ਬਣ ਗਿਆ ਹੈ। This report was written by Divroop Kaur as part of the Local Journalism Initiative.




NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ

ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES



Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।



BHUPINDER OBEROI
ਸਾਡਾ ਐਡਰੈੱਸ ਨੋਟ ਕਰੋ
604-864-8803
#3 32700 George Ferguson Way
Abbotsford, B.C. V1T 4V6
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Surrey (Kwantlen Square)
Unit # 105, 12568-72 Ave, Surrey
FREE SIGHT TEST

# ਬੀ.ਸੀ. ਸਰਕਾਰ ਵੱਲੋਂ 'ਡ੍ਰਿਪਾ' (DRIPA) ਕਾਨੂੰਨ ਵਿੱਚ ਸੋਧਾਂ ਦੀ ਤਿਆਰੀ ਪਰ ਵੇਰਵੇ ਰੱਖੇ ਗੁਪਤ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੀ ਪ੍ਰੀਮੀਅਰ ਡੇਵਿਡ ਈਬੀ ਦੀ ਅਗਵਾਈ ਵਾਲੀ ਸਰਕਾਰ ਨੇ ਆਦਿਵਾਸੀ ਲੋਕਾਂ ਦੇ ਅਧਿਕਾਰਾਂ ਨਾਲ ਸਬੰਧਤ 'ਡ੍ਰਿਪਾ' (DRIPA) ਕਾਨੂੰਨ ਵਿੱਚ ਮਹੱਤਵਪੂਰਨ ਸੋਧਾਂ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਪ੍ਰੀਮੀਅਰ ਦਫ਼ਤਰ ਨੇ ਪੁਸ਼ਟੀ ਕੀਤੀ ਹੈ ਕਿ ਇਨ੍ਹਾਂ ਪ੍ਰਸਤਾਵਿਤ ਸੋਧਾਂ ਬਾਰੇ ਫਸਟ ਨੇਸ਼ਨਜ਼ ਦੇ ਆਗੂਆਂ ਨਾਲ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ, ਹਾਲਾਂਕਿ ਸਰਕਾਰ ਨੇ ਅਜੇ ਤੱਕ ਇਨ੍ਹਾਂ ਤਬਦੀਲੀਆਂ ਦੇ ਵੇਰਵਿਆਂ ਨੂੰ ਜਨਤਕ ਨਹੀਂ ਕੀਤਾ ਹੈ। ਇਸ ਸਬੰਧੀ ਬੁੱਧਵਾਰ, 25 ਮਾਰਚ ਨੂੰ ਫਸਟ ਨੇਸ਼ਨਜ਼ ਦੇ ਆਗੂਆਂ ਨੂੰ ਇੱਕ ਤਕਨੀਕੀ ਬ੍ਰੀਫਿੰਗ ਦਿੱਤੀ ਜਾਣੀ ਤੈਅ ਹੋਈ ਹੈ। ਜ਼ਿਕਰਯੋਗ ਹੈ ਕਿ ਸਾਲ 2019 ਵਿੱਚ ਪਾਸ ਕੀਤਾ ਗਿਆ ਇਹ ਕਾਨੂੰਨ ਸੂਬੇ ਨੂੰ ਸੰਯੁਕਤ ਰਾਸ਼ਟਰ ਦੇ ਆਦਿਵਾਸੀ ਅਧਿਕਾਰਾਂ ਦੇ ਐਲਾਨਨਾਮੇ (UNDRIP) ਦੇ ਅਨੁਸਾਰ ਆਪਣੇ ਕਾਨੂੰਨਾਂ ਨੂੰ ਇਕਸਾਰ ਕਰਨ ਲਈ ਵਚਨਬੱਧ ਕਰਦਾ ਹੈ।

ਪ੍ਰੀਮੀਅਰ ਡੇਵਿਡ ਈਬੀ, ਜਿਨ੍ਹਾਂ ਨੇ ਅਟਾਰਨੀ ਜਨਰਲ ਵਜੋਂ ਇਸ ਕਾਨੂੰਨ ਨੂੰ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਹੁਣ ਬੀ.ਸੀ. ਸੁਪਰੀਮ ਕੋਰਟ ਦੇ ਇੱਕ ਤਾਜ਼ਾ ਫੈਸਲੇ ਤੋਂ ਬਾਅਦ ਇਸ ਵਿੱਚ ਸੋਧਾਂ ਕਰਨ ਦੀ ਲੋੜ ਮਹਿਸੂਸ ਕਰ ਰਹੇ ਹਨ। ਅਦਾਲਤ ਨੇ 'ਮਿਨਰਲ ਟੈਨਿਊਰ ਐਕਟ' ਦੇ ਕੁਝ ਹਿੱਸਿਆਂ ਨੂੰ ਇਸ ਆਧਾਰ 'ਤੇ ਰੱਦ ਕਰ ਦਿੱਤਾ ਸੀ ਕਿ ਉਹ ਯੂ.ਐੱਨ. ਦੇ ਐਲਾਨਨਾਮੇ ਨਾਲ ਮੇਲ ਨਹੀਂ ਖਾਂਦੇ ਸਨ। ਇਸ ਫੈਸਲੇ ਤੋਂ ਬਾਅਦ ਸਰਕਾਰ ਵਿੱਚ ਇਹ ਡਰ ਪੈਦਾ ਹੋ ਗਿਆ ਹੈ ਕਿ ਅਦਾਲਤਾਂ ਆਉਣ ਵਾਲੇ ਸਮੇਂ ਵਿੱਚ ਕਈ ਹੋਰ ਮੌਜੂਦਾ ਕਾਨੂੰਨਾਂ ਨੂੰ ਵੀ ਅਵੈਧ ਘੋਸ਼ਿਤ ਕਰ ਸਕਦੀਆਂ ਹਨ। ਪ੍ਰੀਮੀਅਰ ਈਬੀ ਦਾ ਮੰਨਣਾ ਹੈ ਕਿ ਕਾਨੂੰਨਾਂ ਵਿੱਚ ਸੁਧਾਰ ਕਰਨ ਦੀ ਜ਼ਿੰਮੇਵਾਰੀ ਅਦਾਲਤਾਂ ਦੀ ਬਜਾਏ ਸਰਕਾਰ




ਦੀ ਹੋਣੀ ਚਾਹੀਦੀ ਹੈ, ਤਾਂ ਜੋ ਪ੍ਰਬੰਧਕੀ ਅਤੇ ਕਾਨੂੰਨੀ ਸਥਿਰਤਾ ਬਣੀ ਰਹੇ।

ਮੰਗਲਵਾਰ ਸਵੇਰੇ ਸਾਹਮਣੇ ਆਈਆਂ ਕੁਝ ਰਿਪੋਰਟਾਂ ਅਨੁਸਾਰ ਸਰਕਾਰ ਇਸ ਕਾਨੂੰਨ ਨੂੰ ਥੋੜ੍ਹਾ ਨਰਮ ਕਰਨ ਦੀ ਯੋਜਨਾ ਬਣਾ ਰਹੀ ਹੈ। ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸਰਕਾਰ ਇੱਕ ਅਜਿਹੀ ਧਾਰਾ ਜੋੜਨਾ ਚਾਹੁੰਦੀ ਹੈ ਜਿਸ ਨਾਲ ਇਹ ਕਾਨੂੰਨ ਸਿਰਫ਼ ਉਨ੍ਹਾਂ ਨਿਯਮਾਂ 'ਤੇ ਲਾਗੂ ਹੋਵੇਗਾ ਜਿਨ੍ਹਾਂ ਨੂੰ ਸਰਕਾਰ ਖੁਦ 'ਤਰਜੀਹੀ' ਵਜੋਂ ਪਛਾਣੇਗੀ। ਹਾਲਾਂਕਿ ਪ੍ਰੀਮੀਅਰ ਦਫ਼ਤਰ ਨੇ ਇਨ੍ਹਾਂ ਰਿਪੋਰਟਾਂ ਦੀ ਪੁਸ਼ਟੀ ਜਾਂ ਖੰਡਨ ਨਹੀਂ ਕੀਤਾ ਹੈ ਅਤੇ ਦਸਤਾਵੇਜ਼ਾਂ ਨੂੰ ਕੈਬਨਿਟ ਦੀ ਗੁਪਤਤਾ ਦਾ ਹਵਾਲਾ ਦੇ ਕੇ ਰਾਖਵਾਂ ਰੱਖਿਆ ਗਿਆ ਹੈ। ਇਸ ਕਦਮ ਨਾਲ ਆਦਿਵਾਸੀ ਭਾਈਚਾਰਿਆਂ ਵਿੱਚ ਸ਼ੰਕੇ ਪੈਦਾ ਹੋ ਸਕਦੇ ਹਨ ਕਿ ਸਰਕਾਰ ਸ਼ਾਇਦ ਆਪਣੀਆਂ ਪੁਰਾਣੀਆਂ ਵਚਨਬੱਧਤਾਵਾਂ ਤੋਂ ਪਿੱਛੇ ਹਟ ਰਹੀ ਹੈ। ਇੱਕ ਹੋਰ ਵੱਡਾ ਮੁੱਦਾ ਨਿੱਜੀ ਜਾਇਦਾਦ ਦੇ ਅਧਿਕਾਰਾਂ ਨਾਲ ਜੁੜਿਆ ਹੋਇਆ ਹੈ, ਜੋ 'ਕੋਵਿਚਨ ਟ੍ਰਾਈਬਜ਼' (Cowichan Tribes) ਅਦਾਲਤੀ ਫੈਸਲੇ ਤੋਂ ਬਾਅਦ ਚਰਚਾ ਵਿੱਚ ਆਇਆ ਹੈ। ਅਦਾਲਤ ਨੇ ਰਿਚਮੰਡ ਦੇ ਇੱਕ ਖੇਤਰ ਵਿੱਚ ਆਦਿਵਾਸੀ ਟਾਈਟਲ ਦੀ ਮੌਜੂਦਗੀ ਪਾਈ ਹੈ, ਜਿੱਥੇ ਜਨਤਕ ਅਤੇ ਨਿੱਜੀ ਦੋਵੇਂ ਤਰ੍ਹਾਂ ਦੀਆਂ ਜ਼ਮੀਨਾਂ ਸ਼ਾਮਲ ਹਨ। ਹਾਲਾਂਕਿ ਜੱਜ ਨੇ ਨਿੱਜੀ ਜਾਇਦਾਦ ਦੇ ਹੱਕਾਂ ਨੂੰ ਰੱਦ ਨਹੀਂ ਕੀਤਾ, ਪਰ ਇਸ ਨੇ ਜਾਇਦਾਦ ਦੇ ਮਾਲਕਾਂ ਵਿੱਚ ਅਨਿਸ਼ਚਿਤਤਾ ਪੈਦਾ ਕਰ ਦਿੱਤੀ ਹੈ। ਪ੍ਰੀਮੀਅਰ ਈਬੀ ਨੇ ਨਿੱਜੀ ਜਾਇਦਾਦ ਦੇ ਹੱਕਾਂ ਦੀ ਰਾਖੀ ਕਰਨ ਦਾ ਭਰੋਸਾ ਦਿੱਤਾ ਹੈ। ਅਜੇ ਇਹ ਸਪੱਸ਼ਟ ਨਹੀਂ ਹੈ ਕਿ 'ਡ੍ਰਿਪਾ' ਵਿੱਚ ਹੋਣ ਵਾਲੀਆਂ ਸੋਧਾਂ ਇਸ ਮਾਮਲੇ ਨੂੰ ਵੀ ਹੱਲ ਕਰਨਗੀਆਂ ਜਾਂ ਨਹੀਂ, ਪਰ ਸਰਕਾਰ ਇਸ ਦਿਸ਼ਾ ਵਿੱਚ ਕੰਮ ਕਰਦੀ ਨਜ਼ਰ ਆ ਰਹੀ ਹੈ।

ਮੌਜੂਦਾ ਅਟਾਰਨੀ ਜਨਰਲ ਨਿੱਕੀ ਸ਼ਰਮਾ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਅਦਾਲਤੀ ਫੈਸਲਿਆਂ ਕਾਰਨ ਪੈਦਾ ਹੋਈ ਕਾਨੂੰਨੀ ਅਨਿਸ਼ਚਿਤਤਾ ਨੂੰ ਘਟਾਉਣਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਕੁਝ ਲੋਕ ਸੁਲ੍ਹਾ-ਸਫ਼ਾਈ ਦੀ ਪ੍ਰਕਿਰਿਆ ਬਾਰੇ ਅਫ਼ਵਾਹਾਂ ਅਤੇ ਡਰ ਫੈਲਾ ਰਹੇ ਹਨ, ਜਦੋਂ ਕਿ ਸਰਕਾਰ ਸਾਰੇ ਪੱਖਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਅਨੁਸਾਰ ਨਿੱਜੀ ਜਾਇਦਾਦ ਦੀ ਸੁਰੱਖਿਆ ਅਤੇ ਆਦਿਵਾਸੀ ਭਾਈਚਾਰਿਆਂ ਨਾਲ ਮਜ਼ਬੂਤ ਸਬੰਧ ਬਣਾਉਣਾ ਸਰਕਾਰ ਦੀ ਮੁੱਖ ਤਰਜੀਹ ਹੈ। ਆਉਣ ਵਾਲੇ ਦਿਨਾਂ ਵਿੱਚ ਹੋਣ ਵਾਲੀ ਸਲਾਹ-ਮਸ਼ਵਰਾ ਪ੍ਰਕਿਰਿਆ ਇਹ ਤੈਅ ਕਰੇਗੀ ਕਿ ਬੀ.ਸੀ. ਸਰਕਾਰ ਇਨ੍ਹਾਂ ਗੁੰਝਲਦਾਰ ਮੁੱਦਿਆਂ 'ਤੇ ਸਾਰੀਆਂ ਧਿਰਾਂ ਨੂੰ ਕਿਵੇਂ ਸੰਤੁਸ਼ਟ ਕਰ ਪਾਉਂਦੀ ਹੈ। This report was written by Divroop Kaur as part of the Local Journalism Initiative.

# ਵੈਨਕੂਵਰ ਦੇ ਨਵੇਂ ਖੁੱਲ੍ਹੇ ਇਟਾਲੀਅਨ ਰੈਸਟੋਰੈਂਟ ਨੂੰ ਲੱਗੀ ਅੱਗ

ਸਰੀ, (ਦਿਵਰੂਪ ਕੌਰ): ਵੈਨਕੂਵਰ ਦੇ ਮਾਊਂਟ ਪਲੈਜ਼ੈਂਟ ਇਲਾਕੇ ਵਿੱਚ ਬੁੱਧਵਾਰ ਰਾਤ ਨੂੰ ਇੱਕ ਪੁਰਾਣੀ ਇਮਾਰਤ ਵਿੱਚ ਅੱਗ ਲੱਗਣ ਕਾਰਨ ਭਾਰੀ ਨੁਕਸਾਨ ਹੋਣ ਦੀ ਖ਼ਬਰ ਹੈ। ਇਹ ਘਟਨਾ ਬਰਾਡਵੇਅ ਅਤੇ ਮੇਨ ਸਟ੍ਰੀਟ ਦੇ ਚੌਰਾਹੇ ਦੇ ਨੇੜੇ ਈਸਟ ਅੱਠਵੀਂ ਐਵੇਨਿਊ 'ਤੇ ਵਾਪਰੀ, ਜਿਸ ਕਾਰਨ ਹੇਠਲੀ ਮੰਜ਼ਿਲ 'ਤੇ ਸਥਿਤ ਨਵੇਂ ਇਟਾਲੀਅਨ ਰੈਸਟੋਰੈਂਟ 'ਓਸਟੀਰੀਆ ਓਟੋ' ਨੂੰ ਪਾਣੀ ਨਾਲ ਕਾਫ਼ੀ ਨੁਕਸਾਨ ਪਹੁੰਚਿਆ ਹੈ। ਵੈਨਕੂਵਰ ਫਾਇਰ ਰੈਸਕਿਊ ਸਰਵਿਸਿਜ਼ ਨੂੰ ਰਾਤ ਲਗਭਗ 8:15 ਵਜੇ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਸੱਤ ਫਾਇਰ ਟਰੱਕਾਂ ਅਤੇ 28 ਮੁਲਾਜ਼ਮਾਂ ਨੇ ਮੁਸਤੈਦੀ ਨਾਲ ਕਾਰਵਾਈ ਕਰਦਿਆਂ ਅੱਗ 'ਤੇ ਕਾਬੂ ਪਾਇਆ।

ਜਾਂਚ ਦੌਰਾਨ ਪਤਾ ਲੱਗਿਆ ਕਿ ਅੱਗ ਇਮਾਰਤ ਦੀ ਤੀਜੀ ਮੰਜ਼ਿਲ 'ਤੇ ਸਥਿਤ ਇੱਕ ਰਿਹਾਇਸ਼ੀ ਯੂਨਿਟ ਦੇ ਬੈੱਡਰੂਮ ਵਿੱਚੋਂ ਸ਼ੁਰੂ ਹੋਈ ਸੀ। ਅੱਗ ਲੱਗਣ ਦਾ ਸੰਭਾਵੀ ਕਾਰਨ ਬੈੱਡਰੂਮ ਵਿੱਚ ਵਰਤਿਆ ਜਾ ਰਿਹਾ ਇੱਕ ਬਿਜਲਈ ਕੰਬਲ ਮੰਨਿਆ ਜਾ ਰਿਹਾ ਹੈ, ਜਿਸ ਵਿੱਚ ਤਕਨੀਕੀ ਨੁਕਸ ਜਾਂ



ਸ਼ਾਰਟ ਸਰਕਟ ਹੋਣ ਦੀ ਸੰਭਾਵਨਾ ਹੈ। ਭਾਵੇਂ ਅੱਗ ਦੀਆਂ ਲਪਟਾਂ ਜਲਦੀ ਬੁਝਾ ਦਿੱਤੀਆਂ ਗਈਆਂ, ਪਰ ਅੱਗ ਬੁਝਾਉਣ ਲਈ ਵਰਤੇ ਗਏ ਭਾਰੀ ਪਾਣੀ ਨੇ ਹੇਠਲੇ ਕਾਰੋਬਾਰੀ ਅਦਾਰਿਆਂ ਅਤੇ ਇਮਾਰਤ ਦੇ ਢਾਂਚੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਦੁਖਦਾਈ ਹਾਦਸੇ ਕਾਰਨ ਇਮਾਰਤ ਦੇ ਛੇ ਨਿਵਾਸੀਆਂ ਨੂੰ ਅਸਥਾਈ ਤੌਰ 'ਤੇ ਵਿਸਥਾਪਿਤ ਹੋਣਾ ਪਿਆ ਹੈ।

ਰੈਸਟੋਰੈਂਟ ਦੇ ਮਾਲਕ ਇਗਨਾਸੀਓ ਅਰਿਏਟਾ ਅਨੁਸਾਰ ਘਟਨਾ ਵੇਲੇ ਰੈਸਟੋਰੈਂਟ ਗਾਹਕਾਂ ਨਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ ਅਤੇ ਸੁਰੱਖਿਆ ਦੇ ਮੱਦੇਨਜ਼ਰ ਸਾਰਿਆਂ ਨੂੰ ਤੁਰੰਤ ਬਾਹਰ ਕੱਢ ਲਿਆ ਗਿਆ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਦਸੰਬਰ ਵਿੱਚ ਹੀ ਸ਼ੁਰੂ ਕੀਤੇ ਕਾਰੋਬਾਰ ਲਈ ਇਹ ਇੱਕ ਵੱਡੀ ਚੁਣੌਤੀ ਹੈ, ਪਰ ਕਿਸੇ ਜਾਨੀ ਨੁਕਸਾਨ ਦਾ ਨਾ ਹੋਣਾ ਤਸੱਲੀਬਖ਼ਸ਼ ਹੈ। ਰੈਸਟੋਰੈਂਟ ਦੇ ਫਰਨੀਚਰ ਅਤੇ ਰਸੋਈ ਦੇ ਕੀਮਤੀ ਸਮਾਨ ਨੂੰ ਪਾਣੀ ਕਾਰਨ ਕਾਫ਼ੀ ਨੁਕਸਾਨ ਹੋਇਆ ਹੈ। ਹੁਣ ਜਾਂਚ ਟੀਮਾਂ ਦੀ ਅੰਤਿਮ ਰਿਪੋਰਟ ਅਤੇ ਬੀਮਾ ਕੰਪਨੀ ਦੀ ਕਾਰਵਾਈ ਤੋਂ ਬਾਅਦ ਰੈਸਟੋਰੈਂਟ ਦੀ ਮੁਰੰਮਤ ਕਰਵਾ ਕੇ ਇਸ ਨੂੰ ਮੁੜ ਖੋਲ੍ਹਣ ਦੀ ਯੋਜਨਾ ਬਣਾਈ ਜਾ ਰਹੀ ਹੈ। This report was written by Divroop Kaur as part of the Local Journalism Initiative.

» ਵਿਸ਼ਵ ਪੱਧਰ 'ਤੇ ਕੈਨੇਡਾ ਦੀ ਵਿੱਦਿਅਕ ਸਰਦਾਰੀ » ਓ.ਈ.ਸੀ.ਡੀ. ਦੇਸਾਂ ਨਾਲੋਂ ਕਿਤੇ ਅੱਗੇ ਨਿਕਲਿਆ ਕੈਨੇਡਾ

# ਕੈਨੇਡੀਅਨ ਔਰਤਾਂ ਨੇ ਵਿੱਦਿਆ ਦੇ ਖੇਤਰ 'ਚ ਗੱਡੇ ਝੰਡੇ, 71 ਫੀਸਦੀ ਕੋਲ ਉੱਚ ਸਿੱਖਿਆ ਦੀਆਂ ਡਿਗਰੀਆਂ

ਸਰੀ, (ਦਿਵਰੂਪ ਕੌਰ): ਸਟੈਟਿਸਟਿਕਸ ਕੈਨੇਡਾ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਪਿਛਲੇ ਇੱਕ ਦਹਾਕੇ ਵਿੱਚ ਕੈਨੇਡੀਅਨ ਬਾਲਗਾਂ ਦੇ ਵਿੱਦਿਅਕ ਮਿਆਰ ਵਿੱਚ ਬਹੁਤ ਵੱਡਾ ਵਾਧਾ ਦੇਖਣ ਨੂੰ ਮਿਲਿਆ ਹੈ। ਖ਼ਾਸ ਤੌਰ 'ਤੇ ਔਰਤਾਂ ਨੇ ਸਿੱਖਿਆ ਦੇ ਖੇਤਰ ਵਿੱਚ ਵੱਡੀ ਪੁਲਾਂਘ ਪੁੱਟੀ ਹੈ। ਸਾਲ 2025 ਦੇ ਅੰਕੜੇ ਦਰਸਾਉਂਦੇ ਹਨ ਕਿ 25 ਤੋਂ 64 ਸਾਲ ਦੀ ਉਮਰ ਦੀਆਂ 71 ਫੀਸਦੀ ਔਰਤਾਂ ਕੋਲ ਕਾਲਜ ਜਾਂ ਯੂਨੀਵਰਸਿਟੀ ਦੀਆਂ ਡਿਗਰੀਆਂ ਹਨ, ਜੋ ਕਿ ਸਾਲ 2015 ਵਿੱਚ ਸਿਰਫ਼ 61 ਫੀਸਦੀ ਸੀ। ਇਸੇ ਉਮਰ ਵਰਗ ਵਿੱਚ ਮਰਦਾਂ ਦੇ ਵਿੱਦਿਅਕ ਪੱਧਰ ਵਿੱਚ ਵੀ ਵਾਧਾ ਹੋਇਆ ਹੈ, ਜੋ 49 ਫੀਸਦੀ ਤੋਂ ਵਧ ਕੇ 57 ਫੀਸਦੀ ਤੱਕ ਪਹੁੰਚ ਗਿਆ ਹੈ। ਕੁੱਲ ਮਿਲਾ ਕੇ ਹੁਣ 64 ਫੀਸਦੀ ਕੈਨੇਡੀਅਨ ਬਾਲਗ ਉੱਚ ਸਿੱਖਿਆ ਪ੍ਰਾਪਤ ਹਨ, ਜਦੋਂ ਕਿ ਦਸ ਸਾਲ ਪਹਿਲਾਂ ਇਹ ਅੰਕੜਾ 55 ਫੀਸਦੀ ਸੀ।

ਵਾਟਰਲੂ ਯੂਨੀਵਰਸਿਟੀ ਦੀ ਪ੍ਰੋਫੈਸਰ ਅਤੇ ਲੇਬਰ ਇਕਨਾਮਿਕਸ ਦੀ ਮਾਹਰ ਐਨਾ ਫੇਰਰ ਅਨੁਸਾਰ ਆਰਥਿਕ ਉਤਾਰ-ਚੜ੍ਹਾਅ ਦੇ ਇਸ ਦੌਰ ਵਿੱਚ ਸਿੱਖਿਆ ਦੀ ਅਹਿਮੀਅਤ ਲਗਾਤਾਰ ਵਧ ਰਹੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਅਤੇ ਤਕਨੀਕੀ ਬਦਲਾਅ ਕਾਰਨ ਔਰਤਾਂ ਇਹ ਮਹਿਸੂਸ ਕਰ ਰਹੀਆਂ ਹਨ ਕਿ ਭਵਿੱਖ ਵਿੱਚ ਬੇਰੁਜ਼ਗਾਰੀ ਦੇ ਖ਼ਤਰੇ ਤੋਂ ਬਚਣ ਲਈ ਉੱਚ ਸਿੱਖਿਆ ਹੀ ਸਭ ਤੋਂ ਵਧੀਆ ਸਾਧਨ ਹੈ। ਆਉਣ ਵਾਲੇ ਦਸ ਸਾਲਾਂ ਵਿੱਚ ਆਰਥਿਕ ਵਿਕਾਸ ਕਾਰਨ ਪੈਦਾ ਹੋਣ ਵਾਲੀਆਂ 80 ਫੀਸਦੀ ਤੋਂ ਵੱਧ ਨਵੀਆਂ



ਨੌਕਰੀਆਂ ਪ੍ਰਬੰਧਕੀ ਅਹੁਦਿਆਂ 'ਤੇ ਹੋਣਗੀਆਂ, ਜਿਨ੍ਹਾਂ ਲਈ ਪੋਸਟ-ਸੈਕੰਡਰੀ ਸਿੱਖਿਆ ਲਾਜ਼ਮੀ ਹੋਵੇਗੀ। ਔਰਤਾਂ ਨੇ ਇਸ ਰੁਝਾਨ ਨੂੰ ਤੇਜ਼ੀ ਨਾਲ ਅਪਣਾਇਆ ਹੈ ਅਤੇ ਉਹ ਉੱਚ ਪੱਧਰੀ ਡਿਗਰੀਆਂ ਪ੍ਰਾਪਤ ਕਰ ਕੇ ਰੁਜ਼ਗਾਰ ਦੇ ਬਾਜ਼ਾਰ ਵਿੱਚ ਆਪਣੀ ਸਥਿਤੀ ਮਜ਼ਬੂਤ ਕਰ ਰਹੀਆਂ ਹਨ।

ਕੈਨੇਡੀਅਨ ਆਕੂਪੇਸ਼ਨਲ ਪ੍ਰੋਜੈਕਸ਼ਨ ਸਿਸਟਮ ਦੇ ਅੰਕੜਿਆਂ ਅਨੁਸਾਰ ਵੱਖ-ਵੱਖ ਕਿੱਤਿਆਂ ਵਿੱਚ ਮਰਦਾਂ ਅਤੇ ਔਰਤਾਂ ਦੀ ਭਾਗੀਦਾਰੀ ਦੇ ਦਿਲਚਸਪ ਪਹਿਲੂ ਸਾਹਮਣੇ ਆਏ ਹਨ। ਸਾਲ 2023 ਵਿੱਚ 485 ਕਿੱਤਿਆਂ ਵਿੱਚੋਂ 59 ਅਜਿਹੇ ਸਨ ਜਿੱਥੇ 80 ਫੀਸਦੀ ਤੋਂ ਵੱਧ ਔਰਤਾਂ ਕੰਮ ਕਰ ਰਹੀਆਂ ਸਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕਿੱਤੇ ਸਿਹਤ ਸੇਵਾਵਾਂ, ਵਪਾਰ, ਵਿੱਤ ਅਤੇ ਪ੍ਰਬੰਧਕੀ ਖੇਤਰਾਂ ਨਾਲ ਸਬੰਧਤ ਹਨ। ਦੂਜੇ ਪਾਸੇ 161 ਅਜਿਹੇ ਕਿੱਤੇ ਹਨ ਜਿੱਥੇ ਮਰਦਾਂ ਦਾ ਦਬਦਬਾ ਹੈ, ਖ਼ਾਸ ਕਰਕੇ ਟ੍ਰੇਡਜ਼, ਟ੍ਰਾਂਸਪੋਰਟ, ਮੈਨੂਫੈਕਚਰਿੰਗ ਅਤੇ ਕੁਦਰਤੀ ਸਰੋਤਾਂ ਨਾਲ ਜੁੜੇ ਕੰਮਾਂ ਵਿੱਚ। ਹਾਲਾਂਕਿ ਪ੍ਰੋਫੈਸਰ ਫੇਰਰ ਦਾ ਮੰਨਣਾ ਹੈ ਕਿ ਵਧਦੀ ਤਕਨੀਕ ਭਵਿੱਖ ਵਿੱਚ ਇਸ ਪਾੜੇ ਨੂੰ ਘਟਾਉਣ ਵਿੱਚ ਮਦਦ ਕਰੇਗੀ ਕਿਉਂਕਿ ਹੁਣ ਕੰਮ ਦੇ ਖੇਤਰ ਸਿਰਫ਼ ਮਰਦਾਂ ਜਾਂ ਔਰਤਾਂ ਲਈ ਰਾਖਵੇਂ ਨਹੀਂ ਰਹਿਣਗੇ।

ਸਿੱਖਿਆ ਅਤੇ ਕਰੀਅਰ ਦੇ ਬਦਲਦੇ ਰੁਝਾਨਾਂ ਦਾ ਅਸਰ ਕੈਨੇਡੀਅਨ ਪਰਿਵਾਰਕ ਢਾਂਚੇ 'ਤੇ ਵੀ ਪੈ ਰਿਹਾ ਹੈ। ਸਟੈਟਿਸਟਿਕਸ ਕੈਨੇਡਾ ਦੀ ਇੱਕ ਹੋਰ ਖੋਜ ਅਨੁਸਾਰ ਸਾਲ 2024 ਤੋਂ 20 ਤੋਂ 49 ਸਾਲ ਦੀ ਉਮਰ ਦੀਆਂ ਲਗਭਗ 51.1 ਫੀਸਦੀ ਕੈਨੇਡੀਅਨ ਔਰਤਾਂ ਮਾਵਾਂ ਨਹੀਂ ਹਨ। ਉੱਚ ਸਿੱਖਿਆ ਦਾ ਵਧਦਾ ਪੱਧਰ, ਲੇਬਰ ਮਾਰਕੀਟ ਵਿੱਚ ਸਰਗਰਮ ਭਾਗੀਦਾਰੀ, ਬਦਲਦੇ ਸਮਾਜਿਕ ਮਾਪਦੰਡ ਅਤੇ ਗਰਭ ਨਿਰੋਧਕ ਸਾਧਨਾਂ ਦੀ ਵਰਤੋਂ ਵਰਗੇ ਕਾਰਨਾਂ ਨੇ ਜੀਵਨ ਸ਼ੈਲੀ ਵਿੱਚ ਤਬਦੀਲੀ ਲਿਆਂਦੀ ਹੈ। ਇਸ ਰਿਪੋਰਟ ਅਨੁਸਾਰ 40 ਸਾਲ ਤੋਂ ਵੱਧ ਉਮਰ ਦੀਆਂ ਚਾਰ ਵਿੱਚੋਂ ਇੱਕ ਔਰਤ ਨੇ ਬੱਚੇ ਨਾ ਪੈਦਾ ਕਰਨ ਦਾ ਫੈਸਲਾ ਕੀਤਾ ਹੈ, ਜੋ ਕਿ ਇੱਕ ਮਹੱਤਵਪੂਰਨ ਸਮਾਜਿਕ ਬਦਲਾਅ ਵੱਲ ਇਸ਼ਾਰਾ ਕਰਦਾ ਹੈ।

ਕੌਮਾਂਤਰੀ ਪੱਧਰ 'ਤੇ ਕੈਨੇਡਾ ਦਾ ਵਿੱਦਿਅਕ ਮਿਆਰ ਬਹੁਤ ਪ੍ਰਭਾਵਸ਼ਾਲੀ ਹੈ। ਸਾਲ 2025 ਵਿੱਚ ਕੈਨੇਡਾ ਦੇ 64 ਫੀਸਦੀ ਬਾਲਗ ਉੱਚ ਸਿੱਖਿਆ ਪ੍ਰਾਪਤ ਸਨ, ਜੋ ਕਿ ਓ.ਈ.ਸੀ.ਡੀ. (OECD) ਦੇਸਾਂ ਦੀ 41 ਫੀਸਦੀ ਦੀ ਔਸਤ ਨਾਲੋਂ ਕਿਤੇ ਜ਼ਿਆਦਾ ਹੈ। ਇਸ ਦਾ ਵੱਡਾ ਕਾਰਨ ਕੈਨੇਡਾ ਦਾ ਮਜ਼ਬੂਤ ਕਾਲਜ ਸਿਸਟਮ ਹੈ, ਜਿੱਥੇ 25 ਫੀਸਦੀ ਕੈਨੇਡੀਅਨਾਂ ਕੋਲ ਕਾਲਜ ਡਿਗਰੀਆਂ ਹਨ, ਜਦਕਿ ਓ.ਈ.ਸੀ.ਡੀ. ਦੀ ਔਸਤ ਸਿਰਫ਼ 7 ਫੀਸਦੀ ਹੈ। ਪਿਛਲੇ ਦਸ ਸਾਲਾਂ ਵਿੱਚ ਬੈਚਲਰ ਡਿਗਰੀ ਵਾਲਿਆਂ ਦੀ ਗਿਣਤੀ 20 ਤੋਂ ਵਧ ਕੇ 25 ਫੀਸਦੀ ਅਤੇ ਮਾਸਟਰ ਜਾਂ ਡਾਕਟਰੇਟ ਕਰਨ ਵਾਲਿਆਂ ਦੀ ਗਿਣਤੀ 9 ਤੋਂ ਵਧ ਕੇ 14 ਫੀਸਦੀ ਹੋ ਗਈ ਹੈ। ਇਸ ਦੇ ਨਾਲ ਹੀ ਬਿਨਾਂ ਹਾਈ ਸਕੂਲ ਡਿਪਲੋਮੇ ਵਾਲੇ ਲੋਕਾਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਆਈ ਹੈ, ਜੋ ਹੁਣ ਸਿਰਫ਼ 7 ਫੀਸਦੀ ਰਹਿ ਗਈ ਹੈ। This report was written by Divroop Kaur as part of the Local Journalism Initiative.

# ਬਜਟ ਘਾਟੇ ਦੀ ਮਾਰ ਹੇਠ ਆਇਆ ਬ੍ਰਿਟਿਸ਼ ਕੋਲੰਬੀਆ ਦਾ ਖੇਤੀਬਾੜੀ ਸੈਕਟਰ

## ਬੀ.ਸੀ. ਸਰਕਾਰ ਦੇ ਵਿੱਤੀ ਸੰਕਟ ਨੇ ਵਧਾਈ ਕਿਸਾਨਾਂ ਦੀ ਚਿੰਤਾ, ALC ਦੇ ਮੁਲਾਜ਼ਮਾਂ ਦੀ ਗਿਣਤੀ ਘਟਾਉਣ ਦੀ ਤਿਆਰੀ



ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਵਿੱਚ ਖੇਤੀਬਾੜੀ ਜ਼ਮੀਨਾਂ ਦੀ ਸੁਰੱਖਿਆ ਅਤੇ ਪ੍ਰਬੰਧਨ ਲਈ ਜ਼ਿੰਮੇਵਾਰ ਮੁੱਖ ਸੰਸਥਾ 'ਐਗਰੀਕਲਚਰਲ ਲੈਂਡ ਕਮਿਸ਼ਨ' (ALC) ਨੇ ਫੰਡਾਂ ਦੀ ਭਾਰੀ ਕਿੱਲਤ ਕਾਰਨ ਆਪਣੇ ਸਟਾਫ਼ ਵਿੱਚ ਕਟੌਤੀ ਕਰਨ ਦਾ ਐਲਾਨ ਕੀਤਾ ਹੈ। ਇਹ ਸੰਸਥਾ ਸੂਬੇ ਭਰ ਵਿੱਚ ਫੈਲੀ ਲਗਭਗ 46 ਲੱਖ ਹੈਕਟੇਅਰ ਤੋਂ ਵੱਧ ਕੀਮਤੀ ਖੇਤੀਬਾੜੀ ਜ਼ਮੀਨ ਦੀ ਰਾਖੀ ਲਈ ਕਾਨੂੰਨੀ ਤੌਰ 'ਤੇ ਵਚਨਬੱਧ ਹੈ। ਕਮਿਸ਼ਨ ਦੇ ਚੇਅਰਮੈਨ ਅਨੁਸਾਰ, ਭਾਵੇਂ ਪਿਛਲੇ ਕੁਝ ਸਾਲਾਂ ਵਿੱਚ ਕੰਮ ਦਾ ਬੋਝ ਅਤੇ ਜ਼ਿੰਮੇਵਾਰੀਆਂ ਕਾਫ਼ੀ ਵਧ ਗਈਆਂ ਹਨ, ਪਰ ਸੰਸਥਾ ਨੂੰ ਮਿਲਣ ਵਾਲਾ ਸਰਕਾਰੀ ਫੰਡ ਸਾਲ 2019 ਤੋਂ ਲਗਾਤਾਰ 55 ਲੱਖ ਡਾਲਰ 'ਤੇ ਹੀ ਸਥਿਰ ਬਣਿਆ ਹੋਇਆ ਹੈ। ਇਹ ਫੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਸੂਬਾ ਸਰਕਾਰ 13.3 ਅਰਬ ਡਾਲਰ ਦੇ ਵੱਡੇ ਬਜਟ ਘਾਟੇ ਨਾਲ ਜੂਝ ਰਹੀ ਹੈ, ਜਿਸ ਦਾ ਸਿੱਧਾ ਅਸਰ ਹੁਣ ਜਨਤਕ ਖੇਤਰ ਦੀਆਂ ਅਹਿਮ ਸੰਸਥਾਵਾਂ 'ਤੇ ਪੈ ਰਿਹਾ ਹੈ।

ALC ਦੀ ਚੇਅਰ ਜੈਨੀਫਰ ਡਾਇਸਨ ਨੇ ਇਸ ਕਟੌਤੀ ਨੂੰ ਲੈ ਕੇ ਡੂੰਘੀ ਨਿਰਾਸ਼ਾ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਅਨੁਸਾਰ, ਕਮਿਸ਼ਨ ਵਿੱਚ ਇਸ ਸਮੇਂ ਲਗਭਗ 42 ਫੁੱਲ-ਟਾਈਮ ਅਹੁਦੇ ਹਨ, ਜਿਨ੍ਹਾਂ ਵਿੱਚੋਂ ਕਈਆਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ, ਜਦਕਿ ਪਹਿਲਾਂ ਹੀ ਕਮਿਸ਼ਨ ਬਹੁਤ ਘੱਟ ਸਟਾਫ਼ ਨਾਲ ਗੁੰਝਲਦਾਰ ਪਰਮਿਟ ਅਰਜ਼ੀਆਂ ਦਾ ਨਿਪਟਾਰਾ ਕਰ ਰਿਹਾ ਹੈ। ਡਾਇਸਨ ਨੇ ਕਿਹਾ ਕਿ ਸਟਾਫ਼ ਦੀ ਇਹ ਕਟੌਤੀ ਸੰਸਥਾ ਦੇ ਅੰਗ ਕੱਟਣ ਦੇ ਬਰਾਬਰ ਹੋਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਕਮਿਸ਼ਨ ਕੋਲ ਕੋਈ ਵਾਧੂ ਅਹੁਦੇ ਜਾਂ ਵਿਹਲਾ ਸਟਾਫ਼ ਮੌਜੂਦ ਨਹੀਂ ਹੈ ਅਤੇ ਕੰਮ ਦਾ ਬੋਝ ਇੰਨਾ ਜ਼ਿਆਦਾ ਹੈ ਕਿ ਉਹ ਕਦੇ ਖ਼ਤਮ ਹੋਣ ਦਾ ਨਾਮ ਨਹੀਂ ਲੈ ਰਿਹਾ। ਉਨ੍ਹਾਂ ਅਨੁਸਾਰ ਕਮਿਸ਼ਨ ਦੀਆਂ ਜ਼ਿੰਮੇਵਾਰੀਆਂ ਵਿੱਚ ਗ੍ਰੀਨਹਾਊਸ ਬਣਾਉਣ ਦੀਆਂ ਮਨਜ਼ੂਰੀਆਂ ਤੋਂ ਲੈ ਕੇ ਮੈਸੀ ਟਨਲ ਵਰਗੇ ਵੱਡੇ ਪ੍ਰੋਜੈਕਟਾਂ ਦੀ ਨਿਗਰਾਨੀ ਕਰਨਾ ਸ਼ਾਮਲ ਹੈ।

ਖੇਤੀਬਾੜੀ ਜ਼ਮੀਨਾਂ 'ਤੇ ਹੋਣ ਵਾਲੇ ਗੈਰ-ਕਾਨੂੰਨੀ ਕੰਮਾਂ, ਜਿਵੇਂ ਕਿ ਨਾਜਾਇਜ਼ ਤੌਰ 'ਤੇ ਕੂੜਾ ਸੁੱਟਣ ਦੀਆਂ ਘਟਨਾਵਾਂ ਨੂੰ ਰੋਕਣਾ ਵੀ ਕਮਿਸ਼ਨ ਦੀ ਇੱਕ ਬਹੁਤ ਹੀ ਅਹਿਮ ਜ਼ਿੰਮੇਵਾਰੀ ਹੈ। ਜੈਨੀਫਰ ਡਾਇਸਨ ਅਨੁਸਾਰ ਨਿਯਮਾਂ ਦੀ ਪਾਲਣਾ ਕਰਵਾਉਣ ਅਤੇ ਜਾਂਚ ਲਈ ਸਬੂਤ ਇਕੱਠੇ ਕਰਨ ਵਿੱਚ ਮੁਲਾਜ਼ਮਾਂ ਦਾ ਬਹੁਤ ਜ਼ਿਆਦਾ ਸਮਾਂ ਲੱਗਦਾ ਹੈ। ਡਾਇਸਨ, ਜੋ ਖੁਦ ਅਲਬਰਨੀ ਵੈਲੀ ਵਿੱਚ ਪਿਛਲੇ 40 ਸਾਲਾਂ ਤੋਂ ਖੇਤੀ ਕਰ ਰਹੀ ਹੈ, ਨੇ ਕਿਹਾ ਕਿ ਇਹ ਕਾਰਵਾਈ ਉਨ੍ਹਾਂ ਲੋਕਾਂ ਲਈ ਵੀ ਇੱਕ ਖ਼ਤਰਾ ਹੈ ਜੋ ਖੇਤੀਬਾੜੀ ਲੈਂਡ ਰਿਜ਼ਰਵ (ALR) ਦੇ ਨਿਯਮਾਂ ਵਿੱਚ ਢਿੱਲ ਦੇਣ ਦੀ ਵਕਾਲਤ ਕਰਦੇ ਹਨ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਅੱਜ ਜ਼ਮੀਨਾਂ ਦੀ ਸੁਰੱਖਿਆ ਲਈ ਠੋਸ ਕਦਮ ਨਾ ਚੁੱਕੇ ਗਏ, ਤਾਂ ਆਉਣ ਵਾਲੀ ਪੀੜ੍ਹੀ ਦੇ ਨੌਜਵਾਨ ਕਿਸਾਨਾਂ ਲਈ ਖੇਤੀ ਕਰਨ ਵਾਸਤੇ ਸਸਤੀ ਜ਼ਮੀਨ ਉਪਲਬਧ ਨਹੀਂ ਹੋਵੇਗੀ।

### ਬੀ.ਸੀ. ਸਰਕਾਰ ALC ਦੀ ਮਹੱਤਵਪੂਰਨ ਭੂਮਿਕਾ ਦਾ ਸਮਰਥਨ ਕਰਦੀ ਰਹੇਗੀ : ਖੇਤੀਬਾੜੀ ਮੰਤਰੀ ਲਾਨਾ ਪੋਪਹਮ

ਯੂਨੀਵਰਸਿਟੀ ਆਫ਼ ਫਰੇਜ਼ਰ ਵੈਲੀ ਦੇ ਖੇਤੀਬਾੜੀ ਪ੍ਰੋਫੈਸਰ ਕ੍ਰਿਸ ਬੋਡਨਰ ਨੇ ਚੇਤਾਵਨੀ ਦਿੱਤੀ ਹੈ ਕਿ ਸਟਾਫ਼ ਦੀ ਘਾਟ ਕਾਰਨ ਕਿਸਾਨਾਂ ਅਤੇ ਕਾਰੋਬਾਰੀਆਂ ਨੂੰ ਆਪਣੀਆਂ ਅਰਜ਼ੀਆਂ 'ਤੇ ਫੈਸਲੇ ਲੈਣ ਲਈ ਲੰਬਾ ਇੰਤਜ਼ਾਰ ਕਰਨਾ ਪਵੇਗਾ। ਉਨ੍ਹਾਂ ਦਾ ਤਰਕ ਹੈ ਕਿ ਜੇਕਰ ਕਮਿਸ਼ਨ ਦੀ ਸਮਰੱਥਾ ਘਟਦੀ ਹੈ, ਤਾਂ ਇਸ ਨਾਲ ਖੇਤੀਬਾੜੀ ਲਈ ਰਾਖਵੀਂ ਜ਼ਮੀਨ ਦਾ ਆਧਾਰ ਹੌਲੀ-ਹੌਲੀ ਖ਼ਤਮ ਹੋ ਜਾਵੇਗਾ। ਬੋਡਨਰ ਅਨੁਸਾਰ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਅਜਿਹੀ ਮਹੱਤਵਪੂਰਨ ਸੰਸਥਾ ਅੰਦਰੂਨੀ ਤੌਰ 'ਤੇ ਕਮਜ਼ੋਰ ਹੋ ਕੇ ਖ਼ਤਮ ਹੋ ਸਕਦੀ ਹੈ, ਕਿਉਂਕਿ ਉਸ ਕੋਲ ਆਪਣਾ ਕਾਨੂੰਨੀ ਕੰਮ ਕਰਨ ਲਈ ਲੋੜੀਂਦੀ ਮਾਨਵੀ ਸ਼ਕਤੀ ਹੀ ਨਹੀਂ ਬਚੇਗੀ। ਇਹ ਸਥਿਤੀ ਸੂਬੇ ਦੀ ਭੋਜਨ ਸੁਰੱਖਿਆ ਅਤੇ ਖੇਤੀਬਾੜੀ ਅਰਥਚਾਰੇ ਲਈ ਬਹੁਤ ਹੀ ਨੁਕਸਾਨਦੇਹ ਸਾਬਤ ਹੋ ਸਕਦੀ ਹੈ।

ਕੰਜ਼ਰਵੇਟਿਵ ਪਾਰਟੀ ਦੇ ਖੇਤੀਬਾੜੀ ਆਲੋਚਕ ਅਤੇ ਖੁਦ ਡੇਅਰੀ ਕਿਸਾਨ ਇਆਨ ਪੈਟਨ ਨੇ ਇਸ ਕਟੌਤੀ 'ਤੇ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਬਜਟ ਘਾਟੇ ਦੇ ਨਾਂ 'ਤੇ ਖੇਤੀਬਾੜੀ ਸੈਕਟਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਅਨੁਸਾਰ ਇਹ ਬੀ.ਸੀ. ਵਿੱਚ ਖੇਤੀਬਾੜੀ ਦੇ ਭਵਿੱਖ ਲਈ ਇੱਕ ਬਹੁਤ ਹੀ ਮੰਦਭਾਗਾ ਕਦਮ ਹੈ। ਦੂਜੇ ਪਾਸੇ ਸੈਂਟਰਲ ਸਾਨਿਚ ਦੇ ਮੇਅਰ ਰਿਆਨ ਵਿੰਡਸਰ ਨੇ ਇੱਕ ਵੱਖਰਾ ਨਜ਼ਰੀਆ ਪੇਸ਼ ਕਰਦਿਆਂ ਕਿਹਾ ਕਿ ਕਈ ਵਾਰ ਨਗਰ ਪਾਲਿਕਾਵਾਂ ਅਤੇ ALC ਦੇ ਕੰਮਾਂ ਵਿੱਚ ਦੁਹਰਾਅ ਹੁੰਦਾ ਹੈ। ਉਨ੍ਹਾਂ ਅਨੁਸਾਰ ਜੇਕਰ ਛੋਟੀਆਂ ਰਿਹਾਇਸ਼ੀ ਅਰਜ਼ੀਆਂ ਦੀ ਜਾਂਚ ਸਥਾਨਕ ਨਗਰ ਪਾਲਿਕਾਵਾਂ ਨੂੰ ਸੌਂਪ ਦਿੱਤੀ ਜਾਵੇ, ਤਾਂ ਕਮਿਸ਼ਨ ਦਾ ਬੋਝ ਕੁਝ ਹੱਦ ਤੱਕ ਘੱਟ ਸਕਦਾ ਹੈ।

ਇਸ ਸਾਰੇ ਵਿਵਾਦ ਦਰਮਿਆਨ ਖੇਤੀਬਾੜੀ ਮੰਤਰੀ ਲਾਨਾ ਪੋਪਹਮ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਕਮਿਸ਼ਨ ਵਿੱਚ ਨਿਯਮਾਂ ਨੂੰ ਲਾਗੂ ਕਰਨ ਵਾਲੇ ਮੁਲਾਜ਼ਮਾਂ ਦੀ ਗਿਣਤੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਸਰਕਾਰ ALC ਦੀ ਮਹੱਤਵਪੂਰਨ ਭੂਮਿਕਾ ਦਾ ਸਮਰਥਨ ਕਰਦੀ ਰਹੇਗੀ ਅਤੇ ਸੂਬੇ ਦੀ ਭੋਜਨ ਸੁਰੱਖਿਆ ਅਤੇ ਖੇਤੀਬਾੜੀ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਹਾਲਾਂਕਿ, ਕਮਿਸ਼ਨ ਦੇ ਅੰਦਰੂਨੀ ਹਾਲਾਤ ਦਰਸਾਉਂਦੇ ਹਨ ਕਿ ਵਧਦੀਆਂ ਚੁਣੌਤੀਆਂ ਅਤੇ ਘੱਟਦੇ ਸਾਧਨਾਂ ਵਿਚਕਾਰ ਤਾਲਮੇਲ ਬਣਾਉਣਾ ਆਉਣ ਵਾਲੇ ਸਮੇਂ ਵਿੱਚ ਇੱਕ ਬਹੁਤ ਵੱਡੀ ਚੁਣੌਤੀ ਹੋਵੇਗਾ। ਖੇਤੀਬਾੜੀ ਭਾਈਚਾਰਾ ਹੁਣ ਸਰਕਾਰ ਦੇ ਅਗਲੇ ਕਦਮਾਂ ਵੱਲ ਬੜੀ ਉਮੀਦ ਅਤੇ ਚਿੰਤਾ ਨਾਲ ਦੇਖ ਰਿਹਾ ਹੈ।

This report was written by Divroop Kaur as part of the Local Journalism Initiative.






ਬੀ.ਸੀ. ਸਰਕਾਰ ਅਤੇ ਯੂ.ਬੀ.ਸੀ. ਵਿਚਾਲੇ ਵੱਡਾ ਸਮਝੌਤਾ

# ਟੈੱਕ ਅਤੇ ਲਾਈਫ਼ ਸਾਇੰਸਿਜ਼ ਖੇਤਰ ਵਿੱਚ ਨਿਵੇਸ਼ ਲਈ 4 ਕਰੋੜ ਡਾਲਰ ਦਾ ਫੰਡ ਤਿਆਰ



ਵੈਨਕੂਵਰ (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੀ ਸੂਬਾ ਸਰਕਾਰ ਨੇ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (UBC) ਦੇ ਨਾਲ ਮਿਲ ਕੇ ਇੱਕ ਬਹੁਤ ਹੀ ਅਹਿਮ ਅਤੇ ਦੂਰਗਾਮੀ ਸਾਂਝੇਦਾਰੀ ਦਾ ਐਲਾਨ ਕੀਤਾ ਹੈ, ਜਿਸ ਦਾ ਮੁੱਖ ਉਦੇਸ਼ ਯੂਨੀਵਰਸਿਟੀ ਵਿੱਚ ਵਿਕਸਤ ਕੀਤੇ ਗਏ ਤਕਨੀਕੀ ਅਤੇ ਲਾਈਫ਼ ਸਾਇੰਸਿਜ਼ ਉਤਪਾਦਾਂ ਨੂੰ ਵਪਾਰਕ ਪੱਧਰ 'ਤੇ ਲਿਆਉਣ ਵਿੱਚ ਮਦਦ ਕਰਨਾ ਹੈ । ਇਸ ਨਵੀਂ ਪਹਿਲਕਦਮੀ ਦੇ ਤਹਿਤ 'ਯੂ.ਬੀ.ਸੀ. ਕੈਟਾਲਿਸਟ ਵੈਂਚਰਸ ਫੰਡ' ਦੀ ਸਥਾਪਨਾ ਕੀਤੀ ਗਈ ਹੈ, ਜੋ ਕਿ ਨਵੀਂਆਂ ਖੋਜਾਂ ਨੂੰ ਲੈਬਾਰਟਰੀਆਂ ਵਿੱਚੋਂ ਬਾਹਰ ਕੱਢ ਕੇ ਅਸਲ ਬਾਜ਼ਾਰ ਤੱਕ ਪਹੁੰਚਾਉਣ ਲਈ ਲੋੜੀਂਦੀ ਵਿੱਤੀ ਸਹਾਇਤਾ ਪ੍ਰਦਾਨ ਕਰੇਗਾ । ਇਸ ਫੰਡ ਰਾਹੀਂ ਉਨ੍ਹਾਂ ਕੰਪਨੀਆਂ ਨੂੰ ਮਜ਼ਬੂਤ ਕੀਤਾ ਜਾਵੇਗਾ ਜੋ ਯੂ.ਬੀ.ਸੀ. ਦੇ ਅੰਦਰ ਪੈਦਾ ਹੋਏ ਨਿਵੇਕਲੇ ਵਿਚਾਰਾਂ ਅਤੇ ਵਿਗਿਆਨਕ ਖੋਜਾਂ ਨੂੰ ਅਸਲ ਦੁਨੀਆ ਦੀਆਂ ਗੁੰਝਲਦਾਰ ਸਮੱਸਿਆਵਾਂ ਦੇ ਹੱਲ ਵਜੋਂ ਪੇਸ਼ ਕਰਨਾ ਚਾਹੁੰਦੀਆਂ ਹਨ । ਸੂਬਾ ਸਰਕਾਰ ਦਾ ਮੰਨਣਾ ਹੈ ਕਿ ਇਹ ਕਦਮ ਬ੍ਰਿਟਿਸ਼ ਕੋਲੰਬੀਆ ਨੂੰ ਵਿਸ਼ਵ ਪੱਧਰ 'ਤੇ ਇੱਕ ਨਵੀਨਤਾਕਾਰੀ ਤਕਨੀਕੀ ਗੜ੍ਹ ਵਜੋਂ ਸਥਾਪਿਤ ਕਰਨ ਵਿੱਚ ਬੇਹੱਦ ਮਦਦਗਾਰ ਸਾਬਤ ਹੋਵੇਗਾ।

ਇਸ ਵਿਸ਼ੇਸ਼ ਫੰਡ ਲਈ ਕੁੱਲ 40 ਮਿਲੀਅਨ ਡਾਲਰ (4 ਕਰੋੜ ਡਾਲਰ) ਦਾ ਨਿਵੇਸ਼ ਕੀਤਾ ਜਾ ਰਿਹਾ ਹੈ, ਜਿਸ ਵਿੱਚ ਵੱਖ-ਵੱਖ ਭਾਈਵਾਲਾਂ ਵੱਲੋਂ ਮਹੱਤਵਪੂਰਨ ਯੋਗਦਾਨ ਪਾਇਆ ਗਿਆ ਹੈ । ਬ੍ਰਿਟਿਸ਼ ਕੋਲੰਬੀਆ ਸਰਕਾਰ ਇਸ ਪ੍ਰੋਜੈਕਟ ਵਿੱਚ 10 ਮਿਲੀਅਨ ਡਾਲਰ ਦੀ ਰਾਸ਼ੀ ਖਰਚ ਕਰ ਰਹੀ ਹੈ, ਜਦਕਿ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵੱਲੋਂ ਵੀ ਬਰਾਬਰ 10 ਮਿਲੀਅਨ ਡਾਲਰ ਦਾ ਹਿੱਸਾ ਪਾਇਆ ਜਾ ਰਿਹਾ ਹੈ । ਬਾਕੀ ਦੇ 20 ਮਿਲੀਅਨ ਡਾਲਰ ਨਿੱਜੀ ਨਿਵੇਸ਼ਕਾਂ ਵੱਲੋਂ ਪ੍ਰਾਪਤ ਕੀਤੇ ਗਏ ਹਨ, ਜੋ ਕਿ ਇਸ ਫੰਡ ਦੀ ਵਿੱਤੀ ਸਥਿਰਤਾ ਅਤੇ ਭਵਿੱਖੀ ਵਿਕਾਸ ਨੂੰ ਯਕੀਨੀ ਬਣਾਉਣਗੇ । ਸੂਬਾਈ ਸਰਕਾਰ ਵੱਲੋਂ ਇਹ ਫੰਡ 'InBC' ਨਾਮਕ ਇੱਕ ਕ੍ਰਾਊਨ ਕਾਰਪੋਰੇਸ਼ਨ ਰਾਹੀਂ ਦਿੱਤਾ ਜਾ ਰਿਹਾ ਹੈ, ਜੋ ਕਿ ਵਿਸ਼ੇਸ਼ ਤੌਰ 'ਤੇ ਬੀ.ਸੀ. ਦੇ ਕਾਰੋਬਾਰਾਂ ਦੇ ਵਾਧੇ, ਨੌਕਰੀਆਂ ਦੇ ਨਿਰਮਾਣ ਅਤੇ ਉੱਚ-ਪੱਧਰੀ ਖੋਜ ਕਾਰਜਾਂ ਵਿੱਚ ਨਿਵੇਸ਼ ਕਰਨ ਲਈ ਬਣਾਈ ਗਈ ਹੈ ।

ਇਸ ਫੰਡ ਦਾ ਮੁੱਖ ਕੇਂਦਰ ਉਨ੍ਹਾਂ ਕੰਪਨੀਆਂ 'ਤੇ ਹੋਵੇਗਾ ਜੋ ਯੂ.ਬੀ.ਸੀ. ਦੀਆਂ ਲਾਇਸੰਸਸ਼ੁਦਾ ਖੋਜਾਂ 'ਤੇ ਅਧਾਰਤ ਉਤਪਾਦ ਤਿਆਰ ਕਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਵਪਾਰਕ ਰੂਪ ਦੇਣ ਦੀ ਕੋਸ਼ਿਸ਼ ਵਿੱਚ ਹਨ । ਇਸ ਤੋਂ ਇਲਾਵਾ, ਇਹ ਫੰਡ ਉਨ੍ਹਾਂ ਨਵੇਂ ਸਟਾਰਟਅੱਪਸ ਲਈ ਵੀ ਉਪਲਬਧ ਹੋਵੇਗਾ ਜੋ ਯੂਨੀਵਰਸਿਟੀ ਦੇ ਫੈਕਲਟੀ ਮੈਂਬਰਾਂ, ਸਟਾਫ਼, ਵਿਦਿਆਰਥੀਆਂ ਅਤੇ ਹਾਲ ਹੀ ਵਿੱਚ ਪੜ੍ਹਾਈ ਪੂਰੀ ਕਰਨ ਵਾਲੇ ਸਾਬਕਾ ਵਿਦਿਆਰਥੀਆਂ ਦੁਆਰਾ ਸਥਾਪਿਤ ਕੀਤੇ ਗਏ ਹਨ । ਸੂਬੇ ਦੇ ਰੁਜ਼ਗਾਰ ਅਤੇ ਕਿੱਤਾਮੁਖੀ ਸਿਖਲਾਈ ਮੰਤਰੀ ਰਵੀ ਕਾਹਲੋਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਇਹ ਫੰਡ ਸ਼ੁਰੂਆਤੀ ਤੌਰ 'ਤੇ ਲਾਈਫ਼ ਸਾਇੰਸਿਜ਼ ਅਤੇ ਡੀਪ ਟੈੱਕ (deep tech) ਖੇਤਰਾਂ ਵਿੱਚ ਨਿਵੇਸ਼ ਕਰਨ ਨੂੰ ਤਰਜੀਹ ਦੇਵੇਗਾ । ਇਹ ਉਹ ਖੇਤਰ ਹਨ ਜਿੱਥੇ ਬ੍ਰਿਟਿਸ਼ ਕੋਲੰਬੀਆ ਪਹਿਲਾਂ ਹੀ ਇੱਕ ਗਲੋਬਲ ਲੀਡਰ ਵਜੋਂ ਉੱਭਰ ਰਿਹਾ ਹੈ ਅਤੇ ਜਿੱਥੇ ਨਵੀਂ ਦੁਨੀਆ ਦੀਆਂ ਅਸਲ ਅਤੇ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਵੀਨਤਾਕਾਰੀ ਉਤਪਾਦਾਂ ਦੀ ਸਖ਼ਤ ਜ਼ਰੂਰਤ ਹੈ ।

ਮੰਤਰੀ ਕਾਹਲੋਂ ਨੇ ਇਹ ਵੀ ਸਪੱਸ਼ਟ ਕੀਤਾ ਕਿ InBC ਸੂਬਾ ਸਰਕਾਰ ਤੋਂ ਪੂਰੀ ਤਰ੍ਹਾਂ ਸੁਤੰਤਰ ਤੌਰ 'ਤੇ ਕੰਮ ਕਰਦੀ ਹੈ ਅਤੇ ਇਸ ਨਿਵੇਸ਼ ਦਾ ਹਾਲ ਹੀ ਵਿੱਚ ਐਲਾਨੇ ਗਏ 400 ਮਿਲੀਅਨ ਡਾਲਰ ਦੇ ਸੂਬਾਈ ਫੰਡ ਨਾਲ ਕੋਈ ਸਬੰਧ ਨਹੀਂ ਹੈ । ਜ਼ਿਕਰਯੋਗ ਹੈ ਕਿ ਉਹ 400 ਮਿਲੀਅਨ ਡਾਲਰ ਦਾ ਫੰਡ ਸਰਕਾਰ ਨੂੰ ਵੱਡੇ ਪ੍ਰੋਜੈਕਟਾਂ ਵਿੱਚ ਇਕੁਇਟੀ ਹਿੱਸੇਦਾਰੀ ਲੈਣ ਦੀ ਇਜਾਜ਼ਤ ਦਿੰਦਾ ਹੈ, ਜਦਕਿ ਯੂ.ਬੀ.ਸੀ. ਕੈਟਾਲਿਸਟ ਫੰਡ ਦਾ ਕਾਰਜ ਖੇਤਰ ਅਤੇ ਢਾਂਚਾ ਬਿਲਕੁਲ ਵੱਖਰਾ ਹੈ । ਸਰਕਾਰ ਦੀ ਇਸ ਨਵੀਂ ਪਹਿਲਕਦਮੀ ਨਾਲ ਨਾ ਸਿਰਫ਼ ਉੱਚ-ਪੱਧਰੀ ਨੌਕਰੀਆਂ ਦੇ ਨਵੇਂ ਮੌਕੇ ਪੈਦਾ ਹੋਣਗੇ, ਸਗੋਂ ਸਥਾਨਕ ਪੱਧਰ 'ਤੇ ਅਜਿਹੀਆਂ ਤਕਨੀਕਾਂ ਦਾ ਵਿਕਾਸ ਹੋਵੇਗਾ ਜੋ ਸਿਹਤ ਸੇਵਾਵਾਂ, ਵਾਤਾਵਰਣ ਅਤੇ ਹੋਰ ਅਹਿਮ ਖੇਤਰਾਂ ਵਿੱਚ ਵੱਡੀ ਤਬਦੀਲੀ ਲਿਆ ਸਕਦੀਆਂ ਹਨ । ਇਸ ਸਾਂਝੇਦਾਰੀ ਨਾਲ ਯੂਨੀਵਰਸਿਟੀ ਅਤੇ ਉਦਯੋਗ ਜਗਤ ਵਿਚਾਲੇ ਦੂਰੀਆਂ ਘਟਣਗੀਆਂ ਅਤੇ ਖੋਜਕਾਰਾਂ ਨੂੰ ਆਪਣੀਆਂ ਲੱਭਤਾਂ ਨੂੰ ਸਫ਼ਲ ਅਤੇ ਲਾਹੇਵੰਦ ਕਾਰੋਬਾਰਾਂ ਵਿੱਚ ਬਦਲਣ ਲਈ ਲੋੜੀਂਦਾ ਵਿੱਤੀ ਹੁਲਾਰਾ ਮਿਲੇਗਾ, ਜੋ ਅੰਤ ਵਿੱਚ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਕਰੇਗਾ।

This report was written by Divroop Kaur as part of the Local Journalism Initiative.

---

ੴ ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕ ਸਦੇ ਉਠੀ ਜਾਹਿ ॥

IN LOVING MEMORY OF



## Ram Labhai Sarpal

May 5th 1943 - March 24th 2026

**FUNERAL SERVICE**
Tuesday, March 31, 2026
Service Commences at **1:00 PM**
Riverside Funeral Home
7410 Hopcott Rd, Delta, BC V4G 1B6

**ANTAM ARDASS (BHOG)**
Immediately following the funeral service
Khalsa Diwan Society (Ross St. Sikh Temple)

604-889-8649 | 604-325-0631

---

ੴ
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ।
ਘਲੇ ਅਵਹਿ ਨਾਨਕਾ ਸਦੇ ਉਠੀ ਜਾਹਿ॥



ਬੜੇ ਦੁਖੀ ਹਿਰਦੇ ਨਾਲ ਦੱਸਿਆ ਜਾਂਦਾ ਹੈ ਕਿ
ਸਾਡੇ ਹਰਮਨਪਿਆਰੇ

## ਗੁਰਪ੍ਰੀਤ ਸਿੰਘ ਸਿੱਧੂ

ਸ. ਹਰਦੇਵ ਸਿੰਘ ਸਿੱਧੂ ਦੇ ਪਿਆਰੇ ਪੋਤਰੇ ਅਤੇ
ਸ. ਰਣਜੀਤ ਸਿੰਘ ਸਿੱਧੂ ਦੇ ਸਪੁੱਤਰ, ਭੁੱਚੋ ਮੰਡੀ (ਬਠਿੰਡਾ) ਤੋਂ।

ਅਕਾਲ ਪੁਰਖ ਵੱਲੋਂ ਬਖ਼ਸ਼ੀ ਸਾਹਾਂ ਦੀ ਪੂੰਜੀ ਭੋਗ ਕੇ 22 ਮਾਰਚ 2026 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ। ਉਨ੍ਹਾਂ ਦੇ ਪੰਜ ਭੌਤਿਕ ਸਰੀਰ ਦਾ

ਅੰਤਿਮ ਸੰਸਕਾਰ 29 ਮਾਰਚ ਦਿਨ ਐਤਵਾਰ ਨੂੰ

ਫਰੇਜ਼ਰ ਰਿਵਰ ਫਿਊਨਰਲ ਹੋਮ (2061 ਰਿਵਰਸਾਈਡ ਰੋਡ, ਐਬਟਸਫੋਰਡ, ਬੀ.ਸੀ.) ਵਿਖੇ ਬਾਅਦ ਦੁਪਹਿਰ 12.30 ਵਜੇ ਕੀਤਾ ਜਾਵੇਗਾ। ਵਿਛੜੀ ਰੂਹ ਦੀ ਸ਼ਾਂਤੀ ਲਈ ਦਾ ਭੋਗ ਅਤੇ ਅੰਤਿਮ ਅਰਦਾਸ ਦੀਆਂ ਰਸਮਾਂ ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ (30640 ਬਲੂਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਵਿਖੇ ਸੰਪੂਰਨ ਕੀਤੀਆਂ ਜਾਣਗੀਆਂ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ

ਸ. ਹਰਦੀਪ ਸਿੰਘ ਸਿੱਧੂ 604-309-4582

# ਲੋਅਰ ਮੇਨਲੈਂਡ ’ਚ ਗੈਸ ਤੋਂ ਬਾਅਦ ਹੁਣ ਖਾਣ-ਪੀਣ ਦੀਆਂ ਚੀਜ਼ਾਂ ਹੋਰ ਮਹਿੰਗੀਆਂ ਹੋਣ ਦਾ ਖ਼ਦਸ਼ਾ

### ਜੰਗ ਕਾਰਨ ਤੇਲ ਦੀਆਂ ਵਧਦੀਆਂ ਕੀਮਤਾਂ ਨੇ ਹਿਲਾਏ ਛੋਟੇ ਕਾਰੋਬਾਰ, ਸਪਲਾਈ ਚੇਨ ਹੋ ਰਹੀ ਪ੍ਰਭਾਵਿਤ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੇ ਲੋਅਰ ਮੇਨਲੈਂਡ ਖੇਤਰ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਹੋ ਰਿਹਾ ਲਗਾਤਾਰ ਵਾਧਾ ਆਮ ਨਾਗਰਿਕਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ । ਇਰਾਨ ਵਿਰੁੱਧ ਅਮਰੀਕਾ ਅਤੇ ਇਜ਼ਰਾਈਲ ਦੇ ਵਧਦੇ ਕੌਮਾਂਤਰੀ ਤਣਾਅ ਨੇ ਵਿਸ਼ਵ ਪੱਧਰ ‘ਤੇ ਤੇਲ ਦੇ ਬਾਜ਼ਾਰ ਵਿੱਚ ਭਾਰੀ ਉਤਲ-ਪੁਤਲ ਪੈਦਾ ਕਰ ਦਿੱਤੀ ਹੈ । ਸੋਮਵਾਰ ਨੂੰ ਇਸ ਖੇਤਰ ਵਿੱਚ ਗੈਸ ਦੀ ਕੀਮਤ 2.14 ਡਾਲਰ ਪ੍ਰਤੀ ਲੀਟਰ ਦੇ ਉੱਚੇ ਪੱਧਰ ‘ਤੇ ਦਰਜ ਕੀਤੀ ਗਈ, ਜੋ ਕਿ ਪਿਛਲੇ ਹਫ਼ਤੇ ਤੋਂ ਲਗਾਤਾਰ ਸਥਿਰ ਬਣੀ ਹੋਈ ਹੈ । ਆਰਥਿਕ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹ ਜੰਗੀ ਹਾਲਾਤ ਲੰਬੇ ਸਮੇਂ ਤੱਕ ਜਾਰੀ ਰਹਿੰਦੇ ਹਨ, ਤਾਂ ਤੇਲ ਦੀਆਂ ਵਧਦੀਆਂ ਕੀਮਤਾਂ ਦਾ ਸਿੱਧਾ ਅਤੇ ਮਾਰੂ ਅਸਰ ਆਉਣ ਵਾਲੇ ਦਿਨਾਂ ਵਿੱਚ ਰੋਜ਼ਾਨਾ ਵਰਤੋਂ ਦੀਆਂ ਖ਼ੁਰਾਕੀ ਵਸਤੂਆਂ ‘ਤੇ ਵੀ ਦੇਖਣ ਨੂੰ ਮਿਲੇਗਾ । ਅਨੁਮਾਨ ਹੈ ਕਿ ਅਪ੍ਰੈਲ ਦੇ ਅੰਤ ਤੱਕ ਕਰਿਆਨੇ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਵੱਡਾ ਉਛਾਲ ਆ ਸਕਦਾ ਹੈ।



ਡਲਹੌਜ਼ੀ ਯੂਨੀਵਰਸਿਟੀ ਦੇ ਐਗਰੀ-ਫੂਡ ਐਨਾਲਿਟਿਕਸ ਲੈਬ ਦੇ ਪ੍ਰੋਫੈਸਰ ਸਿਲਵੇਨ ਚਾਰਲੇਬੋਇਸ ਅਨੁਸਾਰ ਜੇਕਰ ਕੱਚੇ ਤੇਲ ਦੀ ਕੀਮਤ 100 ਡਾਲਰ ਪ੍ਰਤੀ ਬੈਰਲ ਦੇ ਆਸ-ਪਾਸ ਟਿਕੀ ਰਹਿੰਦੀ ਹੈ, ਤਾਂ ਇੱਕ ਔਸਤ ਚਾਰ ਮੈਂਬਰਾਂ ਵਾਲੇ ਕੈਨੇਡੀਅਨ ਪਰਿਵਾਰ ਨੂੰ ਸਾਲਾਨਾ ਖਾਣ-ਪੀਣ ‘ਤੇ 400 ਤੋਂ 600 ਡਾਲਰ ਵਾਧੂ ਖਰਚ ਕਰਨੇ ਪੈ ਸਕਦੇ ਹਨ । ਇਸ ਵਿੱਤੀ ਬੋਝ ਦਾ ਮੁੱਖ ਕਾਰਨ ਇਰਾਨ ਵਿੱਚ ਜਾਰੀ ਹਮਲੇ ਅਤੇ ਵਿਸ਼ਵਵਿਆਪੀ ਸਪਲਾਈ ਚੇਨ ਵਿੱਚ ਪੈਦਾ ਹੋਈਆਂ ਰੁਕਾਵਟਾਂ ਹਨ । ਖ਼ਾਸ ਤੌਰ ‘ਤੇ ਮੀਟ, ਡੇਅਰੀ ਉਤਪਾਦ, ਤਾਜ਼ਾ ਸਬਜ਼ੀਆਂ ਅਤੇ ਸਮੁੰਦਰੀ ਭੋਜਨ (ਸੀ-ਫੂਡ) ਦੀਆਂ ਕੀਮਤਾਂ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ, ਕਿਉਂਕਿ ਇਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਰੈਫ੍ਰਿਜਰੇਟਿਡ ਟਰੱਕਾਂ ਦੀ ਲੋੜ ਹੁੰਦੀ ਹੈ, ਜੋ ਮਹਿੰਗੇ ਡੀਜ਼ਲ ਕਾਰਨ ਸੰਚਾਲਨ ਲਾਗਤ ਵਧਾ ਦਿੰਦੇ ਹਨ । ।

ਪ੍ਰੋਫੈਸਰ ਚਾਰਲੇਬੋਇਸ ਨੇ ਆਰਥਿਕਤਾ ‘ਤੇ ਪੈਣ ਵਾਲੀ ‘ਦੋਹਰੀ ਮਾਰ’ ਬਾਰੇ ਸੁਚੇਤ ਕਰਦਿਆਂ ਕਿਹਾ ਕਿ ਜਿੱਥੇ ਇੱਕ ਪਾਸੇ ਊਰਜਾ ਦੇ ਖਰਚੇ ਵਧ ਰਹੇ ਹਨ, ਉੱਥੇ ਹੀ ਦੂਜੇ ਪਾਸੇ ਖਾਦਾਂ ਦੀ ਸਪਲਾਈ ਪ੍ਰਭਾਵਿਤ ਹੋਣ ਨਾਲ ਫਸਲਾਂ ਦੇ ਝਾੜ ‘ਤੇ ਮਾੜਾ ਅਸਰ ਪੈ ਸਕਦਾ ਹੈ । ਇਸ ਸਥਿਤੀ ਕਾਰਨ ਸਾਲ ਦੇ ਮੱਧ ਤੱਕ ਕੌਮਾਂਤਰੀ ਬਾਜ਼ਾਰਾਂ ਵਿੱਚ ਵਸਤੂਆਂ ਦੀਆਂ ਕੀਮਤਾਂ ਹੋਰ ਵੀ ਉੱਪਰ ਜਾ ਸਕਦੀਆਂ ਹਨ । ਇਸ ਦਾ ਅਸਰ ਸਿਰਫ਼ ਖੇਤੀਬਾੜੀ ਤੱਕ ਸੀਮਤ ਨਹੀਂ ਰਹੇਗਾ, ਸਗੋਂ ਨਿਰਮਾਣ ਖੇਤਰ ਵਿੱਚ ਵੀ ਇਨਪੁਟ ਲਾਗਤਾਂ ਵਧ ਜਾਣਗੀਆਂ । ਇਹ ਦੋਹਰੀ ਮਾਰ ਸਾਲ ਦੇ ਅਖੀਰ ਤੱਕ ਕੈਨੇਡੀਅਨ ਆਰਥਿਕਤਾ ਨੂੰ ਗੰਭੀਰ ਚੁਣੌਤੀਆਂ ਵੱਲ ਧੱਕ ਸਕਦੀ ਹੈ, ਜਿਸ ਨਾਲ ਮਹਿੰਗਾਈ ਦੀ ਦਰ ਬੇਕਾਬੂ ਹੋਣ ਦਾ ਖ਼ਦਸ਼ਾ ਹੈ।

ਬ੍ਰਿਟਿਸ਼ ਕੋਲੰਬੀਆ ਦੇ ਛੋਟੇ ਕਾਰੋਬਾਰੀ ਵੀ ਬਾਲਣ ਦੀਆਂ ਇਨ੍ਹਾਂ ਵਧਦੀਆਂ ਕੀਮਤਾਂ ਕਾਰਨ ਬੇਹੱਦ ਪ੍ਰੇਸ਼ਾਨ ਹਨ । ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸ (CFIB) ਅਨੁਸਾਰ ਭਾਵੇਂ ਬਹੁਤ ਸਾਰੇ ਕਾਰੋਬਾਰੀ ਮਾਲਕ ਇਸ ਵਧੇ ਹੋਏ ਖਰਚੇ ਨੂੰ ਹੁਣ ਤੱਕ ਖੁਦ ਸਹਿਣ ਕਰ ਰਹੇ ਹਨ, ਪਰ ਲੰਬੇ ਸਮੇਂ ਤੱਕ ਅਜਿਹਾ ਕਰਨਾ ਅਸੰਭਵ ਹੋਵੇਗਾ । ਸਥਾਨਕ ਸੇਵਾਵਾਂ ਜਿਵੇਂ ਕਿ ਪਲੰਬਰ, ਇਲੈਕਟ੍ਰੀਸ਼ੀਅਨ ਅਤੇ ਡਿਲੀਵਰੀ ਸੇਵਾਵਾਂ ਦੀ ਲਾਗਤ ਪਹਿਲਾਂ ਹੀ ਵਧ ਚੁੱਕੀ ਹੈ । ਸੰਸਥਾ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਕੈਨੇਡਾ ਦੇ ਘਰੇਲੂ ਊਰਜਾ ਸਰੋਤਾਂ ਨੂੰ ਵਿਕਸਤ ਕਰਨ ਲਈ ਤੇਜ਼ੀ ਨਾਲ ਕਦਮ ਚੁੱਕੇ ਤਾਂ ਜੋ ਵਿਦੇਸ਼ੀ ਨਿਰਭਰਤਾ ਨੂੰ ਘਟਾਇਆ ਜਾ ਸਕੇ ਅਤੇ ਆਮ ਜਨਤਾ ਨੂੰ ਅਜਿਹੇ ਵਿੱਤੀ ਸੰਕਟਾਂ ਤੋਂ ਬਚਾਇਆ ਜਾ ਸਕੇ। This report was written by Divroop Kaur as part of the Local Journalism Initiative.

# ਸਰੀ ਦੇ ਗੇਟਵੇ ਸਕਾਈ-ਟ੍ਰੇਨ ਸਟੇਸ਼ਨ ’ਤੇ 55 ਸਾਲਾ ਵਿਅਕਤੀ ਹਥਿਆਰਾਂ ਸਹਿਤ ਕਾਬੂ

ਸਰੀ, (ਦਿਵਰੂਪ ਕੌਰ): ਮੈਟਰੋ ਵੈਨਕੂਵਰ ਟ੍ਰਾਂਜ਼ਿਟ ਪੁਲਿਸ ਨੇ ਸਰੀ ਦੇ ਗੇਟਵੇ ਸਕਾਈ-ਟ੍ਰੇਨ ਸਟੇਸ਼ਨ ‘ਤੇ ਇੱਕ ਅਹਿਮ ਕਾਰਵਾਈ ਕਰਦਿਆਂ ਇੱਕ 55 ਸਾਲਾ ਵਿਅਕਤੀ ਨੂੰ ਲੋਡਿਡ ਹਥਿਆਰ ਸਹਿਤ ਗ੍ਰਿਫ਼ਤਾਰ ਕੀਤਾ ਹੈ । ਇਹ ਘਟਨਾ 23 ਮਾਰਚ ਨੂੰ ਸਵੇਰੇ ਲਗਭਗ 10 ਵਜੇ ਵਾਪਰੀ ਜਦੋਂ ਪੁਲਿਸ ਅਧਿਕਾਰੀ ਰੋਜ਼ਾਨਾ ਵਾਂਗ ਯਾਤਰੀਆਂ ਦੇ ਕਿਰਾਏ ਅਤੇ ਟਿਕਟਾਂ ਦੀ ਜਾਂਚ ਕਰ ਰਹੇ ਸਨ । ਜਾਂਚ ਦੌਰਾਨ ਪੁਲਿਸ ਨੇ ਦੇਖਿਆ ਕਿ ਇੱਕ ਵਿਅਕਤੀ ਕਿਰਾਇਆ ਦਿੱਤੇ ਬਿਨਾਂ ਹੀ ਇੱਕ ਹੋਰ ਯਾਤਰੀ ਦੇ ਪਿੱਛੇ-ਪਿੱਛੇ ਗੇਟਾਂ ਰਾਹੀਂ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਪੁਲਿਸ ਅਧਿਕਾਰੀਆਂ ਨੇ ਉਸ ਵਿਅਕਤੀ ਨੂੰ ਰੋਕ ਕੇ ਪੁੱਛਗਿੱਛ ਕੀਤੀ, ਤਾਂ ਮਾਮਲਾ ਕਾਫ਼ੀ ਗੰਭੀਰ ਨਿਕਲਿਆ। ਪੁਲਿਸ ਅਨੁਸਾਰ ਮੁਢਲੀ ਜਾਂਚ ਵਿੱਚ ਪਤਾ ਲੱਗਿਆ ਕਿ ਉਕਤ ਵਿਅਕਤੀ ਵਿਰੁੱਧ ਪਹਿਲਾਂ ਹੀ ਕਈ ਗ੍ਰਿਫ਼ਤਾਰੀ ਵਾਰੰਟ ਜਾਰੀ ਹੋ ਚੁੱਕੇ ਸਨ । ਪੁਲਿਸ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਉਸ ਕੋਲੋਂ ਇੱਕ ਲੋਡਿਡ ਹੈਂਡਗੰਨ ਅਤੇ ਭਾਰੀ ਮਾਤਰਾ ਵਿੱਚ ਗੋਲੀ-ਸਿੱਕਾ ਬਰਾਮਦ ਹੋਇਆ । ਇਸ ਗ੍ਰਿਫ਼ਤਾਰੀ ਨੇ ਟ੍ਰਾਂਜ਼ਿਟ ਪ੍ਰਣਾਲੀ ਵਿੱਚ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲਿਸ ਦੀ ਨਿਗਰਾਨੀ ਦੀ ਅਹਿਮੀਅਤ ਨੂੰ ਇੱਕ ਵਾਰ ਫਿਰ ਉਜਾਗਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਰੋਜਰ ਡੇਵਿਡ ਮੋਵਟ ਵਜੋਂ ਹੋਈ ਹੈ । ਪੁਲਿਸ ਨੇ ਮੋਵਟ ‘ਤੇ ਲੋਡਿਡ ਪਾਬੰਦੀਸ਼ੁਦਾ ਜਾਂ ਪ੍ਰਤਿਬੰਧਿਤ ਹਥਿਆਰ ਰੱਖਣ ਦੇ ਗੰਭੀਰ ਦੋਸ਼ ਲਗਾਏ ਹਨ । ਮੁਲਜ਼ਮ ਨੂੰ ਫਿਲਹਾਲ ਪੁਲਿਸ ਹਿਰਾਸਤ ਵਿੱਚ ਰੱਖਿਆ ਗਿਆ ਹੈ ਅਤੇ ਉਸ ਦੀ ਅਗਲੀ ਪੇਸ਼ੀ 31 ਮਾਰਚ ਨੂੰ ਸਰੀ ਦੀ ਸੂਬਾਈ ਅਦਾਲਤ ਵਿੱਚ ਹੋਣੀ ਨਿਸ਼ਚਿਤ ਕੀਤੀ ਗਈ ਹੈ । ਪੁਲਿਸ ਇਸ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕਰ ਰਹੀ ਹੈ ਤਾਂ ਜੋ ਹਥਿਆਰ ਦੇ ਸਰੋਤ ਅਤੇ ਮੁਲਜ਼ਮ ਦੇ ਇਰਾਦਿਆਂ ਬਾਰੇ ਪਤਾ ਲਗਾਇਆ ਜਾ ਸਕੇ। ਟ੍ਰਾਂਜ਼ਿਟ ਪੁਲਿਸ ਦੀ ਕਾਂਸਟੇਬਲ ਅਮਾਂਡਾ ਸਟੀਡ ਨੇ ਇਸ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੁਲਿਸ ਦੇ ਰੋਜ਼ਾਨਾ ਦੇ ਸਾਧਾਰਨ ਕੰਮਾਂ ਦੇ ਕਈ ਵਾਰ ਬਹੁਤ ਪ੍ਰਭਾਵਸ਼ਾਲੀ ਨਤੀਜੇ ਨਿਕਲਦੇ ਹਨ । ਉਨ੍ਹਾਂ ਅਨੁਸਾਰ ਸਿਰਫ਼ ਕਿਰਾਏ ਦੀ ਜਾਂਚ ਕਰਨ ਵਰਗੀ ਸਾਧਾਰਨ ਪ੍ਰਕਿਰਿਆ ਰਾਹੀਂ ਇੱਕ ਖ਼ਤਰਨਾਕ ਹਥਿਆਰ ਨੂੰ ਲੋਕਾਂ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਜ਼ਬਤ ਕਰ ਲਿਆ ਗਿਆ ।


UNIVERSAL FINGERPRINTING SERVICE

RCMP Criminal Record Check Fingerprints for:

*Permanent Residence
*Canadian Citizenship
*Security License
*Employment
*Name Change
*Privacy Act Request
*Visa/Border Crossing/
*Foreign Travel/Work
*Vulnerable Sector Checks
*US Entry Waiver
*Record Suspension Application
*FBI Fingerprints
*Digitize the ink fingerprints
*Ink Fingerprints
*Name Based Record Checks

•ਪਰਮਾਨੈਂਟ ਰੈਜੀਡੈਂਸ
•ਕਨੇਡੀਅਨ ਸਿਟੀਜਨਸ਼ਿਪ
•ਸਕਿਓਰਟੀ ਲਾਇਸੰਸ •ਇੰਪਲਾਇਮੈਂਟ
•ਨਾਮ ਬਦਲੀ •ਪ੍ਰਾਈਵੇਸੀ ਐਕਟ ਰਿਕੁਐਸਟ
•ਵਲਨਰਏਬਲ ਸੈਕਟਰ ਚੈਕਸ
•ਯੂ ਐਸ ਐਂਟਰੀ ਵੇਵਰ
•ਵੀਜਾ/ਬਾਰਡਰ ਕਰਾਸਿੰਗ/ਫੌਰਨ ਟਰੈਵਲ/ਕੰਮ
•ਰਿਕਾਰਡ ਸਸਪੈਂਸ਼ਨ ਐਪਲੀਕੇਸ਼ਨ
•ਐਫ ਬੀ ਆਈ ਫਿੰਗਰਪ੍ਰਿੰਟ
•ਡਿਜੀਟਲ ਦਾ ਇੰਕ ਫਿੰਗਰਪ੍ਰਿੰਟਸ
•ਇੰਕ ਫਿੰਗਰਪ੍ਰਿੰਟਸ
•ਨਾਮ ਬੇਸਡ ਰਿਕਾਰਡ ਚੈੱਕ

EAST WEST IMMIGRATION SERVICES INC.

*INDIA VISA *India E Visa, UK & Schengen Visa
*Entry Visa Application for 1 year & 5 years
*Overseas Citizenship of India Application (OCI)
*ਇੰਡੀਅਨ ਵੀਜ਼ਾ *ਇੰਡੀਅਨ ਈ-ਵੀਜ਼ਾ *ਯੂਕੇ & Schengen ਵੀਜ਼ਾ
*ਐਂਟਰੀ ਵੀਜਾ ਐਪਲੀਕੇਸ਼ਨ (1 ਸਾਲ ਅਤੇ 5 ਸਾਲ)
*ਓਵਰਸੀਜ ਸਿਟੀਜਨਸ਼ਿਪ ਆਫ ਇੰਡੀਆ (ਓਸੀਆਈ)

*Indian PCC
*Indian Passport Renewal
*OCI Applications
*Visitor Visa Application
*Canadian Citizenship Application
*US Visa Application
*PR card renewal Application
*BC-Name Change Application

•ਇੰਡੀਅਨ ਪੀ ਸੀ ਸੀ
•ਇੰਡੀਅਨ ਪਾਸਪੋਰਟ ਰੀਨਿਊ
•ਓ ਸੀ ਆਈ ਐਪਲੀਕੇਸ਼ਨਜ
•ਵਿਜਟਰ ਵੀਜਾ ਐਪਲੀਕੇਸ਼ਨ
•ਕਨੇਡੀਅਨ ਸਿਟੀਜਨਸ਼ਿਪ ਐਪਲੀਕੇਸ਼ਨ
•ਯੂ ਐਸ ਵੀਜਾ ਐਪਲੀਕੇਸ਼ਨ
•ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ
•ਬੀ ਸੀ ਨਾਮ ਚੇਂਜ ਐਪਲੀਕੇਸ਼ਨ

Parminder Kindhra CICC CCIC

PH : 604-503-8898

#303-(3rd floor) 8318-120St, Surrey Email:office@universalfingerprinting.com OPEN 7 DAYS A WEEK

# ਡਿਪੋਰਟੇਸ਼ਨ ਦਾ ਰੌਲਾ ਅਤੇ ਫਿਰੌਤੀਆਂ ਦਾ ਜਾਲ ਸਿਰਫ਼ ਦੇਸ਼ ਨਿਕਾਲੇ ਨਾਲ ਸਥਾਈ ਹੱਲ ਸੰਭਵ ਹੈ?

ਸੰਪਾਦਕੀ ਮੰਡਲ

ਅੱਜ-ਕੱਲ੍ਹ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ 'ਡਿਪੋਰਟੇਸ਼ਨ' ਜਾਂ ਦੇਸ਼ ਨਿਕਾਲੇ ਦੀਆਂ ਖ਼ਬਰਾਂ ਬਹੁਤ ਪ੍ਰਮੁੱਖਤਾ ਨਾਲ ਛਪ ਰਹੀਆਂ ਹਨ। ਜਦੋਂ ਵੀ ਕਿਸੇ ਅਪਰਾਧਿਕ ਘਟਨਾ ਵਿੱਚ ਕਿਸੇ ਪਰਵਾਸੀ ਜਾਂ ਬਾਹਰਲੇ ਨੌਜਵਾਨ ਦਾ ਨਾਮ ਆਉਂਦਾ ਹੈ, ਤਾਂ ਪ੍ਰਸ਼ਾਸਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਅਕਸਰ ਇਹ ਪ੍ਰਭਾਵ ਦਿੱਤਾ ਜਾਂਦਾ ਹੈ ਕਿ ਅਜਿਹੇ ਵਿਅਕਤੀਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣਾ ਹੀ ਸਮੱਸਿਆ ਦਾ ਇੱਕੋ-ਇੱਕ ਹੱਲ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸਿਰਫ਼ ਦੇਸ਼ ਨਿਕਾਲਾ ਦੇਣ ਨਾਲ ਫਿਰੌਤੀਆਂ, ਲੁੱਟ-ਖਸੁੱਟ ਅਤੇ ਸੰਗਠਿਤ ਅਪਰਾਧ ਦੇ ਵਧਦੇ ਗ੍ਰਾਫ ਨੂੰ ਰੋਕਿਆ ਜਾ ਸਕਦਾ ਹੈ?

ਹਕੀਕਤ ਇਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਿਆ ਜਾ ਰਿਹਾ ਹੈ, ਉਹ ਅਸਲ ਵਿੱਚ ਇਸ ਅਪਰਾਧਿਕ ਮਸ਼ੀਨਰੀ ਦੇ ਬਹੁਤ ਛੋਟੇ ਪੁਰਜ਼ੇ ਜਾਂ ਸਿਰਫ਼ ਮੋਹਰੇ ਹੁੰਦੇ ਹਨ। ਅਸਲੀ ਸਮੱਸਿਆ ਉਹ ਲੋਕ ਹਨ ਜੋ ਪਰਦੇ ਦੇ ਪਿੱਛੇ ਬੈਠ ਕੇ ਇਨ੍ਹਾਂ ਕਾਰਵਾਈਆਂ ਨੂੰ ਨਿਰਦੇਸ਼ਿਤ ਕਰਦੇ ਹਨ ਅਤੇ ਨੌਜਵਾਨਾਂ ਨੂੰ ਅਪਰਾਧ ਦੀ ਦਲਦਲ ਵਿੱਚ ਧੱਕਦੇ ਹਨ।




ਸੰਗਠਿਤ ਅਪਰਾਧ ਦੀ ਬਣਤਰ ਬਹੁਤ ਗੁੰਝਲਦਾਰ ਹੁੰਦੀ ਹੈ। ਫਿਰੌਤੀਆਂ ਮੰਗਣ ਵਾਲੇ ਗਰੋਹ ਅਕਸਰ ਤਿੰਨ ਪੱਧਰਾਂ 'ਤੇ ਕੰਮ ਕਰਦੇ ਹਨ। ਪਹਿਲੇ ਪੱਧਰ 'ਤੇ ਉਹ ਲੋਕ ਹੁੰਦੇ ਹਨ ਜੋ ਜ਼ਮੀਨੀ ਪੱਧਰ 'ਤੇ ਅਪਰਾਧ ਨੂੰ ਅੰਜਾਮ ਦਿੰਦੇ ਹਨ। ਇਹ ਜ਼ਿਆਦਾਤਰ ਉਹ ਨੌਜਵਾਨ ਹੁੰਦੇ ਹਨ ਜੋ ਕਿਸੇ ਮਜਬੂਰੀ, ਲਾਲਚ ਜਾਂ ਗਲਤ ਸੰਗਤ ਕਾਰਨ ਅਪਰਾਧ ਦੀ ਦੁਨੀਆ ਵਿੱਚ ਪ੍ਰਵੇਸ਼ ਕਰਦੇ ਹਨ। ਜਦੋਂ ਪੁਲਿਸ ਕਿਸੇ ਨੂੰ ਫੜਦੀ ਹੈ ਅਤੇ ਉਸ ਨੂੰ ਡਿਪੋਰਟ ਕੀਤਾ ਜਾਂਦਾ ਹੈ, ਤਾਂ ਉਹ ਸਿਰਫ਼ ਇਸੇ ਪਹਿਲੇ ਪੱਧਰ ਦੇ ਕਿਸੇ ਇੱਕ ਵਿਅਕਤੀ ਨੂੰ ਹਟਾ ਪਾਉਂਦੀ ਹੈ। ਪਰ ਜਿੰਨੀ ਦੇਰ ਤੱਕ ਦੂਜੇ ਅਤੇ ਤੀਜੇ ਪੱਧਰ 'ਤੇ ਬੈਠੇ 'ਮਾਸਟਰਮਾਈਂਡ' ਅਤੇ ਭਰਤੀ ਕਰਨ ਵਾਲੇ ਸਰਗਰਮ ਹਨ, ਉਦੋਂ ਤੱਕ ਇੱਕ ਵਿਅਕਤੀ ਦੇ ਜਾਣ ਨਾਲ ਕੋਈ ਫਰਕ ਨਹੀਂ ਪੈਂਦਾ। ਅਪਰਾਧਿਕ 'ਮਾਸਟਰਮਾਈਂਡ' ਲਈ ਇੱਕ ਮੋਹਰੇ ਦੀ ਥਾਂ ਦੂਜਾ ਮੋਹਰਾ ਲਿਆਉਣਾ ਕੋਈ ਮੁਸ਼ਕਿਲ ਕੰਮ ਨਹੀਂ ਹੈ।

ਪੁਲਿਸ ਅਤੇ ਜਾਂਚ ਏਜੰਸੀਆਂ ਦੀ ਕਾਰਜਸ਼ੈਲੀ ਵਿੱਚ ਇੱਕ ਵੱਡੀ ਖਾਮੀ ਇਹ ਦੇਖਣ ਨੂੰ ਮਿਲਦੀ ਹੈ ਕਿ ਉਨ੍ਹਾਂ ਦਾ ਸਾਰਾ ਧਿਆਨ ਸਤਹੀ ਕਾਰਵਾਈਆਂ 'ਤੇ ਕੇਂਦਰਿਤ ਰਹਿੰਦਾ ਹੈ। ਜਦੋਂ ਕੋਈ ਫਿਰੌਤੀ ਦੀ ਘਟਨਾ ਵਾਪਰਦੀ ਹੈ, ਤਾਂ ਪੁਲਿਸ ਤੁਰੰਤ ਕਾਰਵਾਈ ਕਰਦਿਆਂ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕਰਦੀ ਹੈ ਜਿਨ੍ਹਾਂ ਨੇ ਧਮਕੀ ਭਰੀ ਕਾਲ ਕੀਤੀ ਹੁੰਦੀ ਹੈ ਜਾਂ ਜੋ ਪੈਸੇ ਲੈਣ ਆਏ ਹੁੰਦੇ ਹਨ। ਪਰ ਇਹ ਜਾਂਚ ਸ਼ਾਇਦ ਹੀ ਕਦੇ ਉਸ ਗੁਪਤ ਕੜੀ ਤੱਕ ਪਹੁੰਚਦੀ ਹੈ ਜੋ ਇਨ੍ਹਾਂ ਨੌਜਵਾਨਾਂ ਨੂੰ ਹਥਿਆਰ ਜਾਂ ਸੰਚਾਰ ਦੇ ਸਾਧਨ ਮੁਹੱਈਆ ਕਰਵਾਉਂਦੀ ਹੈ। ਜਦੋਂ ਤੱਕ ਪੁਲਿਸ ਦਾ ਧਿਆਨ ਇਨ੍ਹਾਂ ਸੰਗਠਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੇ ਨੈੱਟਵਰਕ ਨੂੰ ਪੂਰੀ ਤਰ੍ਹਾਂ ਤਬਾਹ ਕਰਨ 'ਤੇ ਨਹੀਂ ਹੁੰਦਾ, ਉਦੋਂ ਤੱਕ ਇਹ ਚੱਕਰ ਇਸੇ ਤਰ੍ਹਾਂ ਚੱਲਦਾ ਰਹੇਗਾ। ਇੱਕ ਵਿਅਕਤੀ ਨੂੰ ਹਟਾਉਣ ਨਾਲ ਸਿਰਫ਼ ਇੱਕ ਅਹੁਦਾ ਖਾਲੀ ਹੁੰਦਾ ਹੈ, ਜਿਸ ਨੂੰ ਭਰਨ ਲਈ ਅਪਰਾਧਿਕ ਗਠਜੋੜ ਹਮੇਸ਼ਾ ਤਿਆਰ ਰਹਿੰਦਾ ਹੈ।

ਇਸ ਸਮੱਸਿਆ ਦਾ ਇੱਕ ਹੋਰ ਪਹਿਲੂ ਇਹ ਹੈ ਕਿ ਅਪਰਾਧਿਕ ਗਰੋਹਾਂ ਦੇ ਮੁਖੀ ਅਕਸਰ ਦੂਜੇ ਮੁਲਕਾਂ ਵਿੱਚ ਬੈਠ ਕੇ ਆਪਣਾ ਜਾਲ ਵਿਛਾਉਂਦੇ ਹਨ। ਉਹ ਡਿਜੀਟਲ ਤਕਨਾਲੋਜੀ ਦੀ ਵਰਤੋਂ ਕਰਕੇ ਨੌਜਵਾਨਾਂ ਨੂੰ ਆਪਣੇ ਜਾਲ ਵਿੱਚ ਫਸਾਉਂਦੇ ਹਨ। ਇਨ੍ਹਾਂ ਨੌਜਵਾਨਾਂ ਨੂੰ ਅਕਸਰ ਪਤਾ ਵੀ ਨਹੀਂ ਹੁੰਦਾ ਕਿ ਉਹ ਕਿਸ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ। ਅਜਿਹੀ ਸਥਿਤੀ ਵਿੱਚ, ਸਿਰਫ਼ ਸਥਾਨਕ ਪੱਧਰ 'ਤੇ ਗ੍ਰਿਫ਼ਤਾਰੀਆਂ ਜਾਂ ਡਿਪੋਰਟੇਸ਼ਨ ਕਰਨਾ ਇੱਕ ਅਜਿਹੀ ਪੱਟੀ ਲਗਾਉਣ ਵਾਂਗ ਹੈ ਜੋ ਡੂੰਘੇ ਜ਼ਖ਼ਮ ਨੂੰ ਭਰਨ ਦੀ ਸਮਰੱਥਾ ਨਹੀਂ ਰੱਖਦੀ। ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਨੂੰ ਆਪਣੀ ਰਣਨੀਤੀ ਬਦਲਣ ਦੀ ਲੋੜ ਹੈ। ਉਨ੍ਹਾਂ ਨੂੰ 'ਇੰਟੈਲੀਜੈਂਸ-ਅਧਾਰਿਤ' ਪੁਲਿਸਿੰਗ 'ਤੇ ਜ਼ੋਰ ਦੇਣਾ ਚਾਹੀਦਾ ਹੈ, ਜਿੱਥੇ ਫੋਕਸ ਅਪਰਾਧ ਦੇ ਨਤੀਜਿਆਂ 'ਤੇ ਨਹੀਂ ਸਗੋਂ ਅਪਰਾਧ ਦੇ ਸਰੋਤਾਂ 'ਤੇ ਹੋਵੇ।

ਸਮਾਜਿਕ ਅਤੇ ਆਰਥਿਕ ਕਾਰਨ ਵੀ ਇਸ ਸਮੱਸਿਆ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜਦੋਂ ਨੌਜਵਾਨਾਂ ਕੋਲ ਰੁਜ਼ਗਾਰ ਦੇ ਜਾਇਜ਼ ਮੌਕੇ ਨਹੀਂ ਹੁੰਦੇ ਜਾਂ ਜਦੋਂ ਉਹ ਸਿਸਟਮ ਤੋਂ ਨਿਰਾਸ਼ ਹੋ ਜਾਂਦੇ ਹਨ, ਤਾਂ ਉਹ ਅਪਰਾਧਿਕ ਅਨਸਰਾਂ ਲਈ ਆਸਾਨ ਸ਼ਿਕਾਰ ਬਣ ਜਾਂਦੇ ਹਨ। ਇਹ ਭਰਤੀ ਕਰਨ ਵਾਲੇ ਲੋਕ ਬਹੁਤ ਚਲਾਕ ਹੁੰਦੇ ਹਨ ਅਤੇ ਉਹ ਨੌਜਵਾਨਾਂ ਦੀਆਂ ਕਮਜ਼ੋਰੀਆਂ ਦਾ ਫਾਇਦਾ ਉਠਾਉਂਦੇ ਹਨ। ਡਿਪੋਰਟੇਸ਼ਨ ਨੂੰ ਇੱਕ ਸਖ਼ਤ ਸਜ਼ਾ ਵਜੋਂ ਪੇਸ਼ ਕੀਤਾ ਜਾਂਦਾ ਹੈ, ਪਰ ਅਸਲ ਵਿੱਚ ਇਹ ਉਨ੍ਹਾਂ ਲੋਕਾਂ ਲਈ ਕੋਈ ਵੱਡੀ ਰੁਕਾਵਟ ਨਹੀਂ ਹੈ ਜੋ ਅਰਬਾਂ ਰੁਪਏ ਦੇ ਫਿਰੌਤੀ ਰੈਕੇਟ ਚਲਾ ਰਹੇ ਹਨ। ਉਹ ਜਾਣਦੇ ਹਨ ਕਿ ਸਿਸਟਮ ਵਿੱਚ ਕਿੰਨੀਆਂ ਖਾਮੀਆਂ ਹਨ ਅਤੇ ਉਹ ਉਨ੍ਹਾਂ ਦਾ ਫਾਇਦਾ ਉਠਾਉਣਾ ਜਾਰੀ ਰੱਖਦੇ ਹਨ।

ਅੰਤਰਰਾਸ਼ਟਰੀ ਪੱਧਰ 'ਤੇ ਦੇਖਿਆ ਜਾਵੇ ਤਾਂ ਜਿਨ੍ਹਾਂ ਦੇਸ਼ਾਂ ਨੇ ਸੰਗਠਿਤ ਅਪਰਾਧ 'ਤੇ ਸਫ਼ਲਤਾਪੂਰਵਕ ਕਾਬੂ ਪਾਇਆ ਹੈ, ਉਨ੍ਹਾਂ ਨੇ ਹਮੇਸ਼ਾ ਅਪਰਾਧਿਕ ਢਾਂਚੇ ਦੇ ਉਪਰਲੇ ਹਿੱਸੇ ਨੂੰ ਨਿਸ਼ਾਨਾ ਬਣਾਇਆ ਹੈ। ਸਿਰਫ਼ ਹੇਠਲੇ ਪੱਧਰ ਦੇ ਕਰਮਚਾਰੀਆਂ ਨੂੰ ਸਜ਼ਾ ਦੇਣ ਨਾਲ ਸੰਗਠਨ ਕਦੇ ਖ਼ਤਮ ਨਹੀਂ ਹੁੰਦੇ। ਕੈਨੇਡਾ ਵਰਗੇ ਦੇਸ਼ਾਂ ਵਿੱਚ ਵੀ, ਜਿੱਥੇ ਡਿਪੋਰਟੇਸ਼ਨ ਦੀਆਂ ਖ਼ਬਰਾਂ ਲਗਾਤਾਰ ਆ ਰਹੀਆਂ ਹਨ, ਫਿਰੌਤੀਆਂ ਦੀਆਂ ਘਟਨਾਵਾਂ ਵਿੱਚ ਕੋਈ ਘਾਟ ਨਹੀਂ ਆਈ। ਇਸ ਦਾ ਕਾਰਨ ਸਪਸ਼ਟ ਹੈ ਕਿ ਅਸਲੀ ਖਿਡਾਰੀ ਹਾਲੇ ਵੀ ਸੁਰੱਖਿਅਤ ਹਨ ਅਤੇ ਉਹ ਨਵੇਂ ਮੋਹਰਿਆਂ ਰਾਹੀਂ ਆਪਣਾ ਕੰਮ ਜਾਰੀ ਰੱਖ ਰਹੇ ਹਨ। ਪੁਲਿਸ ਨੂੰ ਇਨ੍ਹਾਂ ਲੋਕਾਂ ਦੇ ਵਿੱਤੀ ਸੋਮਿਆਂ ਨੂੰ ਫ੍ਰੀਜ਼ ਕਰਨ ਅਤੇ ਉਨ੍ਹਾਂ ਦੇ ਸੰਚਾਰ ਨੈੱਟਵਰਕ ਨੂੰ ਤੋੜਨ ਦੀ ਲੋੜ ਹੈ।

ਸਰਕਾਰਾਂ ਨੂੰ ਵੀ ਇਹ ਸਮਝਣਾ ਪਵੇਗਾ ਕਿ ਡਿਪੋਰਟੇਸ਼ਨ ਸਿਰਫ਼ ਇੱਕ ਸਿਆਸੀ ਹਥਿਆਰ ਵਜੋਂ ਵਰਤੀ ਜਾ ਸਕਦੀ ਹੈ ਤਾਂ ਜੋ ਜਨਤਾ ਨੂੰ ਇਹ ਦਿਖਾਇਆ ਜਾ ਸਕੇ ਕਿ ਕਾਰਵਾਈ ਹੋ ਰਹੀ ਹੈ। ਪਰ ਅਸਲ ਸੁਰੱਖਿਆ ਉਦੋਂ ਹੀ ਯਕੀਨੀ ਹੋਵੇਗੀ ਜਦੋਂ ਅਪਰਾਧ ਦੀ ਜੜ੍ਹ 'ਤੇ ਵਾਰ ਕੀਤਾ ਜਾਵੇਗਾ। ਪੁਲਿਸ ਨੂੰ ਆਪਣੀ ਜਾਂਚ ਦਾ ਦਾਇਰਾ ਵਧਾਉਂਦੇ ਹੋਏ ਉਨ੍ਹਾਂ ਤਾਰਾਂ ਨੂੰ ਲੱਭਣਾ ਪਵੇਗਾ ਜੋ ਦੇਸ਼ ਦੀਆਂ ਸਰਹੱਦਾਂ ਤੋਂ ਪਾਰ ਜਾਂਦੀਆਂ ਹਨ। ਇਸ ਲਈ ਵੱਖ-ਵੱਖ ਦੇਸ਼ਾਂ ਦੀਆਂ ਜਾਂਚ ਏਜੰਸੀਆਂ ਵਿਚਕਾਰ ਆਪਸੀ ਤਾਲਮੇਲ ਅਤੇ ਸੂਚਨਾਵਾਂ ਦਾ ਅਦਾਨ-ਪ੍ਰਦਾਨ ਬਹੁਤ ਜ਼ਰੂਰੀ ਹੈ। ਜਦੋਂ ਤੱਕ ਮਾਸਟਰਮਾਈਂਡਾਂ ਨੂੰ ਇਹ ਮਹਿਸੂਸ ਨਹੀਂ ਹੋਵੇਗਾ ਕਿ ਉਹ ਕਾਨੂੰਨ ਦੀ ਪਹੁੰਚ ਤੋਂ ਦੂਰ ਨਹੀਂ ਹਨ, ਉਦੋਂ ਤੱਕ ਉਹ ਨੌਜਵਾਨਾਂ ਦੀ ਜ਼ਿੰਦਗੀ ਨਾਲ ਖੇਡਣਾ ਬੰਦ ਨਹੀਂ ਕਰਨਗੇ।

ਇਸ ਤੋਂ ਇਲਾਵਾ, ਸਮਾਜਿਕ ਪੱਧਰ 'ਤੇ ਵੀ ਜਾਗਰੂਕਤਾ ਦੀ ਲੋੜ ਹੈ। ਪਰਵਾਸੀ ਭਾਈਚਾਰਿਆਂ ਨੂੰ ਆਪਣੇ ਨੌਜਵਾਨਾਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਅਜਿਹੇ ਗਲਤ ਰਾਹਾਂ 'ਤੇ ਜਾਣ ਤੋਂ ਰੋਕਣਾ ਚਾਹੀਦਾ ਹੈ। ਪਰ ਇਹ ਸਭ ਕੁਝ ਉਦੋਂ ਹੀ ਸੰਭਵ ਹੈ ਜਦੋਂ ਪੁਲਿਸ ਪ੍ਰਸ਼ਾਸਨ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰੇ ਕਿ ਉਹ ਸਿਰਫ਼ ਛੋਟੇ ਮੋਟੇ ਮੁਜਰਮਾਂ ਨੂੰ ਹੀ ਨਹੀਂ ਫੜ ਰਹੇ, ਸਗੋਂ ਉਨ੍ਹਾਂ ਵੱਡੇ ਮਗਰਮੱਛਾਂ ਨੂੰ ਵੀ ਕਾਬੂ ਕਰ ਰਹੇ ਹਨ ਜੋ ਇਸ ਪੂਰੇ ਖੇਡ ਨੂੰ ਚਲਾ ਰਹੇ ਹਨ। ਜੇਕਰ ਅਸੀਂ ਸਿਰਫ਼ ਟਾਹਣੀਆਂ ਕੱਟਦੇ ਰਹੇ ਅਤੇ ਜੜ੍ਹ ਵੱਲ ਧਿਆਨ ਨਾ ਦਿੱਤਾ, ਤਾਂ ਇਹ ਅਪਰਾਧਿਕ ਰੁੱਖ ਹੋਰ ਵੀ ਮਜ਼ਬੂਤ ਹੁੰਦਾ ਜਾਵੇਗਾ।

ਅਖ਼ੀਰ ਵਿੱਚ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਫਿਰੌਤੀਆਂ ਅਤੇ ਸੰਗਠਿਤ ਅਪਰਾਧ ਦੇ ਖ਼ਾਤਮੇ ਲਈ ਸਾਨੂੰ ਆਪਣੀ ਪਹੁੰਚ ਬਦਲਣੀ ਪਵੇਗੀ। ਡਿਪੋਰਟੇਸ਼ਨ ਨੂੰ ਇੱਕ ਅੰਤਮ ਹੱਲ ਮੰਨਣਾ ਇੱਕ ਭੁਲੇਖਾ ਹੈ। ਅਸਲ ਚੁਣੌਤੀ ਉਨ੍ਹਾਂ ਲੋਕਾਂ ਨੂੰ ਬੇਨਕਾਬ ਕਰਨ ਦੀ ਹੈ ਜੋ ਨੌਜਵਾਨਾਂ ਨੂੰ ਹਥਿਆਰ ਬਣਾ ਕੇ ਆਪਣੀਆਂ ਤਿਜੋਰੀਆਂ ਭਰ ਰਹੇ ਹਨ। ਜਦੋਂ ਤੱਕ ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਇਨ੍ਹਾਂ ਮੁੱਖ ਸਾਜ਼ਿਸ਼ਘੜਿਆਂ ਤੱਕ ਪਹੁੰਚਣ ਦੀ ਹਿੰਮਤ ਨਹੀਂ ਦਿਖਾਉਂਦੇ, ਉਦੋਂ ਤੱਕ ਅਪਰਾਧ ਦਾ ਇਹ ਖ਼ੂਨੀ ਚੱਕਰ ਨਿਰੰਤਰ ਚੱਲਦਾ ਰਹੇਗਾ। ਸਾਨੂੰ ਸਿਰਫ਼ ਮੋਹਰੇ ਬਦਲਣ ਦੀ ਨਹੀਂ, ਸਗੋਂ ਪੂਰੀ ਬਿਸਾਤ ਨੂੰ ਉਲਟਾਉਣ ਦੀ ਲੋੜ ਹੈ ਤਾਂ ਜੋ ਆਮ ਨਾਗਰਿਕ ਬਿਨਾਂ ਕਿਸੇ ਡਰ ਦੇ ਆਪਣਾ ਜੀਵਨ ਬਤੀਤ ਕਰ ਸਕਣ।

ਸਰਕਾਰਾਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਾਨੂੰਨਾਂ ਵਿੱਚ ਮੌਜੂਦ ਉਨ੍ਹਾਂ ਖਾਮੀਆਂ ਨੂੰ ਦੂਰ ਕੀਤਾ ਜਾਵੇ ਜਿਨ੍ਹਾਂ ਦਾ ਫਾਇਦਾ ਉਠਾ ਕੇ ਅਪਰਾਧਿਕ ਆਕਾ ਬਚ ਨਿਕਲਦੇ ਹਨ। ਪੁਲਿਸ ਨੂੰ ਵਧੇਰੇ ਅਧਿਕਾਰ ਅਤੇ ਆਧੁਨਿਕ ਤਕਨਾਲੋਜੀ ਦੇਣੀ ਪਵੇਗੀ ਤਾਂ ਜੋ ਉਹ ਡਿਜੀਟਲ ਅਪਰਾਧਾਂ ਦੀ ਤਹਿ ਤੱਕ ਜਾ ਸਕਣ। ਜੇਕਰ ਅਸੀਂ ਅੱਜ ਇਨ੍ਹਾਂ ਸੰਗਠਕਾਂ ਨੂੰ ਨੱਥ ਨਾ ਪਾਈ, ਤਾਂ ਆਉਣ ਵਾਲੀਆਂ ਨਸਲਾਂ ਲਈ ਇੱਕ ਬਹੁਤ ਹੀ ਅਸੁਰੱਖਿਅਤ ਮਾਹੌਲ ਛੱਡ ਕੇ ਜਾਵਾਂਗੇ। ਇਹ ਸਮਾਂ ਸਿਰਫ਼ ਬਿਆਨਬਾਜ਼ੀ ਜਾਂ ਦਿਖਾਵੇ ਦੀਆਂ ਕਾਰਵਾਈਆਂ ਦਾ ਨਹੀਂ ਹੈ, ਸਗੋਂ ਠੋਸ ਅਤੇ ਨਤੀਜਾ-ਮੁਖੀ ਕਾਰਵਾਈਆਂ ਦਾ ਹੈ।

ਸਿੱਟੇ ਵਜੋਂ, ਡਿਪੋਰਟੇਸ਼ਨ ਦੀਆਂ ਖ਼ਬਰਾਂ ਜਨਤਾ ਨੂੰ ਕੁਝ ਸਮੇਂ ਲਈ ਸਕੂਨ ਤਾਂ ਦੇ ਸਕਦੀਆਂ ਹਨ, ਪਰ ਇਹ ਸੁਰੱਖਿਆ ਦਾ ਸਥਾਈ ਅਹਿਸਾਸ ਨਹੀਂ ਕਰਵਾ ਸਕਦੀਆਂ। ਅਸਲੀ ਜਿੱਤ ਉਦੋਂ ਹੋਵੇਗੀ ਜਦੋਂ ਫਿਰੌਤੀ ਦਾ ਧੰਦਾ ਚਲਾਉਣ ਵਾਲੇ ਮੁੱਖ ਸਰਗਨਾ ਸਲਾਖਾਂ ਦੇ ਪਿੱਛੇ ਹੋਣਗੇ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇੱਕ ਅਪਰਾਧੀ ਨੂੰ ਹਟਾਉਣ ਨਾਲ ਅਪਰਾਧ ਖ਼ਤਮ ਨਹੀਂ ਹੁੰਦਾ, ਅਪਰਾਧ ਉਦੋਂ ਖ਼ਤਮ ਹੁੰਦਾ ਹੈ ਜਦੋਂ ਉਸ ਨੂੰ ਪੈਦਾ ਕਰਨ ਵਾਲੀਆਂ ਪ੍ਰਸਥਿਤੀਆਂ ਅਤੇ ਉਸ ਦੇ ਸੰਚਾਲਕਾਂ ਨੂੰ ਜੜ੍ਹੋਂ ਉਖਾੜ ਦਿੱਤਾ ਜਾਂਦਾ ਹੈ। ਕੈਨੇਡਾ ਅਤੇ ਹੋਰ ਪ੍ਰਭਾਵਿਤ ਦੇਸ਼ਾਂ ਨੂੰ ਇਸ ਦਿਸ਼ਾ ਵਿੱਚ ਗੰਭੀਰਤਾ ਨਾਲ ਕੰਮ ਕਰਨ ਦੀ ਲੋੜ ਹੈ।

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times
SINCE 2007
Funded by the Government of Canada | Financé par le gouvernement du Canada | Canada

- Dr. Puran Singh
  Writer
- Divroop Kaur
  Journalist
- Brar Bhagta Bhai Ka
  604-751-1113
- Harkirat Kaur
  Administrator
- Paramjit Singh
  Graphic Designer

Contact for Advertisement
604-338-7310

ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

The Canadian Punjab Times is not responsible or legally liable for any news, articles, advertisements or typing mistakes in the news or articles.

Canadian Punjab Times Inc.
(Punjabi Newspaper)
Website : www.thepunjabtimes.ca
E-mail : canadianpunjabtimes@gmail.com

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਅਮਰੀਕੀ ਹਵਾਈ ਅੱਡਿਆਂ ‘ਤੇ ਸਰਕਾਰੀ ਤਾਲਾਬੰਦੀ ਕਾਰਨ ਸੁਰੱਖਿਆ ਕਰਮੀਆਂ ਨੇ ਛੱਡੀਆਂ ਨੌਕਰੀਆਂ

## ਸੁਰੱਖਿਆ ਘੇਰੇ ‘ਚ 4 ਘੰਟੇ ਦੀ ਉਡੀਕ: ਅਮਰੀਕਾ ਵਿੱਚ ਹਵਾਈ ਸਫ਼ਰ ਬਣਿਆ ਮੁਸੀਬਤ

ਸਰੀ, (ਦਿਵਰੂਪ ਕੌਰ): ਅਮਰੀਕਾ ਦੇ ਪ੍ਰਮੁੱਖ ਹਵਾਈ ਅੱਡਿਆਂ ‘ਤੇ ਬੁੱਧਵਾਰ ਨੂੰ ਯਾਤਰੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ‘ਟਰਾਂਸਪੋਰਟੇਸ਼ਨ ਸਕਿਓਰਿਟੀ ਐਡਮਿਨਿਸਟ੍ਰੇਸ਼ਨ’ (TSA) ਦੇ ਅਧਿਕਾਰੀਆਂ ਦੁਆਰਾ ਨੌਕਰੀਆਂ ਛੱਡਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਫਰਵਰੀ ਦੇ ਅੱਧ ਤੋਂ ਸ਼ੁਰੂ ਹੋਈ ਅੰਸ਼ਕ ਸਰਕਾਰੀ ਤਾਲਾਬੰਦੀ ਕਾਰਨ ਹੁਣ ਤੱਕ 480 ਤੋਂ ਵੱਧ ਸੁਰੱਖਿਆ ਅਧਿਕਾਰੀ ਅਸਤੀਫ਼ਾ ਦੇ ਚੁੱਕੇ ਹਨ। ਟੀ.ਐੱਸ.ਏ. ਦੀ ਸੀਨੀਅਰ ਅਧਿਕਾਰੀ ਹਾ ਮੈਕਨੀਲ ਨੇ ਇੱਕ ਸੰਸਦੀ ਕਮੇਟੀ ਨੂੰ ਦੱਸਿਆ ਕਿ ਲਗਭਗ 50,000 ਅਧਿਕਾਰੀ ਬਿਨਾਂ ਤਨਖਾਹ ਤੋਂ ਕੰਮ ਕਰਨ ਲਈ ਮਜਬੂਰ ਹਨ, ਜਿਸ ਕਾਰਨ ਏਜੰਸੀ ਦੇ ਇਤਿਹਾਸ ਵਿੱਚ ਸਭ ਤੋਂ ਲੰਬੀਆਂ ਲਾਈਨਾਂ ਦੇਖਣ ਨੂੰ ਮਿਲ ਰਹੀਆਂ ਹਨ । ਮੈਕਨੀਲ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਟਾਫ਼ ਦੀ ਘਾਟ ਇਸੇ ਤਰ੍ਹਾਂ ਜਾਰੀ ਰਹੀ, ਤਾਂ ਸਰਕਾਰ ਨੂੰ ਕੁਝ ਛੋਟੇ ਹਵਾਈ ਅੱਡੇ ਬੰਦ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ।



ਅਧਿਕਾਰੀਆਂ ਦੀ ਮਾਨਸਿਕ ਅਤੇ ਵਿੱਤੀ ਹਾਲਤ ਬਾਰੇ ਗੱਲ ਕਰਦਿਆਂ ਮੈਕਨੀਲ ਨੇ ਬੇਹੱਦ ਦੁਖਦਾਈ ਤਸਵੀਰ ਪੇਸ਼ ਕੀਤੀ ਹੈ । ਉਨ੍ਹਾਂ ਦੱਸਿਆ ਕਿ ਕਈ ਏਜੰਟ ਤੇਲ ਦੇ ਪੈਸੇ ਬਚਾਉਣ ਲਈ ਹਵਾਈ ਅੱਡਿਆਂ ‘ਤੇ ਆਪਣੀਆਂ ਕਾਰਾਂ ਵਿੱਚ ਸੌਣ ਲਈ ਮਜਬੂਰ ਹਨ । ਕੁਝ ਕਰਮਚਾਰੀ ਆਪਣਾ ਗੁਜ਼ਾਰਾ ਚਲਾਉਣ ਲਈ ਆਪਣਾ ਖ਼ੂਨ ਅਤੇ ਪਲਾਜ਼ਮਾ ਵੇਚ ਰਹੇ ਹਨ ਅਤੇ ਦੂਜੀ ਜਾਂ ਤੀਜੀ ਨੌਕਰੀ ਕਰ ਰਹੇ ਹਨ । ਇਹ ਸਭ ਉਸ ਸਮੇਂ ਹੋ ਰਿਹਾ ਹੈ ਜਦੋਂ ਉਨ੍ਹਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਰਦੀ ਪਾ ਕੇ ਦੇਸ਼ ਦੀ ਸੁਰੱਖਿਆ ਲਈ ਪੂਰੀ ਮੁਸਤੈਦੀ ਨਾਲ ਕੰਮ ਕਰਨ। ਮੈਕਨੀਲ ਨੇ ਚਿੰਤਾ ਜ਼ਾਹਿਰ ਕੀਤੀ ਕਿ ਜੇਕਰ ਇਹ ਸਿਲਸਿਲਾ ਨਾ ਰੁਕਿਆ, ਤਾਂ ਆਉਣ ਵਾਲੇ ਫੁੱਟਬਾਲ ਵਿਸ਼ਵ ਕੱਪ ਦੌਰਾਨ ਵਧਣ ਵਾਲੇ ਭਾਰੀ ਟ੍ਰੈਫਿਕ ਨੂੰ ਸੰਭਾਲਣਾ ਅਸੰਭਵ ਹੋ ਜਾਵੇਗਾ। ਇਸ ਸੰਕਟ ਦੇ ਪਿੱਛੇ ਮੁੱਖ ਕਾਰਨ ਡੈਮੋਕ੍ਰੇਟਸ ਅਤੇ ਰਿਪਬਲਿਕਨਾਂ ਵਿਚਕਾਰ ਚੱਲ ਰਹੀ ਸਿਆਸੀ ਜੰਗ ਹੈ। ਡੈਮੋਕ੍ਰੇਟਸ ਨੇ ਹੋਮਲੈਂਡ ਸਿਕਿਓਰਿਟੀ ਵਿਭਾਗ (DHS) ਦੀ ਫੰਡਿੰਗ ਨੂੰ ਰੋਕਿਆ ਹੋਇਆ ਹੈ ਕਿਉਂਕਿ ਉਹ ਇਮੀਗ੍ਰੇਸ਼ਨ ਕਾਰਵਾਈਆਂ ਦੇ ਨਿਯਮਾਂ ਵਿੱਚ ਬਦਲਾਅ ਦੀ ਮੰਗ ਕਰ ਰਹੇ ਹਨ । ਇਹ ਮੰਗ ਮਿਨੀਆਪੋਲਿਸ ਵਿੱਚ ਫੈਡਰਲ ਏਜੰਟਾਂ ਦੁਆਰਾ ਅਮਰੀਕੀ ਨਾਗਰਿਕਾਂ ਰੇਨੀ ਗੁੱਡ ਅਤੇ ਐਲੈਕਸ ਪ੍ਰੈਟੀ ਦੀ ਗੋਲੀ ਮਾਰ ਕੇ ਕੀਤੀ ਗਈ ਹੱਤਿਆ ਤੋਂ ਬਾਅਦ ਤੇਜ਼ ਹੋਈ ਹੈ । ਦੂਜੇ ਪਾਸੇ, ਰਿਪਬਲਿਕਨਾਂ ਨੇ ਇਨ੍ਹਾਂ ਸ਼ਰਤਾਂ ‘ਤੇ ਫੰਡ ਜਾਰੀ ਕਰਨ ਦੇ ਪ੍ਰਸਤਾਵਾਂ ਨੂੰ ਰੱਦ ਕਰ ਦਿੱਤਾ ਹੈ, ਜਿਸ ਕਾਰਨ ਸੁਰੱਖਿਆ ਏਜੰਸੀਆਂ ਦਾ ਬਜਟ ਅੱਧ ਵਿਚਾਲੇ ਲਟਕਿਆ ਹੋਇਆ ਹੈ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉਹ ਹਵਾਈ ਅੱਡਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨੈਸ਼ਨਲ ਗਾਰਡ ਦੇ ਜਵਾਨਾਂ ਦੀ ਤਾਇਨਾਤੀ ਕਰ ਸਕਦੇ ਹਨ । ਸੋਮਵਾਰ ਤੋਂ 14 ਪ੍ਰਮੁੱਖ ਹਵਾਈ ਅੱਡਿਆਂ ‘ਤੇ ਸੁਰੱਖਿਆ ਜਾਂਚ ਵਿੱਚ ਮਦਦ ਲਈ ਸੈਂਕੜੇ ਇਮੀਗ੍ਰੇਸ਼ਨ ਏਜੰਟ ਅਤੇ ਹੋਮਲੈਂਡ ਸਿਕਿਓਰਿਟੀ ਦੇ ਅਧਿਕਾਰੀ ਪਹਿਲਾਂ ਹੀ ਤਾਇਨਾਤ ਕੀਤੇ ਗਏ ਹਨ । ਹਾਲਾਂਕਿ, ਕੁਝ ਹਵਾਈ ਅੱਡਿਆਂ ‘ਤੇ ਯਾਤਰੀਆਂ ਨੂੰ ਚੈੱਕਪੁਆਇੰਟਾਂ ਤੋਂ ਲੰਘਣ ਲਈ ਚਾਰ ਘੰਟੇ ਤੋਂ ਵੱਧ ਦਾ ਇੰਤਜ਼ਾਰ ਕਰਨਾ ਪੈ ਰਿਹਾ ਹੈ । ਹੋਮਲੈਂਡ ਸਿਕਿਓਰਿਟੀ ਅਨੁਸਾਰ, ਮੰਗਲਵਾਰ ਨੂੰ ਰਾਸ਼ਟਰੀ ਪੱਧਰ ‘ਤੇ 11.1 ਫੀਸਦੀ ਅਧਿਕਾਰੀ ਕੰਮ ‘ਤੇ ਨਹੀਂ ਪਹੁੰਚੇ, ਜਿਨ੍ਹਾਂ ਦੀ ਗਿਣਤੀ ਲਗਭਗ 3,160 ਹੈ।

ਮੌਜੂਦਾ ਸਮੇਂ ਸਕੂਲਾਂ ਦੀਆਂ ਬਸੰਤ ਦੀਆਂ ਛੁੱਟੀਆਂ (Spring Break) ਕਾਰਨ ਯਾਤਰੀਆਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ ਪੰਜ ਫੀਸਦੀ ਜ਼ਿਆਦਾ ਹੈ, ਜਿਸ ਨੇ ਮੁਸੀਬਤ ਹੋਰ ਵਧਾ ਦਿੱਤੀ ਹੈ । ਨਿਊਯਾਰਕ, ਹਿਊਸਟਨ, ਅਟਲਾਂਟਾ ਅਤੇ ਨਿਊ ਓਰਲੀਨਜ਼ ਵਰਗੇ ਸ਼ਹਿਰਾਂ ਵਿੱਚ ਸੁਰੱਖਿਆ ਕਰਮੀਆਂ ਦੀ ਗੈਰ-ਹਾਜ਼ਰੀ ਦੀ ਦਰ 30 ਫੀਸਦੀ ਤੋਂ ਵੀ ਉੱਪਰ ਪਹੁੰਚ ਗਈ ਹੈ । ਦਿਲਚਸਪ ਗੱਲ ਇਹ ਹੈ ਕਿ ਜਿੱਥੇ ਟੀ.ਐੱਸ.ਏ. ਕਰਮੀਆਂ ਨੂੰ ਤਨਖਾਹ ਨਹੀਂ ਮਿਲ ਰਹੀ, ਉੱਥੇ ਹੀ ਹੋਮਲੈਂਡ ਸਿਕਿਓਰਿਟੀ ਵਿਭਾਗ ਦੇ ਹੋਰ ਕਾਨੂੰਨ ਲਾਗੂ ਕਰਨ ਵਾਲੇ ਕਰਮਚਾਰੀਆਂ ਨੂੰ ਤਨਖਾਹਾਂ ਦਾ ਭੁਗਤਾਨ ਕੀਤਾ ਜਾ ਰਿਹਾ ਹੈ । ਇਸ ਵਿਤਕਰੇ ਕਾਰਨ ਕਰਮਚਾਰੀਆਂ ਵਿੱਚ ਭਾਰੀ ਰੋਸ ਹੈ, ਜੋ ਹੁਣ ਹਵਾਈ ਅੱਡਿਆਂ ‘ਤੇ ਲੰਬੀਆਂ ਕਤਾਰਾਂ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। This report was written by Divroop Kaur as part of the Local Journalism Initiative.

ਮਿਨੀਸੋਟਾ ਬਨਾਮ ਟਰੰਪ ਪ੍ਰਸ਼ਾਸਨ

# ਫੈਡਰਲ ਅਫ਼ਸਰਾਂ ਵੱਲੋਂ ਕੀਤੀ ਗੋਲੀਬਾਰੀ ਦੇ ਮਾਮਲੇ ’ਚ ਮੁਕੱਦਮਾ ਦਰਜ

## ਓਪਰੇਸ਼ਨ ਮੈਟਰੋ ਸਰਜ ‘ਤੇ ਉੱਠੇ ਸਵਾਲ: ਫੈਡਰਲ ਏਜੰਸੀਆਂ ‘ਤੇ ਜਾਂਚ ਵਿੱਚ ਅੜਿੱਕਾ ਪਾਉਣ ਦੇ ਗੰਭੀਰ ਦੋਸ਼

ਵਾਸ਼ਿੰਗਟਨ : ਮਿਨੀਸੋਟਾ ਦੇ ਸਰਕਾਰੀ ਅਧਿਕਾਰੀਆਂ ਨੇ ਮੰਗਲਵਾਰ ਨੂੰ ਟਰੰਪ ਪ੍ਰਸ਼ਾਸਨ ਵਿਰੁੱਧ ਇੱਕ ਫੈਡਰਲ ਮੁਕੱਦਮਾ ਦਾਇਰ ਕਰਕੇ ਸਨਸਨੀ ਫੈਲਾ ਦਿੱਤੀ ਹੈ। ਇਸ ਮੁਕੱਦਮੇ ਵਿੱਚ ਕੇਂਦਰ ਸਰਕਾਰ ‘ਤੇ ਫੈਡਰਲ ਅਫ਼ਸਰਾਂ ਦੁਆਰਾ ਕੀਤੀ ਗਈ ਗੋਲੀਬਾਰੀ ਦੀਆਂ ਤਿੰਨ ਘਟਨਾਵਾਂ ਨਾਲ ਸਬੰਧਤ ਅਹਿਮ ਸਬੂਤ ਛੁਪਾਉਣ ਦੇ ਗੰਭੀਰ ਦੋਸ਼ ਲਗਾਏ ਗਏ ਹਨ । ਇਨ੍ਹਾਂ ਘਟਨਾਵਾਂ ਵਿੱਚ ਰੇਨੀ ਗੁੱਡ ਅਤੇ ਐਲੈਕਸ ਪ੍ਰੈਟੀ ਨਾਮਕ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ । ਸੂਬਾਈ ਅਧਿਕਾਰੀਆਂ ਦਾ ਦਾਅਵਾ ਹੈ ਕਿ ਫੈਡਰਲ ਸਰਕਾਰ ਨੇ ‘ਓਪਰੇਸ਼ਨ ਮੈਟਰੋ ਸਰਜ’ ਤੋਂ ਬਾਅਦ ਸੂਬਾਈ ਜਾਂਚ ਵਿੱਚ ਸਹਿਯੋਗ ਕਰਨ ਦੇ ਆਪਣੇ ਵਾਅਦੇ ਤੋਂ ਪਿੱਛੇ ਹਟ ਕੇ ਕਾਨੂੰਨੀ ਮਰਯਾਦਾ ਦੀ ਉਲੰਘਣਾ ਕੀਤੀ ਹੈ । ਹੁਣ ਅਦਾਲਤ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਕੇਂਦਰ ਨੂੰ ਇਨ੍ਹਾਂ ਸਬੂਤਾਂ ਨੂੰ ਜਨਤਕ ਕਰਨ ਅਤੇ ਜਾਂਚ ਵਿੱਚ ਪੂਰਾ ਸਹਿਯੋਗ ਦੇਣ ਦੇ ਹੁਕਮ ਜਾਰੀ ਕਰੇ।




ਟਰੰਪ ਪ੍ਰਸ਼ਾਸਨ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰਾਸ਼ਟਰੀ ਦੇਸ਼ ਨਿਕਾਲਾ ਮੁਹਿੰਮ ਦੇ ਹਿੱਸੇ ਵਜੋਂ ਮਿਨੀਆਪੋਲਿਸ ਅਤੇ ਸੇਂਟ ਪਾਲ ਦੇ ਇਲਾਕਿਆਂ ਵਿੱਚ ਹਜ਼ਾਰਾਂ ਫੈਡਰਲ ਅਫ਼ਸਰ ਤਾਇਨਾਤ ਕੀਤੇ ਸਨ । ਇਸ ਮੁਹਿੰਮ ਨੂੰ ਇਮੀਗ੍ਰੇਸ਼ਨ ਕਰੈਕਡਾਊਨ ਦੇ ਤੌਰ ‘ਤੇ ਦੇਖਿਆ ਗਿਆ ਸੀ ਜਿਸ ਨੂੰ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ (DHS) ਨੇ ਆਪਣਾ ਹੁਣ ਤੱਕ ਦਾ ਸਭ ਤੋਂ ਵੱਡਾ ਇਮੀਗ੍ਰੇਸ਼ਨ ਲਾਗੂ ਕਰਨ ਵਾਲਾ ਆਪ੍ਰੇਸ਼ਨ ਕਰਾਰ ਦਿੱਤਾ ਹੈ । ਭਾਵੇਂ ਕੇਂਦਰ ਸਰਕਾਰ ਇਸ ਨੂੰ ਇੱਕ ਵੱਡੀ ਸਫ਼ਲਤਾ ਮੰਨ ਰਹੀ ਹੈ, ਪਰ ਮਿਨੀਸੋਟਾ ਦੇ ਸੂਬਾਈ ਆਗੂਆਂ ਨੇ ਅਫ਼ਸਰਾਂ ਦੇ ਆਚਰਣ ਅਤੇ ਗੋਲੀਬਾਰੀ ਦੀਆਂ ਘਟਨਾਵਾਂ ‘ਤੇ ਸਖ਼ਤ ਇਤਰਾਜ਼ ਜਤਾਏ ਹਨ । ਸੂਬਾਈ ਨੇਤਾਵਾਂ ਅਨੁਸਾਰ ਅਫ਼ਸਰਾਂ ਦੀ ਕਾਰਵਾਈ ਕਾਨੂੰਨ ਦੇ ਦਾਇਰੇ ਤੋਂ ਬਾਹਰ ਸੀ ਅਤੇ ਇਸ ਨਾਲ ਆਮ ਨਾਗਰਿਕਾਂ ਦੀ ਜਾਨ ਨੂੰ ਖ਼ਤਰਾ ਪੈਦਾ ਹੋਇਆ ਹੈ।

ਦਾਇਰ ਕੀਤੇ ਗਏ ਮੁਕੱਦਮੇ ਵਿੱਚ ਸਪੱਸ਼ਟ ਤੌਰ ‘ਤੇ ਕਿਹਾ ਗਿਆ ਹੈ ਕਿ ਫੈਡਰਲ ਸਰਕਾਰ ਨੂੰ ਇਹ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਉਹ ਆਪਣੇ ਕਾਨੂੰਨ ਲਾਗੂ ਕਰਨ ਵਾਲੇ ਅਫ਼ਸਰਾਂ ਨੂੰ ਜਾਂਚ ਤੋਂ ਬਚਾਉਣ ਲਈ ਸਬੂਤਾਂ ਨੂੰ ਰੋਕ ਕੇ ਰੱਖੇ । ਮੁਕੱਦਮੇ ਅਨੁਸਾਰ ਜਦੋਂ ਕੋਈ ਰਾਜ ਆਪਣੇ ਅਧਿਕਾਰ ਖੇਤਰ ਦੇ ਅੰਦਰ ਆਪਣੇ ਨਾਗਰਿਕਾਂ ਵਿਰੁੱਧ ਹੋਏ ਅਪਰਾਧਿਕ ਕਾਨੂੰਨਾਂ ਦੀਆਂ ਗੰਭੀਰ ਉਲੰਘਣਾਵਾਂ ਦੀ ਜਾਂਚ ਕਰ ਰਿਹਾ ਹੋਵੇ, ਤਾਂ ਕੇਂਦਰ ਸਰਕਾਰ ਸਬੂਤਾਂ ‘ਤੇ ਕਬਜ਼ਾ ਕਰਕੇ ਨਹੀਂ ਬੈਠ ਸਕਦੀ । ਮਿਨੀਸੋਟਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਸੂਬੇ ਦੀ ਪ੍ਰਭੂਸੱਤਾ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਸਿੱਧੀ ਦਖ਼ਲਅੰਦਾਜ਼ੀ ਹੈ । ਹਾਲਾਂਕਿ ਇਸ ਮਾਮਲੇ ‘ਤੇ ਹੋਮਲੈਂਡ ਸਿਕਿਓਰਿਟੀ ਅਤੇ ਨਿਆਂ ਵਿਭਾਗ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ ਗਈ ਹੈ। ਨਿਆਂ ਵਿਭਾਗ ਨੇ ਜਨਵਰੀ ਵਿੱਚ ਐਲੈਕਸ ਪ੍ਰੈਟੀ ਦੀ ਹੱਤਿਆ ਦੇ ਮਾਮਲੇ ਵਿੱਚ ਇੱਕ ਫੈਡਰਲ ਨਾਗਰਿਕ ਅਧਿਕਾਰਾਂ ਦੀ ਜਾਂਚ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ, ਪਰ ਰੇਨੀ ਗੁੱਡ ਦੇ ਮਾਮਲੇ ਵਿੱਚ ਅਜਿਹੀ ਕਿਸੇ ਵੀ ਜਾਂਚ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ ਹੈ। ਡਿਪਟੀ ਅਟਾਰਨੀ ਜਨਰਲ ਟੌਡ ਬਲਾਂਚੇ ਨੇ ਇਸ ਸਬੰਧੀ ਕਿਹਾ ਕਿ ਨਾਗਰਿਕ ਅਧਿਕਾਰ ਡਿਵੀਜ਼ਨ ਹਰ ਗੋਲੀਬਾਰੀ ਦੀ ਜਾਂਚ ਨਹੀਂ ਕਰਦਾ ਅਤੇ ਸਿਰਫ਼ ਉਨ੍ਹਾਂ ਹਾਲਤਾਂ ਵਿੱਚ ਹੀ ਕਾਰਵਾਈ ਕੀਤੀ ਜਾਂਦੀ ਹੈ ਜਿੱਥੇ ਤੱਥ ਅਤੇ ਸਬੂਤ ਜਾਂਚ ਦੀ ਮੰਗ ਕਰਦੇ ਹੋਣ। ਇਸ ਬਿਆਨ ਨੇ ਸੂਬਾਈ ਅਧਿਕਾਰੀਆਂ ਵਿੱਚ ਹੋਰ ਵੀ ਰੋਸ ਪੈਦਾ ਕਰ ਦਿੱਤਾ ਹੈ।

ਹੈਨੇਪਿਨ ਕਾਉਂਟੀ ਦੀ ਅਟਾਰਨੀ ਮੈਰੀ ਮੋਰੀਆਰਟੀ ਨੇ ਮੰਗਲਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕੇਂਦਰ ਸਰਕਾਰ ਦੀ ਇਸ ਨੀਤੀ ਨੂੰ ਬੇਹੱਦ ਚਿੰਤਾਜਨਕ ਅਤੇ ਬੇਮਿਸਾਲ ਕਰਾਰ ਦਿੱਤਾ ਹੈ । ਉਨ੍ਹਾਂ ਕਿਹਾ ਕਿ ਫੈਡਰਲ ਸਰਕਾਰ ਨੇ ਸਬੂਤਾਂ ਨੂੰ ਯੋਜਨਾਬੱਧ ਤਰੀਕੇ ਨਾਲ ਰੋਕਣ ਦੀ ਨੀਤੀ ਅਪਣਾਈ ਹੈ, ਜੋ ਕਿ ਨਿਆਂ ਦੀ ਪ੍ਰਕਿਰਿਆ ਵਿੱਚ ਵੱਡੀ ਰੁਕਾਵਟ ਹੈ । ਮੋਰੀਆਰਟੀ ਅਨੁਸਾਰ ਅਜਿਹਾ ਪਹਿਲਾਂ ਕਦੇ ਨਹੀਂ ਦੇਖਿਆ ਗਿਆ ਕਿ ਫੈਡਰਲ ਏਜੰਸੀਆਂ ਰਾਜਾਂ ਦੇ ਕਾਨੂੰਨੀ ਕੰਮਾਂ ਵਿੱਚ ਇੰਨੀ ਵੱਡੀ ਪੱਧਰ ‘ਤੇ ਅੜਿੱਕਾ ਪਾਉਣ । ਸੂਬਾਈ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਬਿਨਾਂ ਸਬੂਤਾਂ ਦੇ ਉਹ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਦਿਵਾ ਸਕਦੇ ਅਤੇ ਅਪਰਾਧੀ ਅਫ਼ਸਰਾਂ ਦੀ ਜਵਾਬਦੇਹੀ ਤੈਅ ਨਹੀਂ ਕੀਤੀ ਜਾ ਸਕਦੀ। ਮਿਨੀਸੋਟਾ ਦੇ ਅਧਿਕਾਰੀਆਂ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਉਹ ਕੇਂਦਰ ਸਰਕਾਰ ਨੂੰ ਤੁਰੰਤ ਸਾਰੇ ਦਸਤਾਵੇਜ਼, ਵੀਡੀਓ ਫੁਟੇਜ ਅਤੇ ਗਵਾਹਾਂ ਦੇ ਬਿਆਨ ਸੌਂਪਣ ਲਈ ਮਜਬੂਰ ਕਰੇ । ਇਹ ਕਾਨੂੰਨੀ ਲੜਾਈ ਹੁਣ ਕੇਂਦਰ ਅਤੇ ਰਾਜ ਦੇ ਸਬੰਧਾਂ ਵਿਚਕਾਰ ਇੱਕ ਨਵਾਂ ਮੋੜ ਲੈ ਸਕਦੀ ਹੈ । ਪੀੜਤ ਪਰਿਵਾਰਾਂ ਅਤੇ ਨਾਗਰਿਕ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਵੀ ਇਸ ਮੁਕੱਦਮੇ ‘ਤੇ ਨਜ਼ਰ ਰੱਖ ਰਹੀਆਂ ਹਨ, ਕਿਉਂਕਿ ਇਸ ਦੇ ਨਤੀਜੇ ਆਉਣ ਵਾਲੇ ਸਮੇਂ ਵਿੱਚ ਫੈਡਰਲ ਅਫ਼ਸਰਾਂ ਦੀ ਜਵਾਬਦੇਹੀ ਤੈਅ ਕਰਨ ਲਈ ਇੱਕ ਮੀਲ ਪੱਥਰ ਸਾਬਤ ਹੋ ਸਕਦੇ ਹਨ । ਸਰਕਾਰ ਅਤੇ ਸੂਬੇ ਵਿਚਾਲੇ ਵਧਦਾ ਇਹ ਤਣਾਅ ਹੁਣ ਅਦਾਲਤੀ ਕਮਰਿਆਂ ਵਿੱਚ ਸੁਲਝਾਇਆ ਜਾਵੇਗਾ।






# ਮਨੁੱਖੀ ਹੋਂਦ ਲਈ ਬੇਹੱਦ ਖ਼ਤਰਨਾਕ ਹੈ ਪਲਾਸਟਿਕ



ਡਾ.ਕਿਸ਼ਨ ਲਾਲ

ਪਲਾਸਟਿਕ ਦੀ ਖੋਜ ਦਾ ਇਤਿਹਾਸ 1862 ਤੋਂ ਸ਼ੁਰੂ ਹੋਇਆ ਪਰ 1907 'ਚ ਲਿਓ ਬੈਕਲੈਂਡ ਦੁਆਰਾ ਤਿਆਰ ਕੀਤੇ ਪਹਿਲੇ ਸਿੰਥੈਟਿਕ ਪਲਾਸਟਿਕ 'ਬੈਕਲਾਈਟ' ਨੇ ਵਿਗਿਆਨ ਦੀ ਦੁਨੀਆ 'ਚ ਹਲਚਲ ਮਚਾ ਦਿੱਤੀ। ਆਪਣੀ ਮਜ਼ਬੂਤੀ, ਸਸਤੇ ਮੁੱਲ ਤੇ ਬਿਜਲੀ ਦੇ ਕੁਚਾਲਕ ਹੋਣ ਕਾਰਨ ਇਸ ਨੂੰ ਉਸ ਸਮੇਂ ਦੀ ਕਰਾਮਾਤੀ ਕਾਢ ਮੰਨਿਆ ਗਿਆ ਪਰ ਇਹ ਕਰਾਮਾਤ 1950 ਦੇ ਦਹਾਕੇ ਤੋਂ ਬਾਅਦ ਇੱਕ ਸਰਾਪ ਬਣਨੀ ਸ਼ੁਰੂ ਹੋ ਗਈ, ਜਦੋਂ 'ਵਰਤੋ ਤੇ ਸੁੱਟੋ' ਦੇ ਸੱਭਿਆਚਾਰ ਨੇ ਜਨਮ ਲੈ ਲਿਆ। ਅੱਜ ਸਥਿਤੀ ਇਹ ਹੈ ਕਿ ਦੁਨੀਆ ਭਰ ਵਿੱਚ ਹਰ ਮਿੰਟ ਵਿੱਚ 10 ਲੱਖ ਪਲਾਸਟਿਕ ਦੀਆਂ ਬੋਤਲਾਂ ਖਰੀਦੀਆਂ ਜਾਂਦੀਆਂ ਹਨ। ਪੰਜਾਬ ਦੇ ਦਰਿਆ ਸਤਲੁਜ ਤੇ ਬਿਆਸ ਅੱਜ ਪਲਾਸਟਿਕ ਪ੍ਰਦੂਸ਼ਣ ਨਾਲ ਕਰਾਹ ਰਹੇ ਹਨ। ਲੁਧਿਆਣਾ ਤੇ ਅੰਮ੍ਰਿਤਸਰ ਵਰਗੇ ਮਹਾਨਗਰਾਂ 'ਚ ਕੂੜੇ ਦੇ ਜੋ ਵਿਸ਼ਾਲ ਪਹਾੜ ਬਣੇ ਹੋਏ ਹਨ, ਉਨ੍ਹਾਂ 'ਚ 30 ਫ਼ੀਸਦੀ ਤੋਂ ਵੱਧ ਇਕੱਲਾ ਪਲਾਸਟਿਕ ਹੈ। ਇਹ ਪਲਾਸਟਿਕ ਨਾ ਸਿਰਫ਼ ਵਾਤਾਵਰਣ ਲਈ, ਸਗੋਂ ਜੀਵ-ਜੰਤੂਆਂ ਲਈ ਵੀ ਬੇਹੱਦ ਘਾਤਕ ਹੈ। ਅਕਸਰ ਬੇਜ਼ੁਬਾਨ ਪਸ਼ੂ ਕੂੜੇ 'ਚੋਂ ਖਾਣਾ ਲੱਭਦੇ ਹੋਏ ਪਲਾਸਟਿਕ ਦੇ ਲਿਫ਼ਾਫ਼ੇ ਨਿਗਲ ਲੈਂਦੇ ਹਨ, ਜੋ ਉਨ੍ਹਾਂ ਦੀ ਸਾਹ ਨਲੀ 'ਚ ਫਸ ਕੇ ਜਾਂ ਮਿਹਦੇ 'ਚ ਜ਼ਹਿਰੀਲੀ ਪਰਤ ਬਣਾ ਕੇ ਮੌਤ ਦਾ ਕਾਰਨ ਬਣਦੇ ਹਨ। ਪਲਾਸਟਿਕ ਦੀ ਸਭ ਤੋਂ ਭਿਆਨਕ ਗੱਲ ਇਸ ਦਾ 'ਅਮਰ' ਰਹਿਣਾ ਹੈ ਕਿਉਂਕਿ ਇਸ ਨੂੰ ਕਦੇ ਵੀ ਨਸ਼ਟ ਨਹੀਂ ਕੀਤਾ ਜਾ ਸਕਦਾ, ਸਗੋਂ ਇਹ ਧਰਤੀ ਦੀ ਉਪਜਾਊ ਸ਼ਕਤੀ ਨੂੰ ਨਸ਼ਟ ਕਰਕੇ ਉਸ ਨੂੰ ਵੀ ਬੰਜਰ ਬਣਾ ਦਿੰਦਾ ਹੈ।

ਇੱਕ ਹੈਰਾਨੀਜਨਕ ਸੱਚਾਈ ਇਹ ਹੈ ਕਿ ਸਾਡੇ ਰੋਜ਼ਾਨਾ ਦੇ ਕੂੜੇ 'ਚ 50 ਫ਼ੀਸਦੀ ਹਿੱਸਾ ਉਨ੍ਹਾਂ ਵਸਤੂਆਂ ਦਾ ਹੁੰਦਾ ਹੈ, ਜਿਨ੍ਹਾਂ ਦੀ ਵਰਤੋਂ ਅਸੀਂ ਸਿਰਫ਼ 10-15 ਮਿੰਟਾਂ ਲਈ ਕਰਦੇ ਹਾਂ, ਜਿਵੇਂ ਕਿ ਪਲਾਸਟਿਕ ਦੇ ਸਟ੍ਰਾਅ, ਪੈਕਿੰਗ ਸਮੱਗਰੀ ਤੇ ਚਾਹ ਦੇ ਕੱਪ ਆਦਿ। ਪਲਾਸਟਿਕ ਦੇ ਬੈਗ, ਪਲੇਟਾਂ, ਗਲਾਸ, ਚਮਚੇ, ਖਿਡੌਣੇ ਤੇ ਫਰਨੀਚਰ ਦੇ ਰੂਪ 'ਚ ਇਹ ਸਾਡੇ ਘਰਾਂ ਤੇ ਬਾਜ਼ਾਰਾਂ 'ਚ ਵੱਡੀ ਮਾਤਰਾ 'ਚ ਹਨ। ਦੁਖਾਂਤ ਇਹ ਹੈ ਕਿ ਚੰਦ ਮਿੰਟਾਂ ਦੀ ਸਹੂਲਤ ਲਈ ਵਰਤੀਆਂ ਇਹ ਚੀਜ਼ਾਂ ਵਰਤੋਂ ਤੋਂ ਬਾਅਦ ਹਜ਼ਾਰਾਂ ਸਾਲਾਂ ਲਈ ਧਰਤੀ 'ਤੇ ਗੰਦਗੀ ਦਾ ਅੰਬਾਰ ਲਾ ਦਿੰਦੀਆਂ ਹਨ। ਸ਼ਹਿਰਾਂ 'ਚ ਪੋਲੀਥੀਨ ਬੈਗਾਂ ਕਾਰਨ ਸੀਵਰੇਜ ਜਾਮ ਹੋਣ ਦੀ ਸਮੱਸਿਆ ਅੱਜ ਗੰਭੀਰ ਸੰਕਟ ਬਣ ਗਈ ਹੈ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਪਲਾਸਟਿਕ ਰੀਸਾਈਕਲ (ਮੁੜ ਵਰਤੋਂਯੋਗ) ਹੋ ਜਾਵੇਗਾ ਪਰ ਅਸਲੀਅਤ ਇਹ ਹੈ ਕਿ ਦੁਨੀਆ ਦਾ ਲਗਭਗ 90 ਫ਼ੀਸਦੀ ਪਲਾਸਟਿਕ ਕਦੇ ਵੀ ਰੀਸਾਈਕਲ ਨਹੀਂ ਹੁੰਦਾ।

ਪਲਾਸਟਿਕ ਪ੍ਰਦੂਸ਼ਣ ਅੱਜ ਦੁਨੀਆ ਦੇ ਹਰ ਕੋਨੇ ਨੂੰ ਆਪਣੀ ਲਪੇਟ 'ਚ ਲੈ ਚੁੱਕਾ ਹੈ। ਸਮੁੰਦਰਾਂ 'ਚ ਪਲਾਸਟਿਕ ਦੇ ਵਿਸ਼ਾਲ 'ਗਾਰਬੇਜ ਪੈਚ' (ਕੂੜੇ ਦੇ ਟਾਪੂ) ਬਣ ਚੁੱਕੇ ਹਨ ਤੇ ਅੰਦਾਜ਼ਾ ਹੈ ਕਿ 2040 ਤੱਕ ਇਹ ਪ੍ਰਦੂਸ਼ਣ ਮੌਜੂਦਾ ਪੱਧਰ ਤੋਂ ਦੁੱਗਣਾ ਹੋ ਜਾਵੇਗਾ। ਹਰ ਸਾਲ ਲਗਭਗ 23 ਤੋਂ 37 ਮਿਲੀਅਨ ਟਨ ਪਲਾਸਟਿਕ ਸਮੁੰਦਰਾਂ ਦੀ ਭੇਟ ਚੜ੍ਹੇਗਾ ਤੇ ਸਮੁੰਦਰੀ ਜੀਵ ਇਸ ਨੂੰ ਭੋਜਨ ਸਮਝ ਕੇ ਨਿਗਲ ਲੈਂਦੇ ਹਨ। ਪਲਾਸਟਿਕ ਨਾਲ ਢਿੱਡ ਭਰਨ ਨਾਲ ਉਨ੍ਹਾਂ ਨੂੰ ਭੁੱਖ ਦਾ ਅਹਿਸਾਸ ਨਹੀਂ ਹੁੰਦਾ ਤੇ ਅੰਤ ਉਹ ਤੜਫ-ਤੜਫ ਕੇ ਮਰ ਜਾਂਦੇ ਹਨ। ਇਹ ਸੰਕਟ ਸਿਰਫ਼ ਪਾਣੀ ਤੱਕ ਸੀਮਤ ਨਹੀਂ, ਖੇਤਾਂ ਦੀ ਮਿੱਟੀ 'ਚ ਮਿਲੇ ਪਲਾਸਟਿਕ ਦੇ ਕਣ ਜ਼ਮੀਨ ਦੇ ਰੋਮਾਂ ਨੂੰ ਬੰਦ ਕਰਦੇ ਹਨ, ਜਿਸ ਨਾਲ ਹਵਾ ਦਾ ਸੰਚਾਰ ਰੁਕ ਜਾਂਦਾ ਹੈ ਤੇ ਧਰਤੀ ਹੇਠ ਪਾਣੀ ਦਾ ਰੀਚਾਰਜ ਹੋਣਾ ਅਸੰਭਵ ਹੋ ਜਾਂਦਾ ਹੈ। ਇਸ ਤੋਂ ਵੀ ਖ਼ਤਰਨਾਕ ਪਲਾਸਟਿਕ ਦਾ ਸਾਡੀ ਸਿਹਤ 'ਤੇ ਪੈ ਰਿਹਾ ਸਿੱਧਾ ਪ੍ਰਭਾਵ ਹੈ। ਜਦੋਂ ਪਲਾਸਟਿਕ ਨੂੰ ਸਾੜਿਆ ਜਾਂਦਾ ਹੈ ਤਾਂ ਇਸ 'ਚੋਂ ਡਾਈਆਕਸਿਨ ਤੇ ਫਿਊਰਾਨ ਵਰਗੀਆਂ ਅਤਿ-ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਦਮਾ, ਚਮੜੀ ਰੋਗ ਤੇ ਫੇਫੜਿਆਂ ਦੇ ਕੈਂਸਰ ਦਾ ਮੁੱਖ ਕਾਰਨ ਬਣਦੀਆਂ ਹਨ। ਪਲਾਸਟਿਕ ਦੇ ਬਰਤਨਾਂ 'ਚ ਗਰਮ ਖਾਣਾ ਖਾਣ ਨਾਲ ਇਸ ਵਿੱਚ ਮੌਜੂਦ ਬੀ.ਪੀ.ਏ. ਤੇ ਫੈਥਲੇਟ ਵਰਗੇ ਕੈਮੀਕਲ ਸਾਡੇ ਭੋਜਨ 'ਚ ਘੁਲ ਜਾਂਦੇ ਹਨ। ਇਹ ਕੈਮੀਕਲ ਸਾਡੇ ਸਰੀਰ 'ਚ ਐਂਡੋਕਰੀਨ ਵਿਘਨ ਪੈਦਾ ਕਰਦੇ ਹਨ, ਜੋ ਕੁਦਰਤੀ ਹਾਰਮੋਨਸ ਦੇ ਸੰਤੁਲਨ ਨੂੰ ਵਿਗਾੜ ਕੇ ਛਾਤੀ, ਪ੍ਰੋਸਟੇਟ ਤੇ ਜਿਗਰ ਦੇ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਨੂੰ ਸੱਦਾ ਦਿੰਦੇ ਹਨ।

ਪਲਾਸਟਿਕ ਨੂੰ ਅਕਸਰ ਸਿਰਫ਼ ਜ਼ਮੀਨੀ ਜਾਂ ਸਮੁੰਦਰੀ ਕੂੜੇ ਵਜੋਂ ਦੇਖਿਆ ਜਾਂਦਾ ਹੈ ਪਰ ਅਸਲ 'ਚ ਇਹ ਗਲੋਬਲ ਵਾਰਮਿੰਗ (ਵਿਸ਼ਵਵਿਆਪੀ ਗਰਮਾਹਟ) ਦਾ ਵੀ ਇੱਕ ਵੱਡਾ ਕਾਰਨ ਹੈ। ਇਸ ਦਾ ਸਫ਼ਰ ਕੱਚੇ ਤੇਲ ਤੇ ਕੋਲੇ ਦੀ ਵਰਤੋਂ ਨਾਲ ਸ਼ੁਰੂ ਹੁੰਦਾ ਹੈ, ਜਿਸ ਦੀ ਨਿਰਮਾਣ ਪ੍ਰਕਿਰਿਆ ਦੌਰਾਨ ਭਾਰੀ ਮਾਤਰਾ 'ਚ ਕਾਰਬਨ ਡਾਈਆਕਸਾਈਡ ਵਰਗੀਆਂ ਗ੍ਰੀਨਹਾਊਸ ਗੈਸਾਂ ਪੈਦਾ ਹੁੰਦੀਆਂ ਹਨ। ਜਦੋਂ ਇਹ ਪਲਾਸਟਿਕ ਵਾਤਾਵਰਣ 'ਚ ਸੁੱਟ ਦਿੱਤਾ ਜਾਂਦਾ ਹੈ ਤਾਂ ਸੂਰਜ ਦੀ ਤੇਜ਼ ਗਰਮੀ ਨਾਲ ਇਸ ਦੇ ਟੁੱਟਣ ਦੀ ਪ੍ਰਕਿਰਿਆ ਦੌਰਾਨ ਮੀਥੇਨ ਤੇ ਈਥੀਲੀਨ ਵਰਗੀਆਂ ਘਾਤਕ ਗੈਸਾਂ ਨਿਕਲਦੀਆਂ ਹਨ, ਜੋ ਧਰਤੀ ਦੇ ਤਾਪਮਾਨ ਨੂੰ ਤੇਜ਼ੀ ਨਾਲ ਵਧਾ ਰਹੀਆਂ ਹਨ। ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਸਮੁੰਦਰਾਂ ਵਿੱਚ ਮੌਜੂਦ ਪਲੈਂਕਟਨ ਵਰਗੇ ਸੂਖਮ ਜੀਵ, ਜੋ ਵਾਤਾਵਰਣ 'ਚੋਂ ਕਾਰਬਨ ਨੂੰ ਸੋਖ ਕੇ ਧਰਤੀ ਦਾ ਸੰਤੁਲਨ ਬਣਾਈ ਰੱਖਦੇ ਹਨ, ਅੱਜ ਮਾਈਕ੍ਰੋਪਲਾਸਟਿਕ ਕਾਰਨ ਖ਼ਤਮ ਹੋ ਰਹੇ ਹਨ। ਇਨ੍ਹਾਂ ਜੀਵਾਂ ਦੇ ਨਸ਼ਟ ਹੋਣ ਨਾਲ ਧਰਤੀ ਦੀ ਕੁਦਰਤੀ ਕਾਰਬਨ ਸੋਖਣ ਪ੍ਰਣਾਲੀ ਬੁਰੀ ਤਰ੍ਹਾਂ ਵਿਗੜ ਰਹੀ ਹੈ। ਇਸ ਤਰ੍ਹਾਂ ਪਲਾਸਟਿਕ ਨਾ ਸਿਰਫ਼ ਧਰਤੀ ਨੂੰ ਗੰਦਾ ਕਰ ਰਿਹਾ ਹੈ, ਸਗੋਂ ਵਾਤਾਵਰਣ ਨੂੰ ਗਰਮ ਕਰਕੇ ਸਾਡੇ ਭਵਿੱਖ ਨੂੰ ਵੀ ਸੁਆਹ ਕਰ ਰਿਹਾ ਹੈ। ਸਭ ਤੋਂ ਭਿਆਨਕ ਸਚਾਈ ਇਹ ਹੈ ਕਿ ਪਲਾਸਟਿਕ ਹੁਣ ਸਾਡੇ ਖ਼ੂਨ ਦੇ ਦੌਰੇ 'ਚ ਵੀ ਸ਼ਾਮਿਲ ਹੋ ਚੁੱਕਾ ਹੈ। ਇਹ 5 ਮਿਲੀਮੀਟਰ ਤੋਂ ਵੀ ਛੋਟੇ ਮਾਈਕ੍ਰੋਪਲਾਸਟਿਕ ਕਣ ਪੀਣ ਵਾਲੇ ਪਾਣੀ, ਸਮੁੰਦਰੀ ਨਮਕ, ਹਵਾ ਤੇ ਇੱਥੋਂ ਤੱਕ ਕਿ ਸਾਡੇ ਰੋਜ਼ਾਨਾ ਵਰਤੋਂ ਦੇ ਸ਼ਿੰਗਾਰ ਸਾਮਾਨ (ਲਿਪਸਟਿਕ, ਫੇਸ ਵਾਸ਼ ਆਦਿ) ਰਾਹੀਂ ਸਾਡੇ ਸਰੀਰ 'ਚ ਦਾਖਲ ਹੋ ਰਹੇ ਹਨ। ਇਹ ਕਣ ਸਾਡੀਆਂ ਅੰਤੜੀਆਂ 'ਚ ਜਮ੍ਹਾਂ ਹੋ ਕੇ ਨਾ ਸਿਰਫ਼ ਪਾਚਣ ਸ਼ਕਤੀ ਨੂੰ ਕਮਜ਼ੋਰ ਕਰਦੇ ਹਨ, ਸਗੋਂ ਗੰਭੀਰ ਇਨਫੈਕਸ਼ਨ ਦਾ ਕਾਰਨ ਵੀ ਬਣਦੇ ਹਨ। ਇਸ ਤੋਂ ਵੀ ਵੱਧ ਖ਼ਤਰਨਾਕ ਪਲਾਸਟਿਕ 'ਚ ਮੌਜੂਦ ਬਿਸਫੇਨੋਲ-ਏ ਤੇ ਥੈਲੇਟਸ ਵਰਗੇ ਜ਼ਹਿਰੀਲੇ ਕੈਮੀਕਲ ਹਨ, ਜੋ ਸਾਡੇ ਹਾਰਮੋਨਲ ਸੰਤੁਲਨ ਨੂੰ ਬੁਰੀ ਤਰ੍ਹਾਂ ਵਿਗਾੜਦੇ ਹਨ। ਇਹ ਪੁਰਸ਼ਾਂ 'ਚ ਸ਼ੁਕਰਾਣੂਆਂ ਦੀ ਘਾਟ ਤੇ ਔਰਤਾਂ 'ਚ ਮਾਹਵਾਰੀ ਦੀ ਗੜਬੜੀ ਜਾਂ ਗਰਭ ਧਾਰਨ ਕਰਨ 'ਚ ਵੱਡੀ ਰੁਕਾਵਟ ਪੈਦਾ ਕਰ ਰਹੇ ਹਨ। ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਗਰਭਵਤੀ ਔਰਤਾਂ ਰਾਹੀਂ ਇਹ ਮਾਈਕ੍ਰੋਪਲਾਸਟਿਕ ਪਲੈਂਸਟਾ ਨੂੰ ਪਾਰ ਕਰਕੇ ਅਣਜੰਮੇ ਬੱਚੇ ਤੱਕ ਪਹੁੰਚ ਰਿਹਾ ਹੈ, ਜੋ ਆਉਣ ਵਾਲੀਆਂ ਨਸਲਾਂ ਦੀ ਸਿਹਤ 'ਤੇ ਸਵਾਲੀਆ ਚਿੰਨ੍ਹ ਲਾ ਰਿਹਾ ਹੈ। ਇਹ ਮਨੁੱਖੀ ਸਿਹਤ ਲਈ ਬਹੁਤ ਵੱਡਾ ਮੈਡੀਕਲ ਐਮਰਜੈਂਸੀ ਵਰਗਾ ਸੰਕਟ ਹੈ।

ਪਲਾਸਟਿਕ ਪ੍ਰਦੂਸ਼ਣ ਦੀ ਭਿਆਨਕਤਾ ਨੂੰ ਦੇਖਦੇ ਹੋਏ ਸਿਰਫ਼ ਸਰਕਾਰਾਂ ਨੂੰ ਕੋਸਣ ਨਾਲ ਸੁਧਾਰ ਨਹੀਂ ਹੋਵੇਗਾ, ਸਾਨੂੰ ਖ਼ੁਦ ਨੂੰ ਬਦਲਾਅ ਦਾ ਹਿੱਸਾ ਬਣਾਉਣਾ ਪਵੇਗਾ। ਅੱਜ ਸਮਾਂ ਹੈ ਕਿ ਅਸੀਂ ਰਵਾਇਤੀ ਪਲਾਸਟਿਕ ਦੀ ਥਾਂ ਮੱਕੀ ਦੇ ਸਟਾਰਚ ਜਾਂ ਗੰਨੇ ਦੀ ਰਹਿੰਦ-ਖੂੰਹਦ ਤੋਂ ਬਣੇ ਬਾਇਓਡੀਗ੍ਰੇਡੇਬਲ (ਕੁਦਰਤੀ ਤੌਰ 'ਤੇ ਗਲਣਯੋਗ) ਪਲਾਸਟਿਕ ਦੀ ਵਰਤੋਂ ਨੂੰ ਉਤਸ਼ਾਹਿਤ ਕਰੀਏ। ਨਵੀਨਤਮ ਤਕਨੀਕਾਂ ਰਾਹੀਂ ਰੀਸਾਈਕਲ ਕੀਤੇ ਪਲਾਸਟਿਕ ਨੂੰ ਲੁੱਕ 'ਚ ਮਿਲਾ ਕੇ ਬਣਾਈਆਂ ਜਾ ਰਹੀਆਂ ਸੜਕਾਂ ਸ਼ਾਨਦਾਰ ਮਿਸਾਲ ਹਨ, ਜੋ ਨਾ ਸਿਰਫ਼ ਜ਼ਿਆਦਾ ਟਿਕਾਊ ਹਨ, ਸਗੋਂ ਕੂੜੇ ਦੇ ਨਿਪਟਾਰੇ ਦਾ ਵਧੀਆ ਹੱਲ ਵੀ ਹਨ। ਜਦੋਂ ਵੀ ਘਰੋਂ ਬਾਹਰ ਨਿਕਲੋ ਤਾਂ ਆਪਣਾ ਕੱਪੜੇ ਦਾ ਥੈਲਾ ਤੇ ਸਟੀਲ ਦੀ ਬੋਤਲ ਨਾਲ ਰੱਖਣ ਦੀ ਆਦਤ ਪਾਓ। ਵਿਆਹ-ਸ਼ਾਦੀਆਂ ਜਾਂ ਹੋਰ ਸਮਾਜਿਕ ਸਮਾਗਮਾਂ 'ਚ ਪਲਾਸਟਿਕ ਦੇ ਡਿਸਪੋਜ਼ੇਬਲ ਬਰਤਨਾਂ ਦੀ ਥਾਂ ਰਵਾਇਤੀ ਪੱਤਲਾਂ ਜਾਂ ਸਟੀਲ ਦੇ ਬਰਤਨਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਵਿਗਿਆਨਕ ਜਗਤ ਵਿੱਚ ਹਾਲ ਹੀ 'ਚ ਹੋਈ ਇੱਕ ਖੋਜ ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਯੂਨੀਵਰਸਿਟੀ ਆਫ ਨਿਊ ਮੈਕਸੀਕੋ ਦੇ ਵਿਗਿਆਨੀ ਮੈਥਿਊ ਕੈਂਪੇਨ ਦੀ ਅਗਵਾਈ 'ਚ ਹੋਏ ਅਧਿਐਨ ਅਨੁਸਾਰ ਮਨੁੱਖੀ ਦਿਮਾਗ 'ਚ ਪਲਾਸਟਿਕ ਦੀ ਮਾਤਰਾ ਬਾਕੀ ਸਰੀਰਕ ਅੰਗਾਂ (ਮਿਹਦਾ, ਫੇਫੜੇ ਤੇ ਗੁਰਦੇ) ਨਾਲੋਂ 10 ਤੋਂ 20 ਗੁਣਾ ਵੱਧ ਪਾਈ ਗਈ ਹੈ। 91 ਮ੍ਰਿਤਕ ਦੇਹਾਂ 'ਤੇ ਕੀਤੇ ਇਸ ਅਧਿਐਨ ਨੇ ਦੱਸਿਆ ਕਿ ਸਮੇਂ ਦੇ ਨਾਲ ਇਹ ਸਥਿਤੀ ਹੋਰ ਭਿਆਨਕ ਹੁੰਦੀ ਜਾ ਰਹੀ ਹੈ, ਕਿਉਂਕਿ ਸਾਲ 2016 ਦੇ ਮੁਕਾਬਲੇ 2024 'ਚ ਮਰੇ ਵਿਅਕਤੀਆਂ ਦੇ ਦਿਮਾਗ ਵਿੱਚ ਪਲਾਸਟਿਕ ਦੀ ਮਾਤਰਾ 50 ਫ਼ੀਸਦੀ ਵੱਧ ਸੀ। ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਮਾਨਸਿਕ ਰੋਗਾਂ ਜਾਂ ਪਾਗਲਪਨ ਦੇ ਸ਼ਿਕਾਰ ਵਿਅਕਤੀਆਂ ਦੇ ਦਿਮਾਗ 'ਚ ਪਲਾਸਟਿਕ ਦੀ ਮਾਤਰਾ ਆਮ ਲੋਕਾਂ ਨਾਲੋਂ 10 ਗੁਣਾ ਵੱਧ ਮਿਲੀ ਹੈ। ਇਹ ਅਧਿਐਨ ਸਪੱਸ਼ਟ ਸੰਕੇਤ ਦਿੰਦਾ ਹੈ ਕਿ ਦਿਮਾਗ 'ਚ ਜਮ੍ਹਾਂ ਹੋ ਰਿਹਾ ਪਲਾਸਟਿਕ ਸਾਡੇ ਤੰਤੂ-ਤੰਤਰ ਨੂੰ ਨਸ਼ਟ ਕਰ ਰਿਹਾ ਹੈ ਤੇ ਭਵਿੱਖ 'ਚ ਅਲਜ਼ਾਈਮਰ ਤੇ ਡਿਮੈਂਸ਼ੀਆ ਵਰਗੀਆਂ ਗੰਭੀਰ ਮਾਨਸਿਕ ਬਿਮਾਰੀਆਂ ਦਾ ਵੱਡਾ ਕਾਰਨ ਬਣ ਸਕਦਾ ਹੈ। ਇਸ ਤਰ੍ਹਾਂ ਪਲਾਸਟਿਕ ਪ੍ਰਦੂਸ਼ਣ ਧੀਮਾ ਜ਼ਹਿਰ ਸਾਬਤ ਹੋ ਰਿਹਾ ਹੈ। ਜਦੋਂ ਅਸੀਂ ਪਲਾਸਟਿਕ ਦੇ ਬਰਤਨਾਂ ਅਤੇ ਸਮਾਨ ਦੀ ਖਰੀਦਦਾਰੀ ਤੋਂ ਤੋਬਾ ਕਰਾਂਗੇ ਤਾਂ ਨਾ ਸਿਰਫ਼ ਪਲਾਸਟਿਕ ਬਣਾਉਣ ਵਾਲੇ ਕਾਰਖ਼ਾਨੇ ਬੰਦ ਹੋਣਗੇ, ਸਗੋਂ ਸਾਡੀ ਪੁਰਾਤਨ ਜੂਟ ਇੰਡਸਟਰੀ (ਪਟਸਨ ਉਦਯੋਗ) ਨੂੰ ਮੁੜ ਹੁਲਾਰਾ ਮਿਲੇਗਾ। ਜੇਕਰ ਅਸੀਂ ਅੱਜ ਆਪਣੀਆਂ ਆਦਤਾਂ ਨਹੀਂ ਬਦਲਦੇ ਤਾਂ 2050 ਤੱਕ ਸਮੁੰਦਰਾਂ 'ਚ ਮੱਛੀਆਂ ਨਾਲੋਂ ਵੱਧ ਪਲਾਸਟਿਕ ਦੀ ਮਾਤਰਾ ਹੋਵੇਗੀ। ਪਲਾਸਟਿਕ ਵਿਰੁੱਧ ਲੜਾਈ ਨੂੰ ਇੱਕ ਜਨ ਅੰਦੋਲਨ ਬਣਾਉਣ ਦੀ ਲੋੜ ਹੈ। ਆਪਣੇ ਘਰ ਨੂੰ ਪਲਾਸਟਿਕ ਮੁਕਤ ਬਣਾਉਣ ਦੀ ਸ਼ੁਰੂਆਤ ਅੱਜ ਹੀ ਕਰੋ। ਇਹ ਉਹ ਜੰਗ ਹੈ, ਜੋ ਸਾਨੂੰ ਆਪਣੀ ਹੋਂਦ ਤੇ ਆਪਣੀਆਂ ਨਸਲਾਂ ਲਈ ਹਰ ਹਾਲ ਜਿੱਤਣੀ ਹੀ ਪਵੇਗੀ।


SINCE : 2007

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ

CANADIAN PUNJAB TIMES

ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ

www.thepunjabtimes.ca

ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ

ਤਾਂ ਅੱਜ ਹੀ ਸਾਡੇ ਨਾਲ ਜੁੜੋ

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ

It's Time To Grow Your Business

Advertise with us...

: canadianpunjabtimes@gmail.com

Contact : 604-338-7310

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।

# ਖਾਲਸਾ ਸੰਪੂਰਨਤਾ ਦਿਵਸ

1469 - 1699

ਸਮੂਹ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ

## ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ ਵਲੋਂ

ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ

# ਵਿਸ਼ੇਸ਼ ਸਮਾਗਮ

ਆਯੋਜਿਤ ਕੀਤਾ ਜਾਵੇਗਾ। ਸੰਗਤਾਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਬਾਰੇ ਜੋ ਗ਼ਲਤ ਧਾਰਨਾ (ਕੱਤਕ ਦੀ ਪੂਰਨਮਾਸ਼ੀ) ਬਣ ਚੁੱਕੀ ਹੈ, ਉਸ ਸਬੰਧ ਵਿੱਚ ਸੁਚੇਤ ਕਰਨ ਦੇ ਮਨੋਰਥ ਨਾਲ,

## ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਖਾਲਸੇ ਦਾ ਸੰਪੂਰਨਤਾ (ਵੈਸਾਖੀ)

ਨੂੰ ਸਾਂਝੇ ਤੌਰ 'ਤੇ ਮਨਾਇਆ ਜਾਵੇਗਾ। ਸਾਡਾ ਮੰਤਵ ਹੈ ਕਿ ਸੰਗਤਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਇਤਿਹਾਸਕ ਸਰੋਤਾਂ ਅਤੇ ਵਿਦਵਾਨਾਂ ਦੀ ਖੋਜ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦਾ ਅਸਲ ਪ੍ਰਕਾਸ਼ ਦਿਹਾੜਾ ਵੈਸਾਖ (ਪਹਿਲੀ) ਨੂੰ ਪ੍ਰਚਲੱਤ ਕੀਤਾ ਜਾਵੇ।
ਇਤਿਹਾਸ ਅਤੇ ਗੁਰਮਤਿ ਦੀਆਂ ਵਿਚਾਰਾਂ ਸਾਂਝੀਆਂ ਕਰਨ ਲਈ ਕੁਝ ਵਿਦਵਾਨ ਪਹੁੰਚ ਰਹੇ ਹਨ।
ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਪਹੁੰਚ ਕੇ ਲਾਹਾ ਪ੍ਰਾਪਤ ਕਰੋ।



Dr. Karminder Singh



S. Harinder Singh

**ਸਮਾਂ ਅਤੇ ਅਸਥਾਨ**

## 4 ਅਪ੍ਰੈਲ, 2026, ਦਿਨ ਸ਼ਨਿੱਚਰਵਾਰ

ਸਮਾਂ 10:00 ਵਜੇ ਸਵੇਰ ਤੋਂ, 4:00 ਵਜੇ (ਬਾਅਦ ਦੁਪਹਿਰ) ਤੱਕ

**12888 - 80 ਐਵਨਿਊ ਯੂਨਿਟ 207, ਸਰੀ, ਬੀ.ਸੀ. (ਗਰੈਂਡ ਐਮਪਾਇਰ ਬੈਂਕੁਇਟ ਹਾਲ)**

ਦੁਪਹਿਰ ਦੇ ਭੋਜਨ ਦਾ ਖਾਸ ਪ੍ਰਬੰਧ ਹੋਵਗਾ।

ਹੋਰ ਜਾਣਕਾਰੀ ਲਈ ਫੋਨ :

| | | | |
|---|---|---|---|
| ਡਾਕਟਰ ਜਗਜੀਤ ਸਿੰਘ | ਮਨਜੀਤ ਸਿੰਘ ਖਹਿਰਾ | ਜਸਵਿੰਦਰ ਸਿੰਘ | ਪੂਰਨ ਸਿੰਘ (ਡਾਕਟਰ) |
| 778-802-4304 | 604-842-9958 | 604-512-5001 | 778-998-5733 |

ਅਸੀਂ ਤੁਹਾਡੇ ਵਲੋਂ ਮਿਲੇ ਸਹਿਯੋਗ ਦਾ ਦਿਲੀ ਧੰਨਵਾਦੀ ਹੋਵਾਂਗੇ।




# ਸ਼ਹੀਦ ਭਾਈ ਤਾਰਾ ਸਿੰਘ 'ਵਾਂ'

## ਜਿਸ ਦੀ ਸ਼ਹਾਦਤ ਨੇ ਸਿੱਖ ਪੰਥ ਨੂੰ ਦੁਬਾਰਾ ਸੰਗਠਿਤ ਕੀਤਾ



> "ਭਾਈ ਤਾਰਾ ਸਿੰਘ ਪੰਥ ਦੀ ਬਹੁਤ ਪੂਜਨੀਕ ਹਸਤੀ ਸੀ। ਉਸ ਦੀ ਬਹਾਦਰੀ ਅਤੇ ਸ਼ਹੀਦੀ ਦੀ ਖ਼ਬਰ ਸੁਣ ਕੇ ਸਿੱਖ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਆਣ ਇਕੱਠੇ ਹੋਏ। ਗੁਰਮਤਾ ਕੀਤਾ ਗਿਆ ਕਿ ਜਥੇ ਬਣਾ ਕੇ ਸਾਰੇ ਪੰਜਾਬ ਵਿਚ ਜ਼ਾਲਮ ਹਕੂਮਤ ਦਾ ਸਾਹ ਤੰਗ ਕਰ ਦਿਤਾ ਜਾਵੇ। ਭਾਈ ਤਾਰਾ ਸਿੰਘ ਦੀ ਬਹਾਦਰੀ ਤੋਂ ਪ੍ਰੇਰਨਾ ਲੈ ਕੇ ਸਿੱਖਾਂ ਨੇ ਉਹ ਨਿਧੜਕ ਸੰਘਰਸ਼ ਸ਼ੁਰੂ ਕੀਤਾ ਜੋ ਸਿੱਖ ਰਾਜ ਦੀ ਪ੍ਰਾਪਤੀ ਦਾ ਸਬੱਬ ਬਣਿਆ। ਸ਼ਹੀਦ ਦੀ ਯਾਦ ਵਿਚ ਪਿੰਡ 'ਵਾਂ' ਵਿਖੇ ਬਹੁਤ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ। ਭਾਈ ਤਾਰਾ ਸਿੰਘ ਦੇ ਖ਼ਾਨਦਾਨ ਦੇ ਲੋਕ ਪਹਿਲਾਂ ਬੀਕਾਨੇਰ ਚਲੇ ਗਏ ਸਨ ਅਤੇ ਹੁਣ ਕਰਤਾਰਪੁਰ ਦੇ ਨਜ਼ਦੀਕ ਪਿੰਡ ਬੁਟਰਾਂ ਵਾਲੀ 'ਵਾਂ' ਵਿਖੇ ਵੱਸੇ ਹੋਏ ਹਨ। ਭਾਈ ਤਾਰਾ ਸਿੰਘ ਦੀ ਯਾਦ ਵਿਚ ਹਰ ਸਾਲ 22 ਫੱਗਣ ਨੂੰ ਪਿੰਡ ਵਿਚ ਵੱਡੀ ਪੱਧਰ ਤੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।"

ਭਾਈ ਤਾਰਾ ਸਿੰਘ ਪੰਥ ਦੀ ਬਹੁਤ ਮਹਾਨ ਹਸਤੀ ਸੀ। ਉਸ ਦੀ ਬਹਾਦਰੀ ਅਤੇ ਸ਼ਹੀਦੀ ਦੀ ਖ਼ਬਰ ਸੁਣ ਕੇ ਸਿੱਖ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਆਣ ਇਕੱਠੇ ਹੋਏ। ਗੁਰਮਤਾ ਕੀਤਾ ਗਿਆ ਕਿ ਜਥੇ ਬਣਾ ਕੇ ਸਾਰੇ ਪੰਜਾਬ ਵਿਚ ਜ਼ਾਲਮ ਹਕੂਮਤ ਦਾ ਸਾਹ ਤੰਗ ਕਰ ਦਿਤਾ ਜਾਵੇ। ਭਾਈ ਤਾਰਾ ਸਿੰਘ ਦੀ ਬਹਾਦਰੀ ਤੋਂ ਪ੍ਰੇਰਨਾ ਲੈ ਕੇ ਸਿੱਖਾਂ ਨੇ ਉਹ ਨਿਧੜਕ ਸੰਘਰਸ਼ ਸ਼ੁਰੂ ਕੀਤਾ ਜੋ ਸਿੱਖ ਰਾਜ ਦੀ ਪ੍ਰਾਪਤੀ ਦਾ ਸਬੱਬ ਬਣਿਆ। ਸ਼ਹੀਦ ਦੀ ਯਾਦ ਵਿਚ ਪਿੰਡ 'ਵਾਂ' ਵਿਖੇ ਬਹੁਤ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ। ਭਾਈ ਤਾਰਾ ਸਿੰਘ ਦੇ ਖ਼ਾਨਦਾਨ ਦੇ ਲੋਕ ਪਹਿਲਾਂ ਬੀਕਾਨੇਰ ਚਲੇ ਗਏ ਸਨ ਅਤੇ ਹੁਣ ਕਰਤਾਰਪੁਰ ਦੇ ਨਜ਼ਦੀਕ ਪਿੰਡ ਬੁਟਰਾਂ ਵਾਲੀ 'ਵਾਂ' ਵਿਖੇ ਵੱਸੇ ਹੋਏ ਹਨ। ਭਾਈ ਤਾਰਾ ਸਿੰਘ ਦੀ ਯਾਦ ਵਿਚ ਹਰ ਸਾਲ 22 ਫੱਗਣ ਨੂੰ ਪਿੰਡ ਵਿਚ ਵੱਡੀ ਪੱਧਰ ਤੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

19 ਜੂਨ 1716 ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਹੋਈ ਸੀ। ਇਹ ਪੰਥ ਵਾਸਤੇ ਬਹੁਤ ਗੰਭੀਰ ਨੁਕਸਾਨ ਸੀ। ਇੱਕੋ ਝਟਕੇ ਨਾਲ ਪੰਜਾਬ ਭਰ ਵਿਚੋਂ ਸਿੱਖਾਂ ਦੀ ਤਾਕਤ ਖ਼ਤਮ ਕਰ ਦਿਤੀ ਗਈ। ਕੋਈ ਹੋਰ ਕੌਮ ਹੁੰਦੀ ਤਾਂ ਅਜਿਹੀ ਮਾਰੂ ਸੱਟ ਤੋਂ ਬਾਅਦ ਮੁੜ ਉਠਣ ਜੋਗੀ ਨਾ ਰਹਿੰਦੀ। ਬਾਦਸ਼ਾਹ ਫਰਖਸੀਅਰ ਨੇ ਸੂਬੇਦਾਰ ਅਬਦੁਲ ਸਮੱਦ ਖ਼ਾਨ ਨੂੰ ਸਖ਼ਤ ਹੁਕਮ ਭੇਜੇ ਕਿ ਸਿੱਖਾਂ ਦਾ ਖੁਰਾ-ਖੋਜ ਮਿਟਾ ਦਿਤਾ ਜਾਵੇ। ਨਤੀਜਤਨ ਹਜ਼ਾਰਾਂ ਸਿੱਖ ਤਲਵਾਰ ਦੀ ਧਾਰ ਲੰਘਾ ਦਿਤੇ ਗਏ। ਬਚੇ-ਖੁਚੇ ਸਿੱਖਾਂ ਨੇ ਮਾਲਵੇ ਦੇ ਜੰਗਲਾਂ ਅਤੇ ਰਾਜਸਥਾਨ ਦੇ ਰੇਤ ਦੇ ਟੀਲਿਆਂ ਵਿਚ ਜਾ ਪਨਾਹ ਲਈ। ਡੇਢ ਦੋ ਸਾਲ ਸਖ਼ਤੀ ਦਾ ਦੌਰ ਚਲਦਾ ਰਿਹਾ, ਫਿਰ ਅਬਦੁਲ ਸਮੱਦ ਖ਼ਾਨ ਹੋਰ ਝਗੜਿਆਂ ਵਿਚ ਉਲਝ ਗਿਆ। ਦੁਆਬੇ ਵਿਚ ਈਸਾ ਖਾਨ ਮੰਝ ਅਤੇ ਕਸੂਰ ਵਿਚ ਹੁਸੈਨ ਖ਼ਾਨ ਖੇਸ਼ਗੀ ਨੇ ਬਗ਼ਾਵਤ ਕਰ ਦਿਤੀ। 1726 ਵਿਚ ਦਿੱਲੀ ਦੇ ਵਜ਼ੀਰ ਕਮਰੁਦੀਨ ਨੇ ਖ਼ਰਾਬ ਪ੍ਰਬੰਧਾਂ ਦਾ ਇਲਜ਼ਾਮ ਲਾ ਕੇ ਅਬਦੁਲ ਸਮੱਦ ਖ਼ਾਨ ਨੂੰ ਮੁਲਤਾਨ ਦਾ ਅਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ (ਜੋ ਕਮਰੁਦੀਨ ਦਾ ਜੀਜਾ ਸੀ) ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕਰ ਦਿਤਾ।ਇਨ੍ਹਾਂ 8-10 ਸਾਲਾਂ ਵਿਚ ਸਿੱਖਾਂ ਨੂੰ ਕੁੱਝ ਸਾਹ ਮਿਲ ਗਿਆ। ਆਪਸੀ ਝਗੜਿਆਂ ਕਾਰਨ ਹਕੂਮਤ ਦਾ ਵੀ ਧਿਆਨ ਸਿੱਖਾਂ ਵਲੋਂ ਹਟ ਗਿਆ। ਉਹ ਵਾਪਸ ਆ ਕੇ ਪਿੰਡਾਂ ਵਿਚ ਸ਼ਾਂਤੀ ਨਾਲ ਵਾਹੀ-ਜੋਤੀ ਕਰਨ ਲੱਗ ਗਏ। ਪਰ ਬਾਬਾ ਬੰਦਾ ਬਹਾਦਰ ਅਧੀਨ ਵੇਖੀ ਅਜ਼ਾਦੀ ਉਨ੍ਹਾਂ ਨੂੰ ਭੁੱਲੀ ਨਹੀਂ ਸੀ। ਉਹ ਮੁੜ ਸੰਗਠਤ ਹੋਣ ਲੱਗ ਪਏ। ਉਨ੍ਹਾਂ ਦਿਨਾਂ ਵਿਚ ਹੀ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ ਹੋਈ ਜਿਸ ਨੇ ਪੰਥ ਉਤੇ ਜ਼ਬਰਦਸਤ ਚਮਤਕਾਰੀ ਪ੍ਰਭਾਵ ਪਇਆ।

ਭਾਈ ਤਾਰਾ ਸਿੰਘ ਦਾ ਜਨਮ ਪਿੰਡ 'ਵਾਂ' ਵਿਖੇ ਸ. ਗੁਰਦਾਸ ਸਿੰਘ ਦੇ ਘਰ 1687 ਵਿਚ ਹੋਇਆ ਸੀ। ਇਹ ਪਿੰਡ ਪਹਿਲਾਂ ਜ਼ਿਲ੍ਹਾ ਲਾਹੌਰ ਅਤੇ ਹੁਣ ਥਾਣਾ ਖਾਲੜਾ ਜ਼ਿਲ੍ਹਾ ਤਰਨ ਤਾਰਨ ਵਿਚ ਪੈਂਦਾ ਹੈ। ਉਸ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਉਸ ਦਾ ਜੀਵਨ ਬਹੁਤ ਹੀ ਪਵਿੱਤਰ ਅਤੇ ਉੱਚ ਕੋਟੀ ਦਾ ਸੀ। ਪੰਥ ਵਿਚ ਉਸ ਨੂੰ ਤੇਗਧਾਰੀ ਸੰਤ ਹੋਣ ਕਰ ਕੇ ਅਤਿਅੰਤ ਮਾਣ ਸਤਿਕਾਰ ਦਿਤਾ ਜਾਂਦਾ ਸੀ। ਉਹ ਸਿਮਰਨ ਦੇ ਨਾਲ ਨਾਲ ਕਿਰਤ ਕਰਦਾ ਅਤੇ ਵੰਡ ਕੇ ਛਕਦਾ ਸੀ। ਜੰਗੀ ਸਿੰਘਾਂ ਦੇ ਜਥੇ ਉਸ ਕੋਲ ਗਾਹੇ ਬਗਾਹੇ ਚੱਕਰ ਮਾਰਦੇ ਰਹਿੰਦੇ ਸਨ।ਨੌਸ਼ਹਿਰੇ ਪਿੰਡ (ਪਹਿਲਾਂ ਲਾਹੌਰ, ਹੁਣ ਜ਼ਿਲ੍ਹਾ ਤਰਨ ਤਾਰਨ) ਵਿਚ ਕੁੱਝ ਸਿੱਖ ਖੇਤੀਬਾੜੀ ਕਰਦੇ ਸਨ। ਪਿੰਡ ਦਾ ਹੰਕਾਰਿਆ ਚੌਧਰੀ ਸਾਹਿਬ ਰਾਏ ਜਾਣਬੁੱਝ ਕੇ ਉਨ੍ਹਾਂ ਦੇ ਖੇਤਾਂ ਵਿਚ ਅਪਣੀਆਂ ਘੋੜੀਆਂ ਚਰਨ ਲਈ ਛੱਡ ਦੇਂਦਾ ਸੀ। ਕਈ ਵਾਰ ਬੇਨਤੀਆਂ ਕਰਨ ਤੇ ਵੀ ਚੌਧਰੀ ਉਤੇ ਕੋਈ ਅਸਰ ਨਾ ਹੋਇਆ ਸਗੋਂ ਇਕ ਦਿਨ ਖਿਝ ਕੇ ਬੋਲਿਆ, "ਮੈਂ ਤੁਹਾਡੇ ਸਿਰਾਂ ਦੇ ਕੇਸ ਵੱਢ ਕੇ ਰੱਸੇ ਬਣਾਵਾਂਗਾ ਤਾਂ ਘੋੜੀਆਂ ਬੱਝਣਗੀਆਂ। ਉਦੋਂ ਤਕ ਖੁਲ੍ਹੀਆਂ ਹੀ ਫਿਰਨਗੀਆਂ।" ਚੌਧਰੀ ਦੇ ਕੁਬੋਲ ਸੁਣ ਕੇ ਸਿੱਖਾਂ ਦੇ ਤਨ-ਬਦਨ ਨੂੰ ਅੱਗ ਲੱਗ ਗਈ। ਉਹ ਫ਼ਸਲ ਦਾ ਉਜਾੜਾ ਤਾਂ ਝੱਲ ਗਏ ਪਰ ਧਰਮ ਦੀ ਬੇਇੱਜ਼ਤੀ ਬਰਦਾਸ਼ਤ ਨਾ ਕਰ ਸਕੇ। ਉਨ੍ਹਾਂ ਨੇ ਪਿੰਡ ਭੁੱਸੇ ਦੇ ਅਮਰ ਸਿੰਘ ਅਤੇ ਬਘੇਲ ਸਿੰਘ ਢਿੱਲੋਂ ਨੂੰ ਕਹਿ ਕੇ ਚੌਧਰੀ ਦੀਆਂ ਘੋੜੀਆਂ ਬਾਹਰੋਂ ਚਰਦੀਆਂ ਫੜਾ ਦਿਤੀਆਂ। ਉਨ੍ਹਾਂ ਨੇ ਘੋੜੀਆਂ ਮਾਲਵੇ ਵਿਚ ਵੇਚ ਕੇ ਪੈਸੇ ਭਾਈ ਤਾਰਾ ਦੇ ਲੰਗਰ ਵਿਚ ਜਾ ਪਾਏ। ਚੌਧਰੀ ਨੇ ਘੋੜੀਆਂ ਦੀ ਸੂਹ ਕੱਢ ਲਈ। ਜਦੋਂ ਉਹ ਬੰਦੇ ਲੈ ਕੇ ਅਮਰ ਸਿੰਘ ਤੇ ਬਘੇਲ ਸਿੰਘ ਨੂੰ ਫੜਨ ਗਿਆ ਤਾਂ ਉਹ ਭੱਜ ਕੇ ਭਾਈ ਤਾਰਾ ਸਿੰਘ ਦੀ ਸ਼ਰਨ ਵਿਚ ਚਲੇ ਗਏ।ਚੌਧਰੀ ਵੀ ਮਗਰੇ ਮਗਰ ਡੇਰੇ ਪਹੁੰਚ ਗਿਆ। ਉਸ ਨੇ ਭਾਈ ਤਾਰਾ ਸਿੰਘ ਤੋਂ ਅਮਰ ਸਿੰਘ ਅਤੇ ਬਘੇਲ ਸਿੰਘ ਮੰਗੇ ਅਤੇ ਆਦਤ ਮੁਤਾਬਕ ਧਮਕਾਉਣ ਲੱਗਾ। ਭਾਈ ਸਾਹਿਬ ਨੇ ਜਵਾਬ ਦਿਤਾ ਕਿ ਇਥੇ ਕੋਈ ਚੋਰ ਨਹੀਂ ਰਹਿੰਦਾ। ਅਪਣੀ ਕਿਰਤ ਕਰ ਕੇ ਖਾਣ ਵਾਲੇ ਚੋਰ ਨਹੀਂ ਹੁੰਦੇ ਸਗੋਂ ਚੋਰ ਉਹ ਹੈ ਜੋ ਲੋਕਾਂ ਦੇ ਖੇਤ ਚਾਰਦਾ ਹੈ। ਚੌਧਰੀ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ। ਉਸ ਨੇ ਸੜ-ਬਲ ਕੇ ਕਿਹਾ ਕਿ ਜੇ ਮੇਰੇ ਦੋਸ਼ੀ ਨਹੀਂ ਦਿਉਗੇ ਤਾਂ ਮੈਂ ਜੁੱਤੀ ਨਾਲ ਲੈ ਜਾਵਾਂਗਾ। ਭਾਈ ਸਾਹਿਬ ਨੇ ਉੱਤਰ ਦਿਤਾ ਕਿ ਜੋ ਭਲੇਮਾਣਸਾਂ ਨੂੰ ਜੁੱਤੀਆਂ ਵਿਖਾਉਂਦਾ ਹੈ, ਉਹ ਆਪ ਜੁੱਤੀਆਂ ਖਾ ਕੇ ਜਾਂਦਾ ਹੈ। ਇਸ਼ਾਰਾ ਸਮਝ ਕੇ ਕੋਲ ਖੜੇ ਇਕ ਸਿੰਘ ਨੇ ਚੌਧਰੀ ਨੂੰ ਪੰਜ-ਸੱਤ ਜੁੱਤੀਆਂ ਮਾਰ ਦਿਤੀਆਂ। ਜੁੱਤੀਆਂ ਖਾ ਕੇ ਰੋਂਦਾ-ਧੋਂਦਾ ਚੌਧਰੀ ਪੱਟੀ ਦੇ ਫ਼ੌਜਦਾਰ ਜਾਫ਼ਰ ਬੇਗ ਕੋਲ ਜਾ ਪਿਟਿਆ। ਜਾਫ਼ਰ ਬੇਗ 200 ਪੈਦਲ ਤੇ 100 ਸਵਾਰ ਲੈ ਕੇ ਤੜਕੇ ਹੀ 'ਵਾਂ' ਪਿੰਡ ਤੇ ਚੜ੍ਹ ਆਇਆ। ਬਘੇਲ ਸਿੰਘ ਬਾਹਰ ਜੰਗਲ ਵਲ ਜਾ ਰਿਹਾ ਸੀ। ਘੋੜਿਆਂ ਦੇ ਸੁੰਮਾਂ ਦੀ ਅਵਾਜ਼ ਸੁਣ ਕੇ ਉਸ ਨੇ ਜੈਕਾਰਾ ਗਜਾਇਆ ਅਤੇ ਬਰਛਾ ਸੂਤ ਕੇ ਮੁਕਾਬਲੇ ਲਈ ਤਿਆਰ ਹੋ ਗਿਆ। ਸਾਹਿਬ ਰਾਏ ਨੇ ਅਵਾਜ਼ ਪਛਾਣ ਕੇ ਫ਼ੌਜਦਾਰ ਨੂੰ ਕਿਹਾ ਕਿ ਇਹੀ ਹੈ ਬਘੇਲ ਸਿੰਘ, ਮੇਰੀਆਂ ਘੋੜੀਆਂ ਦਾ ਚੋਰ। ਫ਼ੌਜ ਨੇ ਬਘੇਲ ਸਿੰਘ ਨੂੰ ਘੇਰ ਲਿਆ ਅਤੇ ਉਹ ਸੂਰਮਿਆਂ ਵਾਂਗ ਜੂਝ ਕੇ ਸ਼ਹੀਦ ਹੋਇਆ।

ਬੂੰਗੇ ਵਿਚ ਉਸ ਵੇਲੇ 22 ਕੁ ਸਿੰਘ ਸਨ। ਬੰਦੂਕਾਂ ਦੀ ਅਵਾਜ਼ ਸੁਣ ਕੇ ਉਹ ਸਾਰੇ ਮੈਦਾਨ ਵਿਚ ਆਣ ਡਟੇ। ਪਹਿਲੇ ਹੱਲੇ ਹੀ ਸ਼ਾਹੀ ਫ਼ੌਜ ਦਸ ਬਾਰਾਂ ਬੰਦੇ ਮਰਵਾ ਕੇ ਪਿੱਛੇ ਨੂੰ ਉੱਠ ਨੱਸੀ। ਮਰਨ ਵਾਲਿਆਂ ਵਿਚ ਫ਼ੌਜਦਾਰ ਦਾ ਭਰਾ ਅਤੇ ਭਤੀਜਾ ਵੀ ਸ਼ਾਮਲ ਸਨ। ਫ਼ੌਜਦਾਰ ਲਾਹੌਰ ਸੂਬੇਦਾਰ ਜ਼ਕਰੀਆ ਖ਼ਾਨ ਕੋਲ ਜਾ ਪਿਟਿਆ। ਸੂਬੇਦਾਰ ਤਾਂ ਅਜਿਹੇ ਮੌਕੇ ਭਾਲਦਾ ਰਹਿੰਦਾ ਸੀ। ਉਸ ਨੇ ਅਪਣੇ ਨਾਇਬ ਮੋਮਨ ਖ਼ਾਨ ਨੂੰ ਚੜ੍ਹਾਈ ਕਰਨ ਦਾ ਹੁਕਮ ਦੇ ਦਿਤਾ। ਮੋਮਨ ਖ਼ਾਨ 2200 ਸਵਾਰ, 5 ਹਾਥੀ ਅਤੇ 40 ਜੰਬੂਰਚੇ ਲੈ ਕੇ ਭਾਈ ਤਾਰਾ ਸਿੰਘ ਨੂੰ ਕਾਬੂ ਕਰਨ ਲਈ ਨਿਕਲ ਪਿਆ। ਲਾਹੌਰ ਦੇ ਸਿੱਖਾਂ ਨੇ ਇਕ ਸੂਹੀਏ ਹੱਥ ਸਾਰੀ ਸੂਚਨਾ ਭਾਈ ਤਾਰਾ ਸਿੰਘ ਕੋਲ ਪਹੁੰਚਾ ਦਿਤੀ ਅਤੇ ਨਾਲੇ ਕਹਿ ਭੇਜਿਆ ਕਿ ਕੁੱਝ ਦਿਨ ਲਈ ਡੇਰਾ ਛੱਡ ਕੇ ਆਸੇ-ਪਾਸੇ ਹੋ ਜਾਉ। ਭਾਈ ਤਾਰਾ ਸਿੰਘ ਨੇ ਸਿੰਘਾਂ ਨੂੰ ਚਿੱਠੀ ਪੜ੍ਹ ਕੇ ਸੁਣਾ ਦਿਤੀ ਨਾਲੇ ਕਹਿ ਦਿਤਾ ਕਿ ਜੋ ਜਾਣਾ ਚਾਹੁੰਦਾ ਹੈ ਉਹ ਖ਼ੁਸ਼ੀ ਨਾਲ ਜਾ ਸਕਦਾ ਹੈ। ਮੈਂ ਤਾਂ ਇਥੇ ਹੀ ਮੈਦਾਨ ਵਿਚ ਸ਼ਹੀਦੀ ਪ੍ਰਾਪਤ ਕਰਾਂਗਾ। ਡੇਰੇ ਵਿਚੋਂ ਕਿਸੇ ਨੇ ਤਾਂ ਕੀ ਜਾਣਾ ਸੀ ਸਗੋਂ ਸ਼ਹੀਦੀ ਗਾਨੇ ਬੰਨ੍ਹ ਕੇ 30-40 ਸਿੰਘ ਹੋਰ ਪਹੁੰਚ ਗਏ।ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜੰਗਾਂ ਤੋਂ ਬਾਅਦ ਸਿੱਖਾਂ ਅਤੇ ਮੁਗਲਾਂ ਦਰਮਿਆਨ ਹੋਣ ਵਾਲੀ ਇਹ ਪਹਿਲੀ ਵੱਡੀ ਅਤੇ ਸਿੱਧੀ ਲੜਾਈ ਸੀ। ਸਾਰੇ ਸਿੰਘ ਮੋਰਚਾਬੰਦੀ ਕਰ ਕੇ ਸ਼ਾਹੀ ਫੌਜ ਦੀ ਉਡੀਕ ਕਰਨ ਲੱਗੇ। ਜਦੋਂ ਮੋਮਨ ਖ਼ਾਨ ਦੀਆਂ ਫ਼ੌਜਾਂ ਮਾਰ ਹੇਠ ਆਈਆਂ ਸਿੰਘਾਂ ਨੇ ਤੀਰ ਅਤੇ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿਤੀਆਂ। ਇਕ ਵਾਰ ਤਾਂ ਸ਼ਾਹੀ ਫੌਜ ਡਰ ਗਈ ਕਿ ਸਿੱਖ ਫੌਜ ਦੱਸੀ ਗਈ ਗਿਣਤੀ ਤੋਂ ਵੱਧ ਲਗਦੀ ਹੈ। ਦੋਹਾਂ ਪਾਸਿਆਂ ਤੋਂ ਅੱਗ ਵਰ੍ਹਨ ਲੱਗੀ। ਗੋਲੀ-ਸਿੱਕਾ ਮੁੱਕ ਗਿਆ ਤਾਂ ਸਿੰਘ ਤਲਵਾਰਾਂ ਬਰਛੇ ਸੂਤ ਕੇ ਮੁਗਲਾਂ ਤੇ ਟੁੱਟ ਪਏ। ਸ਼ਾਹੀ ਫ਼ੌਜ ਦੇ ਇਕ ਕਮਾਂਡਰ ਤਕੀ ਬੇਗ ਤੁਰਾਨੀ ਨੇ ਭਾਈ ਤਾਰਾ ਸਿੰਘ ਨੂੰ ਸਾਹਮਣੇ ਵੇਖ ਕੇ ਹਾਥੀ ਉਸ ਵਲ ਵਧਾਇਆ। ਬਰਾਬਰ ਦਾ ਜੋੜ ਵੇਖ ਕੇ ਭਾਈ ਤਾਰਾ ਸਿੰਘ ਨੇ ਵੀ ਉਸ ਵਲ ਘੋੜਾ ਛੇੜਿਆ। ਤਕੀ ਬੇਗ ਨੇ ਤੀਰ ਮਾਰਿਆ ਜੋ ਤਾਰਾ ਸਿੰਘ ਦੀ ਦਸਤਾਰ ਦੇ ਦੁਮਾਲੇ ਵਿਚ ਲੱਗਾ। ਤਕੀ ਬੇਗ ਸੰਜੋਅ ਵਿਚ ਮੜ੍ਹਿਆ ਹੋਇਆ ਸੀ। ਹੋਰ ਕੋਈ ਜਗ੍ਹਾ ਖ਼ਾਲੀ ਨਾ ਵੇਖ ਕੇ ਭਾਈ ਤਾਰਾ ਸਿੰਘ ਨੇ ਉਸ ਦੇ ਮੂੰਹ ਵਿਚ ਬਰਛਾ ਮਾਰ ਦਿਤਾ। ਮਾਰੂ ਫੱਟ ਖਾ ਕੇ ਤਕੀ ਬੇਗ ਪਿਛੇ ਨੂੰ ਭੱਜ ਉੱਠਾ। ਖ਼ੂਨ ਵਗਦਾ ਵੇਖ ਕੇ ਮੋਮਨ ਖ਼ਾਨ ਨੇ ਠੱਠਾ ਕੀਤਾ, "ਪਾਨ ਖਾ ਰਹੇ ਹੋ ਖ਼ਾਨ ਸਾਹਿਬ?" ਸੜੇ ਬਲੇ ਤਕੀ ਬੇਗ ਨੇ ਮੋੜਵਾਂ ਉੱਤਰ ਦਿਤਾ, "ਤਾਰਾ ਸਿੰਘ ਬੀੜੇ ਵੰਡ ਰਿਹਾ ਹੈ। ਜ਼ਰਾ ਆਪ ਵੀ ਅੱਗੇ ਹੋ ਕੇ ਲੈ ਲਵੋ।" ਜ਼ਿਆਦਾ ਖ਼ੂਨ ਵਗਣ ਕਾਰਨ ਕੁੱਝ ਦੇਰ ਬਾਅਦ ਤਕੀ ਬੇਗ ਦੀ ਮੌਤ ਹੋ ਗਈ।ਫਿਰ ਮੋਮਨ ਖ਼ਾਨ ਦਾ ਭਤੀਜਾ ਮੁਰੀਦ ਖ਼ਾਨ ਅੱਗੇ ਵਧਿਆ। ਭੀਮ ਸਿੰਘ ਨੇ ਬਰਛੇ ਨਾਲ ਉਸ ਦਾ ਮਹਾਵਤ ਪਰੋ ਦਿਤਾ ਅਤੇ ਕੰਨੋਂ ਪਕੜ ਕੇ ਹਾਥੀ ਬਿਠਾ ਲਿਆ। ਨੇੜੇ ਹੀ ਖੜਾ ਲਖਮੀਰ ਸਿੰਘ ਛਾਲ ਮਾਰ ਕੇ ਹਾਥੀ ਉਤੇ ਚੜ੍ਹ ਗਿਆ ਅਤੇ ਮੁਰੀਦ ਖ਼ਾਨ ਦਾ ਸਿਰ ਧੜ ਤੋਂ ਅਲੱਗ ਕਰ ਦਿਤਾ। ਇਸ ਤੋਂ ਬਾਅਦ ਸ਼ਾਹੀ ਫ਼ੌਜ ਦੇ ਪੂਰਬੀਏ ਅਫ਼ਸਰ ਦਇਆ ਰਾਮ ਅਤੇ ਮਨਸਾ ਰਾਮ ਇਕ ਹਜ਼ਾਰੀ ਅੱਗੇ ਵਧੇ। ਉਹ ਬਹਾਦਰੀ ਨਾਲ ਲੜੇ ਪਰ ਅਮਰ ਸਿੰਘ ਅਤੇ ਕੇਹਰ ਸਿੰਘ ਹੇਰੂ ਹੱਥੋਂ ਮਾਰੇ ਗਏ। ਦੁਪਹਿਰ ਤਕ ਲੜਾਈ ਅੰਤ ਦੇ ਨੇੜੇ ਪਹੁੰਚ ਚੁੱਕੀ ਸੀ। ਇਕ ਵੀ ਸਿੰਘ ਨੇ ਨਾ ਤਾਂ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਜਾਨ ਬਖ਼ਸ਼ੀ ਦੀ ਭੀਖ ਮੰਗੀ। ਅੰਤ ਅਨੇਕਾਂ ਵੈਰੀਆਂ ਨੂੰ ਪ੍ਰਲੋਕ ਭੇਜ ਕੇ 22 ਫੱਗਣ (4 ਮਾਰਚ) 1726 ਈ. ਵਾਲੇ ਦਿਹਾੜੇ 39 ਸਾਲ ਦੀ ਉਮਰ ਵਿਚ ਗੁਰੂ ਕਾ ਲਾਲ ਭਾਈ ਤਾਰਾ ਸਿੰਘ 'ਵਾਂ' ਸਾਥੀਆਂ ਸਮੇਤ ਸਤਿਗੁਰੂ ਦੇ ਚਰਨਾਂ ਵਿਚ ਜਾ ਬਿਰਾਜਿਆ। ਸਾਰੇ 50-55 ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਸ਼ਾਹੀ ਫੌਜ ਦੇ ਵੀ 200-250 ਬੰਦੇ ਮਾਰੇ ਗਏ ਤੇ ਅਨੇਕਾਂ ਫੱਟੜ ਹੋਏ।ਭਾਈ ਤਾਰਾ ਸਿੰਘ ਪੰਥ ਦੀ ਬਹੁਤ ਪੂਜਨੀਕ ਹਸਤੀ ਸੀ। ਉਸ ਦੀ ਬਹਾਦਰੀ ਅਤੇ ਸ਼ਹੀਦੀ ਦੀ ਖ਼ਬਰ ਸੁਣ ਕੇ ਸਿੱਖ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਆਣ ਇਕੱਠੇ ਹੋਏ। ਗੁਰਮਤਾ ਕੀਤਾ ਗਿਆ ਕਿ ਜਥੇ ਬਣਾ ਕੇ ਸਾਰੇ ਪੰਜਾਬ ਵਿਚ ਜ਼ਾਲਮ ਹਕੂਮਤ ਦਾ ਸਾਹ ਤੰਗ ਕਰ ਦਿਤਾ ਜਾਵੇ। ਭਾਈ ਤਾਰਾ ਸਿੰਘ ਦੀ ਬਹਾਦਰੀ ਤੋਂ ਪ੍ਰੇਰਨਾ ਲੈ ਕੇ ਸਿੱਖਾਂ ਨੇ ਉਹ ਨਿਧੜਕ ਸੰਘਰਸ਼ ਸ਼ੁਰੂ ਕੀਤਾ ਜੋ ਸਿੱਖ ਰਾਜ ਦੀ ਪ੍ਰਾਪਤੀ ਦਾ ਸਬੱਬ ਬਣਿਆ। ਸ਼ਹੀਦ ਦੀ ਯਾਦ ਵਿਚ ਪਿੰਡ 'ਵਾਂ' ਵਿਖੇ ਬਹੁਤ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ। ਭਾਈ ਤਾਰਾ ਸਿੰਘ ਦੇ ਖ਼ਾਨਦਾਨ ਦੇ ਲੋਕ ਪਹਿਲਾਂ ਬੀਕਾਨੇਰ ਚਲੇ ਗਏ ਸਨ ਅਤੇ ਹੁਣ ਕਰਤਾਰਪੁਰ ਦੇ ਨਜ਼ਦੀਕ ਪਿੰਡ ਬੁਟਰਾਂ ਵਾਲੀ 'ਵਾਂ' ਵਿਖੇ ਵੱਸੇ ਹੋਏ ਹਨ। ਭਾਈ ਤਾਰਾ ਸਿੰਘ ਦੀ ਯਾਦ ਵਿਚ ਹਰ ਸਾਲ 22 ਫੱਗਣ ਨੂੰ ਪਿੰਡ ਵਿਚ ਵੱਡੀ ਪੱਧਰ ਤੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।




# ਸਿੱਖ ਰਾਜ
## ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 70

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

**ਅਬਦਾਲੀ ਦਾ ਸੱਤਵਾਂ ਹਮਲਾ:**

ਜਹਾਨ ਖ਼ਾਂ ਹਾਰ ਕੇ ਮੁੜਿਆ ਵੇਖ ਕੇ ਅਬਦਾਲੀ ਨੂੰ ਅੱਗ ਲੱਗ ਉਠੀ। ਉਹ ਸਿਆਲਕੋਟ, ਪਸਰੂਰ ਦੇ ਰਾਹ ਸਿੱਧਾ ਚੱਲ ਕੇ ਕਲਾਨੌਰ ਜਾ ਪੁੱਜਾ। ਓਥੋਂ ਅੱਗੇ ਵਧਿਆ, ਤਾਂ ਦੀਨਾ ਨਗਰ ਕੋਲ ਸਿੰਘਾਂ ਨੇ ਉਸ ਉੱਤੇ ਹਮਲਾ ਕੀਤਾ। ਸਿੱਖ ਏਨੇ ਦਲੇਰ ਹੋ ਚੁੱਕੇ ਸਨ, ਕਿ ਹੁਣ ਉਹ ਬਦੋਬਦੀ ਅਬਦਾਲੀ ਨਾਲ ਖਹਿਣ ਦਾ ਸਮਾਂ ਭਾਲਦੇ ਸਨ।

**ਬਟਾਲੇ ਦੀ ਲੜਾਈ ਵਿਚ ਅਬਦਾਲੀ ਹਾਰ ਗਿਆ**

ਏਥੋਂ ਅਬਦਾਲੀ ਲਾਹੌਰ ਨੂੰ ਹੋ ਤੁਰਿਆ। ਬਟਾਲੇ ਕੋਲ ਉਸਨੂੰ ਸਰਬੁਲੰਦ ਖ਼ਾਂ ਅੱਠ ਹਜ਼ਾਰ ਫ਼ੌਜ ਸਣੇ ਆ ਮਿਲਿਆ। ਏਥੇ ਸਿੰਘਾਂ ਨੇ ਫੇਰ ਅਬਦਾਲੀ 'ਤੇ ਹਮਲਾ ਕੀਤਾ। ਲੜਾਈ ਵਿਚ ਸਰਬੁਲੰਦ ਖ਼ਾਂ ਜ਼ਖ਼ਮੀ ਹੋ ਗਿਆ ਤੇ ਅਬਦਾਲੀ ਪੂਰੀ ਤਰ੍ਹਾਂ ਹਾਰ ਕੇ ਜੰਡਿਆਲੇ ਆਕਲਦਾਸ ਕੋਲ ਜਾ ਲੁਕਿਆ। ਇਹ ਘਟਨਾ ਮਾਰਚ, ੧੭੬੪ ਈ. ਵਿਚ ਹੋਈ।

**ਜੰਡਿਆਲੇ, ਰਹੀਮ ਖ਼ਾਂ ਕਤਲ:**

ਖ਼ਾਲਸੇ ਨੇ ਜੰਡਿਆਲੇ ਕੋਲ ਅਬਦਾਲੀ ਦੀ ਫ਼ੌਜ ਉੱਤੇ ਹਮਲਾ ਕੀਤਾ। ਲੜਾਈ ਵਿਚ ਰਹੀਮ ਖ਼ਾਂ ਬਖ਼ਸ਼ੀ ਮਾਰਿਆ ਗਿਆ ਤੇ ਦੁਰਾਨੀ ਫ਼ੌਜ ਹਾਰ ਕੇ ਕਿਲ੍ਹੇ ਜੰਡਿਆਲੇ ਵਿਚ ਜਾ ਵੜੀ।

**ਅਬਦਾਲੀ ਲਾਹੌਰ ਅਤੇ ਸਿੰਘਾਂ ਦਾ ਹਮਲਾ**

ਜੰਡਿਆਲੇ ਵਿਚ ਖ਼ਾਲਸੇ ਨੇ ਅਬਦਾਲੀ ਨੂੰ ਟਿਕਣ ਨਾ ਦਿੱਤਾ। ਉਹ ਡਰਦਾ ਉਥੋਂ ਉਠ ਕੇ ਲਾਹੌਰ ਕਿਲ੍ਹੇ ਵਿਚ ਜਾ ਲੁਕਿਆ। ਸਿੱਖ ਏਥੇ ਵੀ ਦੁਰਾਨੀ ਬਾਦਸ਼ਾਹ ਨੂੰ ਆ ਧਮਕਾਉਣ ਲੱਗੇ। ਉਹ ਜੱਥੇ ਬਣਾ ਕੇ ਲਾਹੌਰ ਦੇ ਬਾਹਰ ਫਿਰਦੇ ਤੇ ਕਿਸੇ ਦੁਰਾਨੀ ਨੂੰ ਸ਼ਹਿਰੋਂ ਬਾਹਰ ਨਾ ਨਿਕਲਣ ਦੇਂਦੇ। ਦੋ ਸਤਵਾਰੇ ਲਾਹੌਰ ਵਿਚ ਰਹਿ ਕੇ ਅਬਦਾਲੀ ਵਾਪਸ ਕਾਬਲ ਨੂੰ ਤੁਰ ਪਿਆ। ਜਦ ਉਹ ਰਾਵੀ ਟੱਪ ਰਿਹਾ ਸੀ, ਸਿੰਘਾਂ ਨੇ ਉਸ ਦੀ ਫ਼ੌਜ ਉੱਤੇ ਹਮਲਾ ਕੀਤਾ। ਸਿੱਖ ਦੁਰਾਨੀ ਫ਼ੌਜ ਨੂੰ ਲੁੱਟ-ਮਾਰ ਰਹੇ ਸਨ, ਤੇ ਅਬਦਾਲੀ ਸਾਮ੍ਹਣੇ ਖਲੋਤਾ ਵੇਖ ਰਿਹਾ ਸੀ। ਜਿੰਨੀ-ਕੁ ਫ਼ੌਜ ਹੱਥ ਕਰਾਏ ਦੀ ਬਚੀ, ਅਬਦਾਲੀ ਉਹ ਲੈ ਕੇ ਕਾਬਲ ਨੂੰ ਚਲਦਾ ਬਣਿਆ। ਇਹ ਉਹੋ ਅਬਦਾਲੀ ਹੈ, ਜੋ ਪਿਛਲੇ ਹਮਲੇ ਵਿਚ (ਘੱਲੂਘਾਰੇ ਸਮੇਂ) ਕਹਿੰਦਾ ਸੀ, ਕਿ ਮੈਂ ਹਿੰਦ ਵਿਚੋਂ ਸਿੱਖਾਂ ਦਾ ਖ਼ਾਤਮਾ ਕਰ ਚੱਲਿਆ ਹਾਂ, ਜਿਸ ਨੇ ਪਿਛਲੇਰੇ ਸਾਲ (ਪਾਨੀਪਤ ਦੀ ਤੀਜੀ ਲੜਾਈ ਵਿਚ) ਮਰਹੱਟਿਆਂ ਨੂੰ ਹਰਾਇਆ ਸੀ। ਅੱਜ ਉਹ ਅਬਦਾਲੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸਿੰਘਾਂ ਤੋਂ ਡਰਦਾ ਘਰ ਨੂੰ ਭੱਜਿਆ ਜਾ ਰਿਹਾ ਸੀ। ਇਹ ਉਹਦਾ ਸੱਤਵਾਂ ਹਮਲਾ ਸੀ।

ਸ: ਹਰੀ ਸਿੰਘ ਭੰਗੀ ਦਾ ਜੱਥਾ ਲਾਹੌਰ ਉਦਾਲੇ ਆ ਹੋਇਆ ਤੇ ਸ: ਚੜ੍ਹਤ ਸਿੰਘ ਸ਼ੁਕਰਚੱਕੀਆ ਅਬਦਾਲੀ ਦੇ ਮਗਰ ਲੱਗ ਪਿਆ। ਇਸ ਵਾਰ ਅਬਦਾਲੀ ਆਪਣੀ ਫ਼ੌਜ ਦੇ ਅੱਗੇ ਅੱਗੇ ਜਾ ਰਿਹਾ ਸੀ, ਤੇ ਉਸ ਦੀ ਫ਼ੌਜ ਦੇ ਪਿਛਲੇ ਹਿੱਸੇ ਉੱਤੇ ਸ: ਚੜ੍ਹਤ ਸਿੰਘ ਛਾਪੇ ਮਾਰਦਾ ਜਾਂਦਾ ਸੀ। ਇਹ ਖੇਡ ਜਿਹਲਮ ਦੇ ਕੰਢਿਆਂ ਤਕ ਹੁੰਦੀ ਗਈ। ਅਬਦਾਲੀ ਕਾਬਲ ਚਲਾ ਗਿਆ ਤੇ ਚੜ੍ਹਤ ਸਿੰਘ ਨੇ ਕਿਲ੍ਹਾ ਰੁਹਤਾਸ ਨੂੰ ਘੇਰਾ ਪਾ ਲਿਆ। ਉਥੋਂ ਦਾ ਦੁਰਾਨੀ ਹਾਕਮ ਸਰਫ਼ਰਾਜ਼ ਖ਼ਾਂ ਕਿਲ੍ਹੇ ਵਿਚੋਂ ਗੋਲੇ ਵਗ੍ਹਾਉਣ ਲੱਗ ਪਿਆ। ਸ: ਚੜ੍ਹਤ ਸਿੰਘ ਏਸੇ ਤਰ੍ਹਾਂ ਆਪਣੀ ਫ਼ੌਜ ਦਾ ਨੁਕਸਾਨ ਹੁੰਦਾ ਵੇਖ ਕੇ ਘੇਰਾ ਉਠਾ ਕੇ ਤੁਰ ਪਿਆ। ਸਰਫ਼ਰਾਜ਼ ਖ਼ਾਂ ਸਿੰਘਾਂ ਦੀ ਏਸ ਚਾਲ ਵਿਚ ਆ ਗਿਆ। ਉਹਨੇ ਕਿਲ੍ਹਿਓਂ ਬਾਹਰ ਨਿਕਲ ਕੇ ਸਿੰਘਾਂ ਦਾ ਪਿੱਛਾ ਕੀਤਾ। ਜਦ ਉਹ ਕਿਲ੍ਹਿਓਂ ਦੂਰ ਬਾਹਰ ਗਿਆ, ਤਾਂ ਸ: ਚੜ੍ਹਤ ਸਿੰਘ ਨੇ ਪਿੱਛੇ ਪਰਤ ਕੇ ਧਾਵਾ ਬੋਲ ਦਿੱਤਾ। ਸਰਫ਼ਰਾਜ਼ ਖ਼ਾਂ ਪੂਰੀ ਤਰ੍ਹਾਂ ਹਾਰ ਗਿਆ। ਸ: ਚੜ੍ਹਤ ਸਿੰਘ ਨੇ ਉਸ ਨੂੰ ਸਣੇ ਹਾਰੇ ਹੋਏ ਸਿਪਾਹੀਆਂ ਚਲੇ ਜਾਣ ਦੀ ਆਗਿਆ ਦਿੱਤੀ ਤੇ ਆਪ ਕਿਲ੍ਹਾ ਰੁਹਤਾਸ ਉੱਤੇ ਕਬਜ਼ਾ ਕਰ ਲਿਆ।

**ਸਰਬੁਲੰਦ ਖ਼ਾਂ ਦੀ ਹਾਰ ਅਤੇ ਇਲਾਕਿਆਂ ਦੀ ਜਿੱਤ**

ਜਦ ਅਬਦਾਲੀ ਆਇਆ ਸੀ, ਉਹਨੇ ਕਸ਼ਮੀਰ ਦੇ ਸੂਬੇਦਾਰ ਸਰਬੁਲੰਦ ਖ਼ਾਂ ਨੂੰ ਮਦਦ ਵਾਸਤੇ ਬੁਲਾਇਆ ਸੀ। ਅਬਦਾਲੀ ਹਾਰ ਕੇ ਮੁੜ ਗਿਆ, ਤਾਂ ਸਰਬੁਲੰਦ ਖ਼ਾਂ ਨੇ ਵੀ ਬਾਰਾਂ ਹਜ਼ਾਰ ਫ਼ੌਜ ਸਣੇ ਆ ਸਿਰ ਕਢਿਆ। ਸ: ਚੜ੍ਹਤ ਸਿੰਘ ਨੇ ਰੁਹਤਾਸ ਤੋਂ ਉਠ ਕੇ ਉਸ ਉੱਤੇ ਹਮਲਾ ਕੀਤਾ। ਏਸ ਲੜਾਈ ਵਿਚ ਵੀ ਦੁਰਾਨੀ ਹਾਰ ਗਏ। ਸਰਬੁਲੰਦ ਖ਼ਾਂ ਫੜਿਆ ਗਿਆ। ਉਸਦੀ ਬਹੁਤ ਸਾਰੀ ਫ਼ੌਜ ਮਾਰੀ ਗਈ। ਉਸ ਨੂੰ ਰੁਹਤਾਸ ਦੇ ਕਿਲ੍ਹੇ ਵਿਚ ਕੁਝ ਦਿਨ ਕੈਦ ਰੱਖਿਆ ਗਿਆ ਤੇ ਫਿਰ ਰਿਹਾ ਕਰ ਕੇ ਕਾਬਲ ਨੂੰ ਤੋਰ ਦਿੱਤਾ। ਦਰਿਆ ਅਟਕ ਤੇ ਜਿਹਲਮ ਦਾ ਵਿਚਲਾ ਸਾਰਾ ਇਲਾਕਾ (ਧੰਨੀ, ਪੋਠੋਹਾਰ, ਚਕਵਾਲ, ਜਲਾਲਪੁਰ, ਸਈਦਪੁਰ, ਪਿੰਡ ਦਾਦਨ ਖ਼ਾਂ ਮਿਆਣੀ ਲੂਣ ਦੀ ਖਾਣ) ਸ: ਚੜ੍ਹਤ ਸਿੰਘ ਨੇ ਮੱਲ ਲਿਆ। ਉਹਨੇ ਆਪਣੇ ਵੱਲੋਂ ਸ: ਬੁੱਧ ਸਿੰਘ ਤੇ ਕੌਰ ਸਿੰਘ ਉਸ ਇਲਾਕੇ ਦੇ ਫ਼ੌਜਦਾਰ ਥਾਪੇ।

ਅਪ੍ਰੈਲ, 1764 ਈ: ਵਿਚ ਭੰਗੀ ਤੇ ਨਕਈ ਅਬਦਾਲੀ ਦਾ ਪਿੱਛਾ ਛੱਡ ਕੇ ਲਾਹੌਰ ਵੱਲ ਮੁੜ ਪਏ ਸਨ। ਸ: ਹੀਰਾ ਸਿੰਘ ਨਕਈ ਨੇ ਇਲਾਕਾ ਨੱਕਾ ਤੇ ਲੰਮਾ ਮੱਲ ਲਿਆ। ਸ: ਹਰੀ ਸਿੰਘ ਭੰਗੀ ਨੇ ਮੁਲਤਾਨ ਮੱਲਿਆ। ਏਥੇ ਹੀ ਬੱਸ ਨਹੀਂ, ਭੰਗੀਆਂ ਨੇ ਦਰਿਆ ਅਟਕ ਟੱਪ ਕੇ ਡੇਰਾਜਾਤ ਵੀ ਜਾ ਲੁੱਟੇ। ਉਪਰੋਂ ਮੁੜ ਕੇ ਭੰਗੀ ਮਿਸਲ ਨੇ ਝੰਗ ਉੱਤੇ ਹਮਲਾ ਕੀਤਾ। ਸਿਆਲ ਲੜ ਕੇ ਹਾਰ ਗਏ। ਸ: ਝੰਡਾ ਸਿੰਘ ਭੰਗੀ ਨੇ ਝੰਗ, ਖ਼ੁਸ਼ਾਬ, ਚਨਿਓਟ, ਆਦਿ ਮੱਲ ਲਏ ਤੇ ਆਪਣੇ ਵੱਲੋਂ ਇਲਾਕੇ ਦਾ ਫ਼ੌਜਦਾਰ ਸ: ਕਰਮ ਸਿੰਘ ਢਿੱਲੋਂ ਨੂੰ ਬਣਾਇਆ। ਇਹ ਸਭ ਕੁਝ ਤਿੰਨ-ਕੁ ਮਹੀਨਿਆਂ ਵਿਚ ਹੋ ਗਿਆ। ਗੁਰਦਾਸਪੁਰ ਤੇ ਪਸਰੂਰ ਦਾ ਇਲਾਕਾ ਕਨ੍ਹਈਆਂ ਨੇ ਕਬਜ਼ੇ ਕਰ ਕੇ ਆਪਣੇ ਥਾਣੇ ਬਿਠਾ ਦਿੱਤੇ।

**ਸਿੱਖ ਮਿਸਲਾਂ ਦਾ ਵਧਦਾ ਪ੍ਰਭਾਵ**

ਪਰਗਣਾ ਹਰਿਗੋਬਿੰਦਪੁਰਾ ਤੇ ਦਰਿਆ ਬਿਆਸ ਦੇ ਦੋਹੀਂ ਪਾਸੀਂ ਰਾਮਗੜ੍ਹੀਆ ਮਿਸਲ ਨੇ ਮੁਲਕ ਮੱਲ ਲਿਆ। ਦੁਆਬਾ ਜਲੰਧਰ, ਡੱਲੇਵਾਲੀ ਤੇ ਆਹਲੂਵਾਲੀਆ ਮਿਸਲਾਂ ਨੇ ਕਾਬੂ ਕਰ ਲਿਆ। ਸ਼ਹਿਰ ਲਾਹੌਰ ਤੇ ਜਲੰਧਰ ਛੱਡ ਕੇ, ਦਰਿਆ ਅਟਕ ਤੇ ਜਮਨਾ ਦੇ ਵਿਚਲਾ ਸਾਰਾ ਮੁਲਕ ਇਸ ਵੇਲੇ ਸਿੰਘਾਂ ਦੇ ਕਾਬੂ ਆ ਗਿਆ ਸੀ। - ਚਲਦਾ

# ਪੰਜਾਬ ਦੀ ਖੁਦਮੁਖਤਿਆਰੀ ਦੀ ਵਿਰਾਸਤ ਖਾਲਸਾ ਰਾਜ ਦੇ ਸਿੱਕੇ

ਲੇਖਕ : ਗੁਰਜਿੰਦਰ ਸਿੰਘ ਬੁੱਟਰ

ਸਤਿਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਮੁਤਾਬਕ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਦਾਖਲ ਹੁੰਦੇ ਹੀ ਸਾਰੇ ਧਰਮਾਂ ਦੇ ਲੋਕਾਂ ਨੂੰ ਮੁਗਲਾਂ ਦੇ ਜ਼ੁਲਮਾਂ ਖ਼ਿਲਾਫ਼ ਇਕਜੁੱਟ ਕੀਤਾ ਅਤੇ 1709 ਤੋਂ 1710 ਈ. ਦੌਰਾਨ ਸਮਾਣਾ, ਸਢੌਰਾ, ਕਪੂਰੀ ਅਤੇ ਚੱਪੜਚਿੜੀ ਦੇ ਮੈਦਾਨ ਵਿੱਚ ਵਜ਼ੀਰ ਖਾਨ ਨੂੰ ਹਰਾ ਕੇ ਸਰਹੰਦ 'ਤੇ ਫ਼ਤਹਿ ਹਾਸਲ ਕਰਕੇ ਖਾਲਸਾ ਰਾਜ ਸਥਾਪਤ ਕੀਤਾ। ਉਨ੍ਹਾਂ ਨੇ ਲੋਕਾਂ ਦੀ ਭਲਾਈ ਲਈ ਜ਼ਮੀਨਦਾਰੀ ਪਰੰਪਰਾ ਖਤਮ ਕਰਕੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੀ ਮਲਕੀਅਤ ਦੇ ਅਧਿਕਾਰ ਦੇਣ ਦਾ ਫ਼ੈਸਲਾ ਕੀਤਾ ਅਤੇ ਖਾਲਸਾ ਰਾਜ ਦੇ ਪਹਿਲੇ ਸਿੱਕੇ, ਮੋਹਰ ਅਤੇ ਕੈਲੰਡਰ ਵੀ ਜਾਰੀ ਕਰ ਦਿੱਤੇ। ਇਹ ਸਿੱਕੇ 1710 ਈ: ਤੋਂ 1713 ਈ: ਵਿੱਚ ਜਾਰੀ ਕੀਤੇ ਗਏ, ਜੋ ਕਿ ਸਿੱਖ ਗੁਰੂਆਂ ਦੇ ਨਾਂ 'ਤੇ ਆਧਾਰਿਤ ਹੋਣ ਕਰਕੇ ਨਾਨਕਸ਼ਾਹੀ ਕਹਿਲਾਏ। ਨਾਨਕਸ਼ਾਹੀ ਸਿੱਕੇ ਖਾਲਸਾ ਰਾਜ ਦੀ ਆਰੰਭਤਾ, ਸਵਤੰਤਰਤਾ, ਖੁਦਮੁਖਤਿਆਰੀ ਅਤੇ ਗੁਲਾਮੀ ਦੀ ਮਾਨਸਿਕਤਾ ਨੂੰ ਤੋੜਨ ਦੇ ਨਿਸ਼ਾਨ ਬਣੇ। ਇਨ੍ਹਾਂ ਸਿੱਕਿਆਂ 'ਤੇ ਫਾਰਸੀ ਭਾਸ਼ਾ ਦੀ ਵਰਤੋਂ ਕੀਤੀ ਗਈ ਅਤੇ ਧਾਤ ਦੇ ਤੌਰ 'ਤੇ ਚਾਂਦੀ ਵਰਤੀ ਗਈ ਸੀ। ਪਹਿਲੇ ਸਿੱਖ ਸਿੱਕਿਆਂ 'ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ ਸਨ;

ਅੱਗੇ: ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ-ਏ-ਨਾਨਕ ਵਾਹਿਬ ਅਸਤ ਫ਼ਤਹਿ ਗੋਬਿੰਦ ਸਿੰਘ ਸ਼ਾਹ-ਏ-ਸ਼ਾਹਾਂ ਫ਼ਜ਼ਲ ਸੱਚਾ ਸਾਹਿਬ ਅਸਤ ਪਿੱਛੇ: ਜ਼ਰਬ ਬਾ-ਅਮਨ-ਅਲ-ਦੀਨ ਮਾਸਵਾਰਤ ਸ਼ਹਿਰ ਜ਼ੀਨਤ-ਅਲ-ਤਖ਼ਤ ਖਾਲਸਾ ਮੁਬਾਰਕ ਬਖ਼ਤ ਸਿੱਖਾਂ ਦਾ ਪਹਿਲਾ ਰਾਜ ਬਹੁਤਾ ਲੰਮਾ ਸਮਾਂ ਸਥਾਪਿਤ ਨਹੀਂ ਰਹਿ ਸਕਿਆ। 1715 ਈ: ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੰਘਾਂ ਨੂੰ ਗੁਰਦਾਸ ਨੰਗਲ ਦੀ ਗੜ੍ਹੀ 'ਚੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਇਥੇ ਉਨ੍ਹਾਂ ਨੂੰ ਬਾਦਸ਼ਾਹ ਫਰਖਸੀਅਰ ਦੇ ਹੁਕਮਾਂ 'ਤੇ ਜੂਨ 1716 ਈ: ਵਿੱਚ ਸ਼ਹੀਦ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਖਾਲਸੇ ਦਾ ਪਹਿਲਾ ਰਾਜ ਅਤੇ ਪਹਿਲੇ ਸਿੱਕੇ ਖਤਮ ਹੋ ਗਏ।

ਅਗਲੇ ਪੰਜਾਹ ਸਾਲਾਂ (1715-1765) ਵਿੱਚ ਨਾਦਰ ਸ਼ਾਹ ਦਾ ਦਿੱਲੀ ਨੂੰ ਲੁੱਟਣਾ, ਮੁਗਲਾਂ ਦੀ ਸ਼ਾਨ ਦਾ ਖ਼ਤਮ ਹੋਣਾ, ਅਹਿਮਦ ਸ਼ਾਹ ਅਬਦਾਲੀ ਦੇ ਨਿਰੰਤਰ ਹਮਲੇ, ਪਾਣੀਪਤ ਦੇ ਰਣ ਵਿੱਚ ਮਰਾਠਿਆਂ ਦਾ ਅਬਦਾਲੀ ਦੇ ਹੱਥੋਂ ਹਾਰਨਾ, ਸਿੱਖਾਂ ਦਾ ਮਿਸਲਾਂ ਦੇ ਰੂਪ ਵਿੱਚ ਇਕਜੁੱਟ ਹੋ ਕੇ ਅਬਦਾਲੀ ਨੂੰ ਪੰਜਾਬ ਤੋਂ ਭਜਾਉਣਾ ਅਤੇ ਆਪ ਜਮਨਾ ਤੋਂ ਇੰਡਸ ਤੱਕ ਦੇ ਇਲਾਕਿਆਂ ਵਿੱਚ ਕਾਬਜ਼ ਹੋ ਕੇ ਮੁੜ ਤੋਂ ਪੰਜਾਬ ਦਾ ਸਰਦਾਰ ਬਣ ਜਾਣਾ ਵਿਸ਼ੇਸ਼ ਘਟਨਾਵਾਂ ਸਨ। ਇਹ ਸਰਦਾਰੀ ਸਿੱਖਾਂ ਨੂੰ ਬੇਅੰਤ ਮੁਸ਼ਕਲਾਂ ਅਤੇ ਦੋ ਲੱਖ ਬਹਾਦਰ ਸਿੰਘਾਂ-ਸਿੰਘਣੀਆਂ ਦੇ ਸਿਰਾਂ ਦੀ ਕੁਰਬਾਨੀ ਦੇ ਕੇ ਹਾਸਲ ਹੋਈ ਸੀ। ਫਲਸਰੂਪ ਸਿੱਖਾਂ ਨੇ ਲਾਹੌਰ ਤੋਂ 1765 ਈ: ਵਿੱਚ ਚਾਂਦੀ ਦੇ ਸਿੱਕੇ ਜਾਰੀ ਕੀਤੇ ਜੋ ਕਿ ਪੰਜਾਬ ਦੀ ਆਜ਼ਾਦੀ, ਅਖੰਡਤਾ ਅਤੇ ਸੰਯੁਕਤਾ ਦੇ ਪ੍ਰਤੀਕ ਸਨ। ਇਨ੍ਹਾਂ ਸਿੱਕਿਆਂ 'ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ ਸਨ।

ਅੱਗੇ: ਦੇਗ ਤੇਗ ਫ਼ਤਹਿ ਓ ਨੁਸਰਤ ਬੇਦਰੰਗ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਪਿੱਛੇ: ਜ਼ਰਬ ਦਰ-ਅਲ-ਸਲਤਨਤ ਲਾਹੌਰ ਸੰਮਤ 1822 ਮਇਮੀਨਤ ਮਨੂਸ ਜਲੂਸ

ਇਨ੍ਹਾਂ ਸਿੱਕਿਆਂ 'ਤੇ ਜਿਹੜੇ ਸ਼ਬਦ 'ਅੱਗੇ' ਅੰਕਿਤ ਕੀਤੇ ਗਏ ਸਨ, ਉਹ ਹੀ ਸ਼ਬਦ ਬਾਬਾ ਬੰਦਾ ਸਿੰਘ ਬਹਾਦਰ ਦੀ ਮੋਹਰ ਅਤੇ ਹੁਕਮਨਾਮਿਆਂ 'ਤੇ ਵੀ ਵਰਤੇ ਗਏ। ਦਸ ਸਾਲਾਂ ਬਾਅਦ 1775 ਈ: ਵਿੱਚ ਸਿੱਖਾਂ ਨੇ ਅੰਮ੍ਰਿਤਸਰ ਸ਼ਹਿਰ ਤੋਂ ਵੀ ਸਿੱਕੇ ਜਾਰੀ ਕੀਤੇ। ਇਸ ਦੇ 'ਅੱਗੇ' ਵਾਲੇ ਸ਼ਬਦ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਾਰੀ ਕੀਤੇ ਗਏ ਸਿੱਕੇ ਵਾਲੇ ਹੀ ਸਨ, ਪਰ 'ਪਿੱਛੇ' ਅੰਮ੍ਰਿਤਸਰ ਸ਼ਹਿਰ ਅਤੇ ਅਕਾਲ ਤਖ਼ਤ ਦਾ ਨਾਮ ਅੰਕਿਤ ਕੀਤਾ ਗਿਆ ਸੀ। ਇਨ੍ਹਾਂ ਸਿੱਕਿਆਂ 'ਤੇ 1783 ਈ: ਤੋਂ ਨਿਰੰਤਰ ਦਰੱਖ਼ਤਾਂ ਦੀਆਂ ਪੱਤੀਆਂ ਵੀ ਅੰਕਿਤ ਕੀਤੀਆਂ ਜਾਣ ਲੱਗੀਆਂ ਸਨ। ਇਨ੍ਹਾਂ ਪੱਤੀਆਂ ਨੂੰ 1781 ਤੋਂ 1783 ਈ: ਵਿੱਚ ਆਏ ਭਿਆਨਕ ਅਕਾਲ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਸਿੱਖ ਮਿਸਲਾਂ ਨੇ ਮਿਲ ਕੇ ਪੱਛਮ ਤੋਂ ਆਉਣ ਵਾਲੇ ਹਮਲਾਵਰਾਂ 'ਤੇ ਮੁਕੰਮਲ ਰੋਕ ਲਾ ਦਿੱਤੀ ਸੀ, ਪਰ ਹੁਣ ਇਹ ਮਿਸਲਾਂ ਧਨ, ਜ਼ਮੀਨ ਅਤੇ ਅਹੰਕਾਰ ਕਰਕੇ ਆਪਸ ਵਿਚ ਜੰਗਾਂ ਕਾਰਨ ਲੱਗ ਪਈਆਂ ਸਨ। ਇਨ੍ਹਾਂ ਮਿਸਲਾਂ ਨੂੰ ਇੱਕ ਕਰਨ ਅਤੇ ਪੰਜਾਬ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਸਿਰ ਤੋੜ ਰਣਨੀਤੀ, ਕੂਟਨੀਤੀ ਅਤੇ ਰਿਸ਼ਤੇਦਾਰੀਆਂ ਦਾ ਪ੍ਰਯੋਗ ਕਰਕੇ ਪੰਜਾਬ ਨੂੰ ਇੱਕ ਵੱਡੇ ਰਾਜ ਵਿੱਚ ਤਬਦੀਲ ਕਰ ਦਿੱਤਾ। ਇਸ ਦੀਆਂ ਸੀਮਾਵਾਂ ਉੱਤਰ ਵਿੱਚ ਲੱਦਾਖ, ਪੂਰਬ ਵਿੱਚ ਸਤਲੁਜ, ਦੱਖਣ ਵਿੱਚ ਸਿੰਧ ਅਤੇ ਪੱਛਮ ਵਿੱਚ ਅਫ਼ਗਾਨਿਸਤਾਨ ਤੱਕ ਲੱਗਦੀਆਂ ਸਨ। ਰਣਜੀਤ ਸਿੰਘ ਨੇ ਮਹਾਰਾਜਾ ਬਣਨ ਤੋਂ ਬਾਅਦ 1801 ਈ: ਵਿੱਚ ਨਵੇਂ ਸਿੱਕੇ ਜਾਰੀ ਕੀਤੇ ਜਿਹੜੇ ਕਿ ਲਾਹੌਰ 1765 ਈ: ਅਤੇ ਅੰਮ੍ਰਿਤਸਰ 1775 ਈ: ਦੇ ਸਿੱਕਿਆਂ 'ਤੇ ਹੀ ਆਧਾਰਿਤ ਸਨ। ਇਹ ਸਿੱਕੇ ਵੀ ਨਾਨਕਸ਼ਾਹੀ ਹੀ ਕਹਿਲਾਏ।

ਮਹਾਰਾਜਾ ਦੇ ਰਾਜ ਵਿੱਚ ਸਿੱਕੇ ਲਾਹੌਰ, ਅੰਮ੍ਰਿਤਸਰ, ਕਸ਼ਮੀਰ, ਮੁਲਤਾਨ, ਡੇਰਾਜਟ ਅਤੇ ਪੇਸ਼ਾਵਰ ਵਿੱਚ ਬਣਾਏ ਜਾਂਦੇ ਸਨ। ਸੋਨੇ ਅਤੇ ਚਾਂਦੀ ਦੇ ਸਿੱਕੇ ਦਰਬਾਰ ਵੱਲੋਂ ਅਤੇ ਤਾਂਬੇ ਦੇ ਸਿੱਕੇ ਵੱਡੇ ਵਪਾਰੀ ਦਰਬਾਰ ਤੋਂ ਆਗਿਆ ਲੈ ਕੇ ਆਪ ਬਣਵਾਉਂਦੇ ਸਨ। ਇਨ੍ਹਾਂ ਤਾਂਬੇ ਦੇ ਸਿੱਕਿਆਂ 'ਤੇ 'ਅਕਾਲ ਸਹਾਇ', 'ਗੁਰੂ ਨਾਨਕ ਜੀ' ਅਤੇ 'ਨਾਨਕ ਸ਼ਾਹੀ' ਅੰਕਿਤ ਕੀਤਾ ਜਾਂਦਾ ਸੀ।ਸਿੱਖਾਂ ਦੇ ਫੂਲਕੀਆ ਮਿਸਲਾਂ ਦੇ ਰਾਜਿਆਂ 'ਚੋਂ ਪਟਿਆਲਾ, ਨਾਭਾ ਅਤੇ ਜੀਂਦ ਦੇ ਰਾਜਿਆਂ ਨੇ ਆਪਣੇ ਰਾਜਾਂ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਨਾਂ 'ਤੇ ਆਧਾਰਿਤ 'ਦੁਰਾਨੀ ਸਿੱਕੇ' ਚਲਾਏ। ਇਹ ਰਾਜੇ ਅਬਦਾਲੀ ਅਤੇ ਅੰਗਰੇਜ਼ਾਂ ਦੇ ਮੋਹਰੇ ਬਣ ਕੇ ਸ਼ੇਰ-ਏ-ਪੰਜਾਬ ਦੇ ਰਾਜ ਤੋਂ ਵੱਖਰੇ ਹੋ ਕੇ ਆਪਣਾ ਰਾਜ ਸਿਰਫ ਨਿੱਜੀ ਹਿੱਤਾਂ ਲਈ ਚਲਾ ਰਹੇ ਸਨ। ਇਨ੍ਹਾਂ ਰਾਜਿਆਂ ਵਿਚੋਂ ਸਿਰਫ ਨਾਭਾ ਦੇ ਰਾਜਾ ਜਸਵੰਤ ਸਿੰਘ ਨੇ 1835 ਈ: ਵਿੱਚ 'ਦੁਰਾਨੀ ਸਿੱਕੇ' ਬੰਦ ਕਰਾ ਕੇ ਸਿੱਖ ਗੁਰੂਆਂ ਦੇ ਨਾਂ 'ਤੇ ਸਿੱਕੇ ਚਲਵਾਏ, ਜਦੋਂ ਕਿ ਪਟਿਆਲਾ ਰਿਆਸਤ ਵਿੱਚ ਗੁਰੂਆਂ ਦੇ ਨਾਂ ਵਾਲੇ ਸਿੱਕੇ ਸਿਰਫ ਦੁਸਹਿਰੇ ਦੀ ਪੂਜਾ 'ਤੇ ਹੀ ਜਾਰੀ ਕੀਤੇ ਜਾਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ 27 ਜੂਨ 1839 ਈ: ਵਿੱਚ ਮੌਤ ਹੋ ਜਾਣ ਤੋਂ ਬਾਅਦ ਖਾਲਸਾ ਰਾਜ ਦਸਾਂ ਸਾਲਾਂ ਵਿੱਚ ਖਤਮ ਹੋ ਗਿਆ ਅਤੇ ਨਾਲ ਹੀ 'ਨਾਨਕਸ਼ਾਹੀ ਸਿੱਕੇ' ਵੀ ਬੰਦ ਹੋ ਗਏ।











# ਮਨੁੱਖ ਤੇ ਮਨੁੱਖਤਾ ਵਿਰੁੱਧ ਯੁੱਧ

ਗੁਰਮੀਤ ਸਿੰਘ ਪਲਾਹੀ
ਫੋਨ: 9815802070

ਦੂਜੇ ਸੰਸਾਰ ਮਹਾਂਯੁੱਧ ਸਮੇਂ ਅਮਰੀਕਾ ਦੇ ਮਸ਼ਹੂਰ ਸੈਨਿਕ ਜਨਰਲ ਡਵਾਈਟ ਡੀ. ਆਇਜ਼ਨਹਾਵਰ, ਜੋ ਬਾਅਦ ਵਿਚ ਅਮਰੀਕਾ ਦੇ 34ਵੇਂ ਰਾਸ਼ਟਰਪਤੀ ਵੀ ਬਣੇ, ਨੇ ਕਿਹਾ ਸੀ ਕਿ ਯੁੱਧ ਅੱਤਿਆਚਾਰੀ, ਬੇਅਰਥ ਅਤੇ ਬੇਵਕੂਫ਼ੀ ਭਰਿਆ ਹੁੰਦਾ ਹੈ। ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ ਵਿਰੁੱਧ 28 ਫਰਵਰੀ 2026 ਨੂੰ ਬਿਨਾ ਸੋਚੇ-ਸਮਝੇ ਯੁੱਧ ਸ਼ੁਰੂ ਕੀਤਾ ਗਿਆ ਹੈ। ਇਸ ਯੁੱਧ ਦੇ ਨਤੀਜੇ ਦੁਨੀਆਂ ਨੂੰ ਲੰਮੇ ਸਮੇਂ ਤੱਕ ਭੁਗਤਣੇ ਪੈਣਗੇ।

ਦੋ ਹਫ਼ਤਿਆਂ ਦੇ ਇਸ ਭਿਆਨਕ ਯੁੱਧ ਵਿਚ ਇਰਾਨ ਤਬਾਹ ਹੋਇਆ ਲੱਗਦਾ ਹੈ, ਪਰ ਕੀ ਇਰਾਨ ਯੁੱਧ ਹਾਰ ਗਿਆ ਹੈ? ਯੁੱਧ ਦੇ ਪਹਿਲੇ ਦਿਨ ਹੀ ਇਰਾਨ ਦਾ ਪ੍ਰਮੁੱਖ ਆਯਤੁੱਲਾ ਅਲੀ ਖਾਮਨੇਈ ਉਸਦੇ ਕਈ ਉੱਚ ਕੋਟੀ ਦੇ ਸਾਥੀ ਸਮੇਤ ਮਾਰਿਆ ਗਿਆ। ਪਰ ਤੇਜ਼ੀ ਨਾਲ ਇਰਾਨ ਨੇ ਆਪਣਾ ਨਵਾਂ ਨੇਤਾ ਚੁਣ ਲਿਆ। ਹੁਣ ਤੱਕ ਹਜ਼ਾਰਾਂ ਇਰਾਨੀ ਮਾਰੇ ਗਏ ਹਨ ਅਤੇ ਦਸ ਹਜ਼ਾਰ ਤੋਂ ਵੱਧ ਜ਼ਖ਼ਮੀ ਹੋਏ ਹਨ। ਇੱਕ ਅਮਰੀਕੀ ਟੋਮਾਹਾਕ ਮਿਸਾਈਲ ਇੱਕ ਇਰਾਨੀ ਸਕੂਲ ਉੱਤੇ ਡਿੱਗੀ, ਜਿਸ ਵਿਚ 168 ਬੱਚੇ ਅਤੇ 14 ਅਧਿਆਪਕ ਮਾਰੇ ਗਏ। ਆਖ਼ਿਰ ਉਨ੍ਹਾਂ ਦਾ ਕੀ ਕਸੂਰ ਸੀ?

ਇਜ਼ਰਾਇਲ ਨੇ ਅਮਰੀਕਾ ਨੂੰ ਉਕਸਾਇਆ ਕਿ ਇਰਾਨ ਨੇ ਵੱਡੀ ਮਾਤਰਾ ਵਿਚ ਯੂਰੇਨੀਅਮ ਇਕੱਠਾ ਕਰ ਲਿਆ ਹੈ ਅਤੇ ਉਸਨੇ ਪਰਮਾਣੂ ਹਥਿਆਰਾਂ ਦੇ ਨਿਰਮਾਣ ਨੂੰ ਲਗਭਗ ਪੂਰਾ ਕਰ ਲਿਆ ਹੈ। ਇਸ ਸਬੰਧ ਵਿਚ ਕਤਰ ਨੇ ਗੱਲਬਾਤ ਲਈ ਭੂਮਿਕਾ ਨਿਭਾਉਣ ਦਾ ਯਤਨ ਕੀਤਾ। ਓਮਾਨ ਦੇ ਵਿਦੇਸ਼ ਮੰਤਰੀ ਨੇ ਵਾਸ਼ਿੰਗਟਨ ਪਹੁੰਚ ਕੇ ਇਰਾਨ ਦਾ ਇਹ ਵਾਇਦਾ ਅਮਰੀਕਾ ਦੇ ਰਾਸ਼ਟਰਪਤੀ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਕਿ ਇਰਾਨ ਯੂਰੇਨੀਅਮ ਦਾ ਕੋਈ ਭੰਡਾਰ ਨਾ ਰੱਖਣ ਲਈ ਸਹਿਮਤ ਹੋ ਗਿਆ ਹੈ ਅਤੇ ਉਸਨੇ ਕਦੇ ਵੀ ਪਰਮਾਣੂ ਹਥਿਆਰ ਨਾ ਰੱਖਣ ਦੀ ਕਸਮ ਖਾਧੀ ਹੈ। ਪਰ ਇਸ ਵਾਇਦੇ ਨੂੰ ਦਰਕਿਨਾਰ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਚਾਨਕ ਗੱਲਬਾਤ ਖ਼ਤਮ ਕਰ ਦਿੱਤੀ ਅਤੇ ਇਰਾਨ ਉੱਤੇ ਹਮਲੇ ਦਾ ਹੁਕਮ ਚਾੜ੍ਹ ਦਿੱਤਾ। ਕੀ ਇਹ ਜਾਇਜ਼ ਹੈ?

ਅਮਰੀਕਾ, ਇਜ਼ਰਾਇਲ ਅਤੇ ਇਰਾਨ ਦੇ ਦਰਮਿਆਨ ਚੱਲ ਰਹੇ ਇਸ ਯੁੱਧ ਦੇ ਪਿੱਛੇ ਸਿਰਫ਼ ਪਰਮਾਣੂ ਹਥਿਆਰ ਰੱਖਣ ਦੀ ਗੱਲ ਹੀ ਨਹੀਂ ਹੈ, ਸਗੋਂ ਨਸਲੀ ਅਤੇ ਧਾਰਮਿਕ ਭਾਵਨਾਵਾਂ ਵੀ ਕੰਮ ਕਰ ਰਹੀਆਂ ਹਨ। ਇਜ਼ਰਾਇਲ ਇੱਕ ਸਾਮਰਾਜਵਾਦੀ ਦੇਸ਼ ਦੇ ਰੂਪ ਵਿਚ ਦੁਨੀਆ ਸਾਹਮਣੇ ਆਇਆ ਹੈ। ਇਸ ਵੇਲੇ ਅਮਰੀਕਾ ਉਨ੍ਹਾਂ ਸਾਰੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ, ਜਿਨ੍ਹਾਂ ਉੱਤੇ ਉਸ ਦੀ ਨੀਂਹ ਰੱਖੀ ਗਈ ਸੀ, ਇਜ਼ਰਾਇਲ ਨਾਲ ਰਲ ਕੇ ਵਿਸਥਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਦੇ ਰਾਹ ਪੈ ਗਿਆ ਹੈ। ਦੁਨੀਆ ਭਰ ਵਿਚ ਹਥਿਆਰਾਂ ਦਾ ਵੱਡਾ ਵਪਾਰੀ ਅਤੇ ਹੈਂਕੜਬਾਜ਼ ਥਾਣੇਦਾਰ ਵਜੋਂ ਵੀ ਉਸਦੀ ਵੱਡੀ ਭੂਮਿਕਾ ਹੈ।

ਪਰ ਸਵਾਲ ਇਹ ਹੈ ਕਿ ਅਮਰੀਕਾ ਨੇ ਵੀਅਤਨਾਮ ਨਾਲ ਯੁੱਧ ਲੜ ਕੇ ਕੀ ਪ੍ਰਾਪਤ ਕੀਤਾ ਸੀ? ਉੱਥੇ ਲੰਮਾ ਯੁੱਧ ਚੱਲਿਆ ਅਤੇ ਅਖ਼ੀਰ ਅਮਰੀਕਾ ਨੂੰ ਵੀਅਤਨਾਮ ਦੇ ਲੋਕਾਂ ਦੇ ਦ੍ਰਿੜ ਵਿਸ਼ਵਾਸ ਕਾਰਨ ਉੱਥੋਂ ਵਾਪਸ ਮੁੜਨਾ ਪਿਆ। ਰੂਸ ਨੇ ਚਾਰ ਸਾਲ ਪਹਿਲਾਂ ਯੂਕਰੇਨ ਉੱਤੇ ਹਮਲਾ ਕੀਤਾ, ਪਰ ਉਹ ਹੁਣ ਤੱਕ ਯੁੱਧ ਜਿੱਤ ਨਹੀਂ ਸਕਿਆ। ਇਸ ਦੌਰਾਨ ਰੂਸ ਉੱਤੇ ਕਰਜ਼ੇ ਦਾ ਬੋਝ ਵਧਿਆ, ਤੇਲ ਤੋਂ ਹੋਣ ਵਾਲੀ ਕਮਾਈ ਘੱਟ ਗਈ ਹੈ ਅਤੇ ਰੂਸੀ ਸੈਨਿਕਾਂ ਨੂੰ ਹੁਣ ਕਿਰਾਏ ਦੇ ਵਿਦੇਸ਼ੀ ਸੈਨਿਕਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਇਰਾਨ ਨਾਲ ਅਮਰੀਕੀ ਯੁੱਧ ਵੀ ਉਦੋਂ ਤੱਕ ਚੱਲੇਗਾ ਜਿੰਨਾ ਚਿਰ ਤੱਕ ਅਮਰੀਕੀ ਮਸ਼ੀਨਾਂ ਕੰਮ ਕਰ ਰਹੀਆਂ ਹਨ। ਜਦ ਤੱਕ ਮਸ਼ੀਨਾਂ ਦੀ ਪੂਰਤੀ ਹੁੰਦੀ ਰਹੇਗੀ, ਅਮਰੀਕਾ ਆਪਣੀ ਜੰਗ ਜਾਰੀ ਰੱਖ ਸਕਦਾ ਹੈ। ਪਰ ਇਸ ਨਾਲ ਉਹ ਕਿਹੜੇ ਨਿਸ਼ਾਨੇ ਦੀ ਪੂਰਤੀ ਕਰ ਸਕੇਗਾ? ਵੇਖਣ ਵਾਲੀ ਗੱਲ ਇਹ ਹੈ ਕਿ ਜਦੋਂ ਵੀ ਕੋਈ ਦੇਸ਼ ਯੁੱਧ ਸ਼ੁਰੂ ਕਰਦਾ ਹੈ, ਤਾਂ ਉਸ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਸਨੇ ਯੁੱਧ ਕਦੋਂ ਰੋਕਣਾ ਹੈ। ਇੱਕ ਗੱਲ ਜੋ ਸੋਲ੍ਹਾਂ ਆਨੇ ਸੱਚ ਹੈ-ਯੁੱਧ ਵਿਚ ਮਨੁੱਖਤਾ ਨੂੰ ਵੱਡੀ ਕੀਮਤ ਤਾਰਨੀ ਪੈਂਦੀ ਹੈ। ਇਸ ਕੀਮਤ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ।

ਅਸਲ 'ਚ ਇਹ ਯੁੱਧ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਹੈਂਕੜਬਾਜ਼ ਸੋਚ ਦਾ ਨਤੀਜਾ ਹੈ। ਜੇਕਰ ਸੋਚਿਆ ਜਾਵੇ ਤਾਂ ਅਮਰੀਕਾ ਦੇ ਕੋਲ ਇਹ ਤੈਅ ਕਰਨ ਦਾ ਅਧਿਕਾਰ ਕਿਸ ਨੇ ਦਿੱਤਾ ਕਿ ਕਿਸ ਦੇਸ਼ ਕੋਲ ਪਰਮਾਣੂ ਹਥਿਆਰ ਹੋਣ ਚਾਹੀਦੇ ਹਨ ਅਤੇ ਕਿਸ ਕੋਲ ਨਹੀਂ? ਸਵਾਲ ਇਹ ਵੀ ਉੱਠਦਾ ਹੈ ਕਿ ਕੀ ਅਮਰੀਕਾ ਭਾਰਤ, ਪਾਕਿਸਤਾਨ ਜਾਂ ਉੱਤਰੀ ਕੋਰੀਆ ਦੀ ਪਰਮਾਣੂ ਸਮਰੱਥਾ ਵਿਚ ਵੀ ਦਖ਼ਲ ਦੇ ਕੇ ਉਨ੍ਹਾਂ ਨੂੰ ਤਬਾਹ ਕਰਨ ਦਾ ਫ਼ੈਸਲਾ ਕਰੇਗਾ? ਜੇਕਰ ਐਸਾ ਹੋਇਆ ਤਾਂ ਇਸ ਦਾ ਸਿੱਟਾ ਕੀ ਨਿਕਲੇਗਾ?

ਜਿਸ ਖ਼ਤਰਨਾਕ ਸਥਿਤੀ ਵਿਚ ਅੱਜ ਦੁਨੀਆ ਇਸ ਜੰਗ ਕਾਰਨ ਫਸ ਚੁੱਕੀ ਹੈ, ਉਸ ਸਥਿਤੀ ਵਿਚੋਂ ਬਾਹਰ ਨਿਕਲਣਾ ਮੁਸ਼ਕਲ ਜਾਪਦਾ ਹੈ। ਟਰੰਪ ਦੀ ਮਨਮਾਨੀ ਕਾਰਨ ਪੈਦਾ ਹੋਏ ਇਸ ਟਕਰਾਅ ਦੇ ਸਿੱਟੇ ਵਜੋਂ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ। ਅਮਰੀਕਾ ਵਿਚ ਮਹਿੰਗਾਈ ਵਧ ਗਈ ਹੈ। ਭਾਰਤ ਵਿਚ ਗੈਸ ਸਿਲੰਡਰਾਂ ਦੀ ਘਾਟ ਵੇਖਣ ਨੂੰ ਮਿਲ ਰਹੀ ਹੈ ਅਤੇ ਉਨ੍ਹਾਂ ਦੀਆਂ ਕੀਮਤਾਂ ਵੀ ਵਧ ਰਹੀਆਂ ਹਨ। ਇੱਥੋਂ ਤੱਕ ਕਿ ਸ਼ੇਅਰ ਬਾਜ਼ਾਰ ਵੀ ਡਿੱਗਦਾ ਨਜ਼ਰ ਆ ਰਿਹਾ ਹੈ। ਇੱਕ ਅੰਦਾਜ਼ੇ ਮੁਤਾਬਕ ਇਸ ਯੁੱਧ ਉੱਤੇ ਹਰ ਦਿਨ ਅਰਬਾਂ ਡਾਲਰ ਖ਼ਰਚ ਹੋ ਰਹੇ ਹਨ। ਵਾਤਾਵਰਣ ਜਿਸ ਢੰਗ ਨਾਲ ਦੂਸ਼ਿਤ ਹੋ ਰਿਹਾ ਹੈ, ਉਸਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ। ਹਵਾਈ ਸਫ਼ਰ ਮਹਿੰਗਾ ਹੋ ਚੁੱਕਾ ਹੈ ਅਤੇ ਪੂਰੀ ਦੁਨੀਆ ਦਹਿਸ਼ਤ ਦੇ ਮਾਹੌਲ ਵਿਚ ਜਿਊ ਰਹੀ ਹੈ ਅਤੇ ਜੰਗ ਦੇ ਖਿਡਾਰੀ ਆਪਣੇ ਹਥਿਆਰ ਵੇਚ ਕੇ ਨਫ਼ਾ ਕਮਾ ਰਹੇ ਹਨ। ਪਰ ਇਹ ਕਦੋਂ ਤੱਕ ਸੰਭਵ ਹੈ?

ਵੈਨਜ਼ੁਏਲਾ ਵਿਚ ਉਥੋਂ ਦੇ ਰਾਸ਼ਟਰਪਤੀ ਨੂੰ ਹਟਾਉਣ ਤੋਂ ਬਾਅਦ ਉਸਦੇ ਪੈਰ ਧਰਤੀ ਤੋਂ ਉੱਪਰ ਉੱਠੇ ਨਜ਼ਰ ਆਉਂਦੇ ਹਨ। ਟਰੰਪ ਨੇ ਸੋਚਿਆ ਤਾਂ ਇਹ ਸੀ ਕਿ ਇਰਾਨ ਦੇ ਖਾਮੀਨੀ ਨੂੰ ਮਾਰਨ ਤੋਂ ਬਾਅਦ ਇਰਾਨ ਗੋਡਿਆਂ ਭਾਰ ਹੋ ਜਾਏਗਾ, ਲਿਫ਼ ਜਾਏਗਾ, ਢਹਿ ਜਾਏਗਾ। ਪਰ ਇਰਾਨ ਨੇ ਜਿਸ ਢੰਗ ਨਾਲ ਅਮਰੀਕਾ-ਇਜ਼ਰਾਇਲ ਸੈਨਾ ਦਾ ਮੁਕਾਬਲਾ ਕੀਤਾ ਹੈ, ਉਸ ਤੋਂ ਇੰਝ ਲੱਗਦਾ ਹੈ ਕਿ ਟਰੰਪ ਇਸ ਨਵੇਂ ਯੁੱਧ ਦੀ ਦਲਦਲ ਵਿਚ ਫਸ ਗਏ ਹਨ, ਜਿੱਥੋਂ ਲੰਮਾ ਸਮਾਂ ਸ਼ਾਇਦ ਉਹ ਨਿਕਲ ਹੀ ਨਾ ਸਕਣ। ਪੰਦਰਾਂ ਦਿਨਾਂ ਦੇ ਯੁੱਧ ਤੋਂ ਬਾਅਦ ਟਰੰਪ ਦੇ ਆਪਣੇ ਨਿਸ਼ਾਨੇ ਵਿਚ ਬਦਲਾਅ ਆ ਗਿਆ ਹੈ। ਉਸ ਦਾ ਧਿਆਨ ਇਰਾਨ ਦੇ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਤੋਂ ਹਟ ਕੇ ਇਰਾਨ ਦੀ ਸੈਨਿਕ ਸਮਰੱਥਾ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਵੱਲ, ਇਰਾਨ ਵਿਚ ਸੱਤਾ ਦੀ ਤਬਦੀਲੀ ਅਤੇ ਆਖ਼ਿਰਕਾਰ ਇਰਾਨ ਨੂੰ ਬਿਨਾਂ ਕਿਸੇ ਸ਼ਰਤ ਦੇ ਆਤਮ ਸਮਰਪਣ ਕਰਨ ਵੱਲ ਕੇਂਦਰਿਤ ਹੋ ਗਿਆ ਹੈ। ਉਸ ਨੇ ਇਰਾਨ ਦੀ ਜਨਤਾ ਨੂੰ ਕਿਹਾ ਹੈ ਕਿ ਤੁਸੀਂ ਆਪਣੀ ਸਰਕਾਰ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਵੋ। ਇਹ ਤੁਹਾਡੀ ਸਾਰਿਆਂ ਦੀ ਸਰਕਾਰ ਹੋਵੇਗੀ। ਪਰ ਟਰੰਪ ਦੀਆਂ ਇਨ੍ਹਾਂ ਆਸਾਂ ਨੂੰ ਬੂਰ ਨਹੀਂ ਪਿਆ।

ਬਿਨਾਸ਼ੱਕ ਇਰਾਨ ਵਿਚ ਕੱਟੜਪੰਥੀ ਇਸਲਾਮੀ ਨਿਜ਼ਾਮ ਰਾਜ ਕਰਦਾ ਹੈ। ਉਥੋਂ ਦੇ ਸਾਧੂ-ਸੰਤ ਧਰਮ ਅਤੇ ਮਜ਼ਹਬ ਦੇ ਦਾਇਰੇ ਵਿਚੋਂ ਨਿਕਲ ਕੇ ਸਿਆਸਤ ਅਤੇ ਸ਼ਾਸਨ ਵਿਚ ਦਖ਼ਲ ਦਿੰਦੇ ਹਨ, ਜਿਸ ਦਾ ਨਤੀਜਾ ਆਮ ਜਨਤਾ, ਖ਼ਾਸ ਕਰਕੇ ਇਰਾਨੀ ਔਰਤਾਂ ਨੂੰ ਭੁਗਤਣਾ ਪੈਂਦਾ ਹੈ। ਇਰਾਨ ਦੇ ਸ਼ਾਸਕਾਂ ਨੇ ਹਮਾਸ ਅਤੇ ਹਿਜ਼ਬੁੱਲਾ ਜਿਹੀਆਂ ਆਤੰਕੀ ਸੈਨਾਵਾਂ ਅਮਰੀਕਾ-ਇਜ਼ਰਾਇਲ ਵਰਗੇ ਮੁਲਕਾਂ ਵਿਰੁੱਧ ਲੜਨ ਲਈ ਤਿਆਰ ਕੀਤੀਆਂ ਹਨ। ਇਨ੍ਹਾਂ ਸੈਨਾਵਾਂ ਨੇ ਲਿਬਨਾਨ ਅਤੇ ਸੀਰੀਆ ਜਿਹੇ ਪ੍ਰਗਤੀਸ਼ੀਲ ਦੇਸ਼ਾਂ ਨੂੰ ਬਰਬਾਦ ਕੀਤਾ ਹੈ। ਪਿਛਲੇ ਮਹੀਨੇ ਜਦੋਂ ਇਰਾਨ ਦੇ ਆਮ ਲੋਕਾਂ ਨੇ ਸਰਕਾਰ ਦੇ ਵਿਰੁੱਧ ਪ੍ਰਦਰਸ਼ਨ ਕੀਤੇ ਤਾਂ ਖਾਮੀਨੀ ਸਰਕਾਰ ਨੇ ਨਿਹੱਥੇ ਲੋਕਾਂ ਤੇ ਗੋਲੀਆਂ ਚਲਾਉਣ ਦੇ ਹੁਕਮ ਦਿੱਤੇ। ਕਿਹਾ ਜਾਂਦਾ ਹੈ ਕਿ ਇਸ ਅੰਦੋਲਨ ਦੌਰਾਨ 20 ਤੋਂ 30 ਹਜ਼ਾਰ ਲੋਕ ਮਾਰ ਦਿੱਤੇ ਗਏ। ਪਰ ਇਸ ਸਭ ਕੁਝ ਦੇ ਦਰਮਿਆਨ ਅਮਰੀਕਾ-ਇਜ਼ਰਾਇਲ ਦਾ ਇਰਾਨ ਅਤੇ ਖਾੜੀ ਮੁਲਕਾਂ ਨੂੰ ਯੁੱਧ ਵਿਚ ਧੱਕਣਾ ਯੂਐਨਓ ਦੇ ਚਾਰਟਰ ਦੇ ਆਰਟੀਕਲ 2(4), ਜੋ ਕਿ ਕਿਸੇ ਵੀ ਮੁਲਕ ਦੀ ਇਲਾਕਾਈ ਅਖੰਡਤਾ ਅਤੇ ਸਿਆਸੀ ਆਜ਼ਾਦੀ ਦੀ ਸੰਭਾਵਨਾ ਨੂੰ ਨਕਾਰਦਾ ਹੈ, ਦੀ ਸਿੱਧੀ ਉਲੰਘਣਾ ਹੈ।

ਇਜ਼ਰਾਇਲ 1948 ਵਿਚ ਬਰਤਾਨੀਆ ਅਤੇ ਅਮਰੀਕਾ ਸਮੇਤ ਹੋਰ ਸਮਰਾਜੀ ਸ਼ਕਤੀਆਂ ਵੱਲੋਂ ਫਲਸਤੀਨ ਦੀ ਧਰਤੀ 'ਤੇ ਕਬਜ਼ਾ ਕਰਕੇ ਹੋਂਦ ਵਿਚ ਲਿਆਂਦਾ ਗਿਆ ਸੀ। ਉਦੋਂ ਤੋਂ ਹੁਣ ਤੱਕ ਇਜ਼ਰਾਇਲ ਅਮਰੀਕਾ ਲਈ ਇੱਕ ਗੈਂਗਸਟਰ ਦੀ ਤਰ੍ਹਾਂ ਕੰਮ ਕਰ ਰਿਹਾ ਹੈ ਅਤੇ ਅਰਬ ਦੇਸ਼ਾਂ ਦੇ ਭੰਡਾਰਾਂ ਤੇ ਕਬਜ਼ਾ ਕਰਨ ਲਈ ਅਮਰੀਕੀ ਅੱਡੇ ਦੇ ਤੌਰ 'ਤੇ ਕੰਮ ਕਰ ਰਿਹਾ ਹੈ।

ਇਜ਼ਰਾਇਲ ਦੁਨੀਆ ਵਿਚ ਵੱਡੇ ਹਥਿਆਰ ਸੌਦਾਗਰ ਦੇ ਤੌਰ 'ਤੇ ਉਭਰਿਆ ਹੈ। ਅਮਰੀਕਾ ਵੱਲੋਂ ਵਪਾਰ ਲਈ ਧੌਂਸ ਨੀਤੀ, ਵਿਸਥਾਰਵਾਦੀ ਸੋਚ ਅਤੇ ਥਾਣੇਦਾਰਾਂ ਵਾਲੀ ਪ੍ਰਵਿਰਤੀ ਅੱਜ ਸੰਸਾਰਕ ਅਮਨ ਲਈ ਵੱਡਾ ਖ਼ਤਰਾ ਬਣੀ ਹੋਈ ਹੈ ਅਤੇ ਵੱਸਦੇ-ਰਸਦੇ ਸੰਸਾਰ ਨੂੰ ਯੁੱਧ ਵੱਲ ਧੱਕ ਰਹੀ ਹੈ। ਯੁੱਧ ਕਦੇ ਵੀ ਇਨਸਾਨੀ ਭਲਾਈ ਵਾਲਾ ਨਹੀਂ ਹੋ ਸਕਦਾ, ਭਾਵੇਂ ਕਿ ਇਹ ਮਜ਼ਬੂਰੀ ਵਜੋਂ ਹੀ ਕਿਉਂ ਨਾ ਲੜਿਆ ਗਿਆ ਹੋਵੇ।

ਭਾਵੇਂ ਕਿਹਾ ਜਾਂਦਾ ਹੈ ਕਿ ਜਿਸ ਕੋਲ ਤਾਕਤ ਹੈ ਉਸ ਦਾ ਰਾਜ ਚੱਲਦਾ ਹੈ, ਪਰ ਲੋਕ-ਸ਼ਕਤੀ ਇੱਕ ਐਸੀ ਤਾਕਤ ਹੈ ਜਿਸ ਅੱਗੇ ਵੱਡੇ-ਵੱਡੇ ਤਾਨਾਸ਼ਾਹ ਵੀ ਝੁਕਣ ਲਈ ਮਜ਼ਬੂਰ ਹੋ ਜਾਂਦੇ ਹਨ। ਯੁੱਧ ਕਿਸੇ ਮਸਲੇ ਦਾ ਸਥਾਈ ਹੱਲ ਨਹੀਂ ਹੈ। ਹਜ਼ਾਰਾਂ-ਲੱਖਾਂ ਲੋਕ ਯੁੱਧ ਦੀ ਭੇਟ ਚੜ੍ਹ ਜਾਂਦੇ ਹਨ। ਹਿੰਸਾ ਕਾਰਨ ਲੋਕ ਮਾਨਸਿਕ ਬਿਮਾਰੀਆਂ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਜਾਂਦੇ ਹਨ। ਲੱਖਾਂ ਲੋਕ ਘਰੋਂ-ਬੇਘਰ ਹੋ ਜਾਂਦੇ ਹਨ। ਉਨ੍ਹਾਂ ਦੇ ਬੱਚੇ ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਵਿਰਵੇ ਰਹਿ ਜਾਂਦੇ ਹਨ। ਇਹ ਯੁੱਧ ਹੀ ਹਨ ਜੋ ਕਿਸੇ ਖ਼ਿੱਤੇ ਦੇ ਵਿਨਾਸ਼ ਦਾ ਕਾਰਨ ਹੋ ਨਿਬੜਦੇ ਹਨ। ਆਧੁਨਿਕ ਯੁੱਧ ਹੁਣ ਕੇਵਲ ਸੀਮਾਵਾਂ ਤੱਕ ਸੀਮਿਤ ਨਹੀਂ ਰਹੇ, ਸਗੋਂ ਸ਼ਹਿਰਾਂ ਦੇ ਵਿਚੋਂ-ਵਿਚ ਲੜੇ ਜਾ ਰਹੇ ਹਨ।

ਰੂਸ-ਯੂਕਰੇਨ ਅਤੇ ਅਮਰੀਕਾ-ਇਜ਼ਰਾਇਲ ਯੁੱਧ ਇਸ ਦੀ ਵੱਡੀ ਉਦਾਹਰਨ ਹਨ। ਦੁਨੀਆ ਦੇ ਦੇਸ਼ ਆਪਣੀ ਸੁਰੱਖਿਆ ਦੇ ਡਰ ਤੋਂ ਸਿਹਤ ਅਤੇ ਸਿੱਖਿਆ ਸਹੂਲਤਾਂ ਤੇ ਖ਼ਰਚਾ ਘਟਾ ਕੇ ਜੰਗੀ ਸਮਾਨ ਖਰੀਦਣ ਤੇ ਵੱਧ ਖ਼ਰਚ ਕਰਨ ਲੱਗੇ ਹਨ।2024 ਵਿਚ ਵਿਸ਼ਵ ਦੀਆਂ ਸੈਨਾਵਾਂ 'ਤੇ 2.7 ਟ੍ਰਿਲੀਅਨ ਡਾਲਰ ਖਰਚੇ ਦਾ ਅਨੁਮਾਨ ਹੈ। ਯੁੱਧ ਅਸਲ ਵਿਚ ਵਿਕਾਸ ਦਾ ਉਲਟਾ ਪਹੀਆ ਸਾਬਤ ਹੋਇਆ ਹੈ, ਜੋ ਵਿਨਾਸ਼ ਦਾ ਕਾਰਨ ਬਣਦਾ ਹੈ। ਯੁੱਧ ਮਾਨਵੀ ਕਦਰਾਂ-ਕੀਮਤਾਂ ਅਤੇ ਸੰਵੇਦਨਾਵਾਂ ਦੇ ਖ਼ਾਤਮੇ ਦਾ ਕਾਰਨ ਹੈ। ਯੁੱਧ ਹੀ ਹੈ ਜੋ ਮਾਨਸਿਕ ਵਿਕਾਸ ਉੱਤੇ ਸਥਾਈ ਤੌਰ 'ਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ।

ਯੁੱਧ ਵਿਚ ਬੱਚੇ ਅਤੇ ਔਰਤਾਂ ਭੁੱਖਮਰੀ ਅਤੇ ਹਿੰਸਾ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੇ ਹਨ। ਨਵੀਆਂ ਤਕਨੀਕਾਂ, ਖ਼ਾਸ ਕਰਕੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਡਰੋਨ ਯੁੱਧ ਮਨੁੱਖਤਾ ਲਈ ਵੱਡੇ ਘਾਤਕ ਸਾਬਤ ਹੋ ਰਹੇ ਹਨ। ਮਨੁੱਖ ਦੀ ਹੋਂਦ ਬਚਾਈ ਰੱਖਣ ਲਈ ਵਿਨਾਸ਼ਕਾਰੀ ਯੁੱਧ ਵਿਰੁੱਧ ਅਮਨ ਸਮੇਂ ਦੀ ਲੋੜ ਹੈ।

# ਪ੍ਰਬੰਧਕੀ (Governance) ਅਤੇ ਵਿੱਤੀ (financial) ਬੇਨਿਯਮੀਆ :

ਇਹ ਮਾਮਲਾ ਗੁਰੂ ਨਾਨਕ ਸਿੱਖ ਗੁਰਦੁਆਰਾ (ਸਰੀ/ਡੈਲਟਾ) ਵਿੱਚ ਪ੍ਰਧਾਨ ਅਮਨਦੀਪ ਸਿੰਘ ਜੌਹਲ ਦੀ ਅਗਵਾਈ ਹੇਠ ਕੁੱਝ ਐਗਜਕਿਟਿਵ ਮੈਂਬਰਾਂ ਨਾਲ ਸੰਬੰਧਿਤ ਹੈ। ਇਸ ਬਾਰੇ ਵੱਡੀ ਗਿਣਤੀ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਸੰਗਤ ਅਤੇ ਕਮੇਟੀ ਦੇ ਮੈਂਬਰਾਂ ਵੱਲੋਂ ਸ਼ੰਕੇ ਜ਼ਾਹਰ ਕੀਤੇ ਗਏ ਹਨ।

- **ਪ੍ਰਬੰਧਕੀ ਮਸਲੇ ਅਤੇ ਅੰਦਰੂਨੀ ਵਿਵਾਦ:**

2023 ਦੇ ਆਖ਼ਰ ਤੋਂ ਸੁਸਾਇਟੀ ਦੀ ਸਥਿਤੀ ਵਿੱਚ ਮਹੱਤਵਪੂਰਨ ਬਦਲਾਅ ਆਏ ਹਨ। ਕਾਰਜਕਰਨੀ ਕਮੇਟੀ (Executive Committee) ਦੋ ਵਿਰੋਧੀ ਧੜਿਆਂ ਵਿੱਚ ਵੰਡੀ ਗਈ। ਸੰਗਤ ਸੰਸਥਾ ਦੇ ਪ੍ਰਬੰਧਕੀ ਢੰਗ , ਕਾਨੂੰਨੀ, ਵਿੱਤੀ, ਅਤੇ ਜਨਤਕ ਛਵੀ ਉੱਤੇ ਮਾੜਾ ਪ੍ਰਭਾਵ ਤੋ ਚਿੰਤਤ ਹੈ।

- **ਨਵੀ ਮੈਂਬਰਸ਼ਿਪ ਬਨ੍ਹਾਉਣ ਵਿੱਚ ਨਾਕਾਮੀ:**

ਕਾਰਜਕਾਰਨੀ ਕਮੇਟੀ (Executive committee) ਅਪ੍ਰੈਲ 2025 ਤੋਂ 30 ਜੂਨ 2025 ਤੱਕ ਨਵੀਂ ਮੈਂਬਰਸ਼ਿਪ ਬਣਾਉਣ ਵਿੱਚ ਅਸਫਲ ਰਹੀ। 8 ਅਕਤੂਬਰ ਨੂੰ ਮੈਂਬਰਸ਼ਿਪ ਪ੍ਰਕਿਰਿਆ ਸ਼ੁਰੂ ਕੀਤੀ ਗਈ, ਪਰ ਨਿਰਪੱਖਤਾ ਅਤੇ ਪਾਰਦਰਸ਼ਤਾ ਦੀ ਘਾਟ ਕਾਰਨ ਤੀਜੇ ਪੱਖ ਦੇ ਵਕੀਲ (third party ) ਨੇ ਸੇਵਾ ਦੇਣ ਤੋਂ ਇਨਕਾਰ ਕਰ ਦਿੱਤਾ।

ਨਵੰਬਰ 2025 ਨੂੰ ਸੰਗਤ ਨਾਲ ਮੀਟਿੰਗ ਵਿੱਚ ਪ੍ਰਧਾਨ ਅਮਨਦੀਪ ਸਿੰਘ ਜੋਹਲ ਦੇ ਗਰੁੱਪ ਨੇ ਵਾਅਦਾ ਕੀਤਾ ਕਿਮਾਰਚ 2026 ਦੇ ਪਹਿਲੇ ਹਫ਼ਤੇ ਵਿੱਚ ਨਿਰਪੱਖ ਤਰੀਕੇ ਨਾਲ ਮੈਂਬਰਸ਼ਿਪ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ, ਪਰ ਇਹ ਵਾਅਦਾ ਵੀ ਪੂਰਾ ਨਹੀਂ ਕੀਤਾ ਗਿਆ।

ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਮੈਂਬਰਸ਼ਿਪ ਖੋਲ੍ਹਣ ਲਈ ਸੰਗਤ ਵਲੋਂ ਕਈ ਵਾਰ ਸੁਝਾਅ ਦਿੱਤੇ ਗਏ, ਪਰ ਸ ਅਮਨਦੀਪ ਸਿੰਘ ਦੀ ਅਗਵਾਈ ਵਾਲੀ ਕਮੇਟੀ ਗਰੁੱਪ ਨੇ ਸਭ ਕੁੱਝ ਨਜ਼ਰ ਅੰਦਾਜ਼ ਕਰ ਦਿੱਤਾ।

- AGM 20 **ਦਸੰਬਰ** 2025:

1: AGM ਵਿੱਚ ਪੇਸ਼ ਕੀਤੀ ਵਿੱਤੀ ਰਿਪੋਰਟ ਨੂੰ ਸੁਸਾਇਟੀ ਦੇ ਮੈਂਬਰਾਂ ਵੱਲੋਂ ਬਹੁਮਤ ਨਾਲ ਰੱਦ ਕਰ ਦਿੱਤਾ ਗਿਆ।

2: ਕਮੇਟੀ ਦੇ ਇੱਕ ਸਹਾਇਕ ਖਜ਼ਾਨਚੀ ਨੇ ਵਿੱਤੀ ਬੇਨਿਯਮੀਆਂ ਅਤੇ ਮਾੜੇ ਪ੍ਰਬੰਧ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ।

3: ਇੱਕ ਹੋਰ ਕਮੇਟੀ ਮੈਂਬਰ ਨੇ ਗੋਲਕ ਵਿੱਚੋਂ ਲਗਾਤਾਰ ਨਕਦ ਵਾਊਚਰ ਕੱਢਣ ਬਾਰੇ ਗੰਭੀਰ ਚਿੰਤਾ ਪ੍ਰਗਟਾਈ।

ਸੁਸਾਇਟੀ ਦੀ ਪੂਰੀ ਵਿੱਤੀ ਜਾਣਕਾਰੀ ਪ੍ਰਾਪਤ ਕਰਨ ਲਈ ਮੀਟਿੰਗ ਵਿੱਚ ਹਾਜ਼ਰ ਸੰਗਤ ਨੇ ਮੁੜ-ਆਡਿਟ ਦੀ ਮੰਗ ਕੀਤੀ ਸੀ, ਪਰ ਪ੍ਰਧਾਨ ਅਮਨਦੀਪ ਸਿੰਘ ਜੋਹਲ ਦੀ ਪ੍ਰਧਾਨਗੀ ਹੇਠ ਮੌਜੂਦਾ ਕਮੇਟੀ ਗਰੁੱਪ ਨੇ ਇਸ ਉੱਤੇ ਕੋਈ ਕਾਰਵਾਈ ਨਹੀਂ ਕੀਤੀ।

- **ਗੁਰੂ ਨਾਨਕ ਸਿੱਖ ਸਕੂਲ ਪ੍ਰਬੰਧ ਅਤੇ ਵਿੱਤੀ ਪਾਰਦਰਸ਼ਤਾ:**

1: ਪਿਛਲੀਆਂ ਦੋ ਸਾਲਾਂ ਦੀਆਂ AGM ਮੀਟਿੰਗਾਂ ਵਿੱਚ ਗੁਰੂ ਨਾਨਕ ਸਿੱਖ ਸਕੂਲ ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਅਧੀਨ ਰੱਖਣ ਦਾ ਮਤਾ ਪਾਸ ਕੀਤਾ ਗਿਆ ਸੀ ਜੋ ਕਿਮਿਨਟ ਬੁੱਕ ਵਿੱਚ ਵੀ ਦਰਜ ਹੈ , ਪਰ 2025 ਦੀ AGM ਵਿੱਚ ਫਿਰ ਸਕੂਲ ਨੂੰ ਇੱਕ ਅਲੱਗ ਸੰਸਥਾ ਵਜੋਂ ਦਰਸਾਇਆ ਗਿਆ।

2: ਸਕੂਲ ਦਾ ਪ੍ਰਬੰਧ ਚਲਾ ਰਹੇ 3 ਡਾਇਰੈਕਟਰਾਂ ਵਿੱਚੋਂ ਇੱਕ ਡਾਇਰੈਕਟਰ ਨੇ AGM ਮੀਟਿੰਗ ਵਿੱਚ ਦੱਸਿਆ ਕਿ ਪਿਛਲੇ 2 ਸਾਲਾਂ ਤੋਂ ਸਕੂਲ ਡਾਇਰੈਕਟਰਾ ਦੀ ਕੋਈ ਮਹੀਨਾਵਾਰ ਮੀਟਿੰਗ ਨਹੀਂ ਕੀਤੀ ਗਈ।

3: AGM ਵਿੱਚ ਅਮਨਦੀਪ ਸਿੰਘ ਜੌਹਲ ਦੇ ਪ੍ਰਤਿਨਿਧੀ ਨੇ ਫਰਵਰੀ 2026 ਵਿੱਚ ਸਕੂਲ ਦੇ ਪ੍ਰਬੰਧ ਅਤੇ ਵਿੱਤੀ ਹਾਲਾਤ ਬਾਰੇ ਸੰਗਤੀ ਮੀਟਿੰਗ ਕਰਨ ਦਾ ਐਲਾਨ ਕੀਤਾ ਸੀ, ਜਿਸਨੂੰ ਸੈਕਟਰੀ ਭੁਪਿੰਦਰ ਸਿੰਘ ਹੋਠੀ ਦੁਆਰਾ 7 ਮਾਰਚ ਤੱਕ ਟਾਲ ਦਿੱਤਾ ਗਿਆ, ਪਰ ਅੱਜ ਤੱਕ ਇਹ ਮੀਟਿੰਗ ਨਹੀਂ ਹੋਈ।

4: ਸੰਗਤ ਵੱਲੋਂ ਬਾਰ ਬਾਰ ਮੰਗਣ ਦੇ ਬਾਵਜੂਦ ਸਕੂਲ ਦੇ ਵਿੱਤੀ ਦਸਤਾਵੇਜ਼ ਜਾਰੀ ਨਹੀਂ ਕੀਤੇ ਗਏ।

- **ਹੋਰ ਮਸਲੇ :**

ਪਿਛਲੇ ਕੁਝ ਸਾਲਾਂ ਵਿੱਚ ਦਿੱਤੀਆਂ ਗਈਆਂ ਵਰਕਰ ਸਪਾਂਸਰਸ਼ਿਪਾਂ ਦੀ ਜਾਣਕਾਰੀ ਪੂਰਨ ਰੂਪ ਵਿੱਚ ਸੰਗਤ ਨੂੰ ਦਿੱਤੀ ਜਾਵੇ।

ਲੋੜੀਂਦੀ ਕਾਰਵਾਈ : ਸੰਗਤੀ ਸੰਗਠਨ ਵੱਲੋਂ ਉਪਰੋਕਤ ਮਸਲਿਆਂ ਸਬੰਧੀ ਚਿੱਠੀਆਂ 1 ਫਰਵਰੀ ਅਤੇ 16 ਫਰਵਰੀ 2026 ਨੂੰ ਸੋਸਾਇਟੀ ਦੇ ਵਕੀਲ ਅਤੇ ਪ੍ਰਧਾਨ ਅਮਨਦੀਪ ਸਿੰਘ ਜੋਹਲ ਨੂੰ ਭੇਜੀਆਂ ਗਈਆਂ।

ਸੰਗਤ ਨੂੰ ਉਮੀਦ ਸੀ ਕਿ ਇਹ ਮਸਲੇ ਜਲਦੀ ਹੱਲ ਕਰ ਦਿੱਤੇ ਜਾਣਗੇ, ਪਰ ਲਿਖਤੀ ਰੂਪ ਵਿੱਚ ਇਤਰਾਜ਼ਕਰਨ ਦੇ ਬਾਵਜੂਦ ਸੁਸਾਇਟੀ ਦੇ ਵਕੀਲ ਨੇ ਵੀ ਕੋਈ ਜਵਾਬ ਨਹੀਂ ਦਿੱਤਾ ਤੇ ਸ ਅਮਨਦੀਪ ਸਿੰਘ ਦੀ ਪ੍ਰਧਾਨਗੀ ਹੇਠ ਕਮੇਟੀ ਗਰੁੱਪ ਨੇ ਵੀ ਕੁਝ ਨਹੀਂ ਕੀਤਾ।

ਇੱਕ ਮਹੱਤਵਪੂਰਨ ਗੱਲ ਇਹ ਹੈ ਕਿ ਮੈਂਬਰਸ਼ਿਪ ਦੀ ਪ੍ਰਕਿਰਿਆ ਪਾਰਦਰਸ਼ਤਾ ਤੇ ਨਿਰਪੱਖਤਾ ਨਾਲ ਕਰਨ ਲਈ ਕਮੇਟੀ ਦੇ ਕਾਫੀ ਮੈਂਬਰ ਪੂਰਨ ਤੌਰ ਤੇ ਸੰਗਤਾਂ ਦਾ ਸਾਥ ਦੇ ਰਹੇ ਹਨ।

- **ਐਗਜਕਿਟਿਵ ਕਮੇਟੀ ਦੀ ਮਿਆਦ:**

ਚਾਲੂ ਐਗਜਕਿਟਿਵ ਕਮੇਟੀ ਦੀ ਮਿਆਦ 31 ਦਸੰਬਰ 2025 ਨੂੰ ਸਮਾਪਤ ਹੋ ਚੁੱਕੀ ਹੈ।

ਸੰਗਤੀ ਧੜਾ ਹੁਣ ਪ੍ਰਬੰਧਕ ਕਮੇਟੀ ਨੂੰ ਅਸਤੀਫ਼ਾ ਦੇਣ ਅਤੇ ਸੁਸਾਇਟੀ ਦਾ ਪ੍ਰਬੰਧ ਸੰਗਤ ਨੂੰ ਸੌਂਪਣ ਦੀ ਮੰਗ ਕਰਦਾ ਹੈ , ਤਾਂ ਜੋ ਪਾਰਦਰਸ਼ੀ ਢੰਗ ਨਾਲ ਮੈਂਬਰਸਪਿ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕੇ ਅਤੇ ਨਵੀਂ ਕਮੇਟੀ ਦੀ ਚੋਣ ਤੀਜੀ ਧਿਰ (Third Party) ਦੀ ਦੇਖ-ਰੇਖ ਹੇਠ ਕੀਤੀ ਜਾ ਸਕੇ।

- **ਸੰਗਤੀ ਮੀਟਿੰਗ:**

**ਅਸੀਂ ਐਤਵਾਰ 29 ਮਾਰਚ 2026 ਨੂੰ 12:30 ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਸੰਗਤੀ ਮੀਟਿੰਗ ਕਰ ਰਹੇ ਹਾਂ । ਸੰਗਤਾਂ ਪਹੁੰਚਕੇ ਆਪਣੇ ਸੁਝਾਅ ਜ਼ਰੂਰ ਦੇਣ।**

## ਵਧੇਰੇ ਜਾਣਕਾਰੀ ਲਈ : 604-306-5731, 604-307-0725

ADVT

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pineligting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey


idea
immigration
Super Visas
PNPs
iccrc crcic
EXPRESS ENTRY
Canada's Express Entry immigration
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620
Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com


Queen's
UNIVERSITY
Graduate Diploma
in Immigration and
Citizenship Law
ਆਪਣੇ ਕੈਨੇਡੀਅਨ ਇਮੀਗ੍ਰੇਸ਼ਨ
ਸਲਾਹਕਾਰ ਕਰੀਅਰ ਦੀ
ਸ਼ੁਰੂਆਤ ਕਰੋ। ਦੁਨੀਆ ਭਰ ਦੇ
ਗਾਹਕਾਂ ਨੂੰ ਪ੍ਰਾਪਤ ਕਰੋ।
immigrationdiploma.ca


SCOTT-75 MEDICAL CLINIC SURREY
DOCTORS AVAILABLE
Clinic Hours: Monday To Friday
9:00 AM To 4:00 PM
#102-8585 160St Surrey, BC V4N 0Y3
7500-120th Street , Unit 113 Surrey ,B.C. V3W 3N1
BOOK YOUR VISIT ONLINE
Go to fleetwood.cortico.ca ⇨ Scott 75 medical ⇨ Dr. Marotta walk in
⇨Enter your info ⇨ Book your meet and greet visit.
YOUR HEALTH
IS OUR
PRIORITY
Ph:604-503-1159
E-mail : fleetwoodmedical102@gmail.com

# ਯੁੱਧ ਲਮਕਣਾ ਅਤੇ ਤੇਲ ਮੰਡੀ ਵਿਚ ਅਫਰਾ-ਤਫ਼ਰੀ ਟਰੰਪ ਲਈ ਬਣੇ ਮੁਸੀਬਤ

ਬੂਟਾ ਸਿੰਘ ਮਹਿਮੂਦਪੁਰ

ਟਰੰਪ ਅਤੇ ਉਸਦੇ ਜੋਟੀਦਾਰਾਂ ਨੂੰ ਉਮੀਦ ਨਹੀਂ ਸੀ ਕਿ ਅਮਰੀਕੀ ਸਾਮਰਾਜ ਤੋਂ ਆਕੀ ਇਰਾਨ ਦੀ ਹਕੂਮਤ ਦਾ ਤਖ਼ਤ ਪਲਟਣ ਲਈ 'ਓਪਰੇਸ਼ਨ ਐਪਿਕ ਫਿਊਰੀ' ਦੀ ਧਾੜਵੀ ਕਾਰਵਾਈ ਪੁੱਠੀ ਪੈ ਜਾਵੇਗੀ।

ਉਨ੍ਹਾਂ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਝੁਕਣ ਦੀ ਬਜਾਏ ਇਰਾਨ ਪੱਛਮੀ ਏਸ਼ੀਆ ਵਿਚਲੇ ਅਮਰੀਕੀ ਫ਼ੌਜੀ ਅੱਡਿਆਂ ਨੂੰ ਨਿਸ਼ਾਨਾ ਬਣਾ ਕੇ ਅਮਰੀਕਾ ਦੇ ਸੰਗੀ ਖਾੜੀ ਮੁਲਕਾਂ ਵਿਚ ਖਲਬਲੀ ਮਚਾ ਦੇਵੇਗਾ ਅਤੇ ਹੌਰਮੁਜ਼ ਸਮੁੰਦਰੀ-ਮਾਰਗ ਵਿਚ ਖ਼ਲਲ ਪਾ ਕੇ ਕੱਚੇ ਤੇਲ ਦਾ ਸੰਕਟ ਖੜ੍ਹਾ ਕਰ ਦੇਵੇਗਾ।

ਖਾੜੀ 'ਚੋਂ ਨਿਕਲਣ ਵਾਲੇ ਜ਼ਿਆਦਾਤਰ ਤੇਲ ਦੀ ਸਪਲਾਈ ਇਰਾਨ ਅਤੇ ਓਮਾਨ ਦਰਮਿਆਨ ਇਸ 33 ਕਿਲੋਮੀਟਰ ਚੌੜੇ ਸਮੁੰਦਰੀ ਮਾਰਗ ਵਿੱਚੋਂ ਦੀ ਹੁੰਦੀ ਹੈ। ਓਮਾਨ ਦੀਆਂ ਬੰਦਰਗਾਹਾਂ ਵਿਚ ਸੈਂਕੜੇ ਤੇਲ ਟੈਂਕਰ (ਕੁਝ ਰਿਪੋਰਟਾਂ ਅਨੁਸਾਰ ਤਾਂ 1000 ਦੇ ਕਰੀਬ ਟੈਂਕਰ) ਰੁਕੇ ਹੋਏ ਹਨ। ਇਰਾਨ ਦੇ ਜਵਾਬੀ ਹਮਲੇ ਨਾਲ ਦੁਨੀਆ ਦੀ ਕੱਚੇ ਤੇਲ ਅਤੇ ਕੁਦਰਤੀ ਗੈਸ ਦੀ 20% ਦੇ ਕਰੀਬ ਸਪਲਾਈ ਪ੍ਰਭਾਵਿਤ ਹੋਈ ਹੈ, ਸੰਭਾਵੀ ਊਰਜਾ ਸੰਕਟ ਨੂੰ ਦੇਖਦਿਆਂ ਕਈ ਮੁਲਕਾਂ ਵਿਚ ਹਾਹਾਕਾਰ ਮਚ ਗਈ ਹੈ। ਟਰੰਪ ਇਰਾਨ ਨੂੰ ਧਮਕੀਆਂ ਦੇ ਰਿਹਾ ਹੈ ਕਿ ਜੇਕਰ ਉਸਨੇ ਹੌਰਮੁਜ਼ ਸਮੁੰਦਰੀ ਮਾਰਗ 'ਚੋਂ ਗੁਜ਼ਰਨ ਵਾਲੀ ਤੇਲ ਸਪਲਾਈ ਵਿਚ ਅੜਿੱਕਾ ਪਾਉਣਾ ਬੰਦ ਨਾ ਕੀਤਾ ਤਾਂ ਅਮਰੀਕਾ ਉਨ੍ਹਾਂ ਦੇ ਤੇਲ ਢਾਂਚੇ ਨੂੰ ਤਬਾਹ ਕਰ ਦੇਵੇਗਾ। ਇਸ ਮਨੋਰਥ ਨਾਲ ਉਸਨੇ ਇਰਾਨ ਦੇ ਖਾਰਗ ਟਾਪੂ ਉੱਪਰ, ਜਿੱਥੇ ਇਰਾਨ ਦਾ ਮੁੱਖ ਤੇਲ ਨਿਰਯਾਤ ਟਰਮੀਨਲ ਹੈ, ਹਮਲਾ ਵੀ ਕਰਵਾਇਆ ਅਤੇ ਉੱਥੇ ਮੁੜ ਹਮਲੇ ਕਰਨ ਦੀਆਂ ਧਮਕੀਆਂ ਦੇ ਰਿਹਾ ਹੈ। ਇਰਾਨ ਨੇ ਇਨ੍ਹਾਂ ਧਮਕੀਆਂ ਦੀ ਪ੍ਰਵਾਹ ਨਾ ਕਰਕੇ ਆਪਣੀ ਨੀਤੀ ਸਪਸ਼ਟ ਕਰ ਦਿੱਤੀ ਹੈ ਕਿ ਉਹ ਇਰਾਨ ਉੱਪਰ ਹਮਲਾ ਕਰਨ ਵਾਲੇ ਅਤੇ ਉਨ੍ਹਾਂ ਦੀ ਮਦਦ ਕਰਨ ਵਾਲੇ 'ਦੁਸ਼ਮਣ' ਮੁਲਕਾਂ ਦੇ ਟੈਂਕਰਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਣਗੇ। ਬਾਕੀ ਮੁਲਕ ਆਪਣੇ ਤੇਲ ਜਹਾਜ਼ਾਂ ਦੀ ਸੁਰੱਖਿਆ ਬਾਰੇ ਬੇਫ਼ਿਕਰ ਰਹਿਣ।

ਮੋਦੀ ਵੱਲੋਂ ਇਜ਼ਰਾਇਲ ਦੇ ਵਿਸ਼ੇਸ਼ ਦੌਰੇ 'ਤੇ ਜਾ ਕੇ ਦਹਿਸ਼ਤਗਰਦ ਨੇਤਨਯਾਹੂ ਨੂੰ ਜੱਫੀਆਂ ਪਾਉਣ ਦੀ ਫੋਟੋ ਸ਼ੂਟ ਤੋਂ ਦੋ ਦਿਨ ਬਾਅਦ ਹੀ ਅਮਰੀਕਾ-ਇਜ਼ਰਾਇਲ ਨੇ ਇਰਾਨ ਉੱਪਰ ਹਮਲਾ ਕਰ ਦਿੱਤਾ ਤਾਂ ਭਾਰਤ ਦੀ ਭਗਵਾ ਹਕੂਮਤ ਲਈ ਆਪਣੇ 'ਪਿਆਰੇ ਮਿੱਤਰ' ਦੇ ਧਾੜਵੀ ਹਮਲੇ 'ਚੋਂ ਉੱਠਣ ਵਾਲੇ ਸਵਾਲਾਂ ਦਾ ਜਵਾਬ ਦੇਣਾ ਮੁਸ਼ਕਲ ਹੋ ਗਿਆ। ਉੱਪਰੋਂ ਹੌਰਮੁਜ਼ ਵਿਚ ਟੈਂਕਰ ਫਸਣ ਨਾਲ ਕੱਚੇ ਤੇਲ ਦਾ ਸੰਕਟ ਗ਼ਲ ਆ ਪਿਆ। ਮੋਦੀ ਵਜ਼ਾਰਤ ਦੀਆਂ ਝੂਠੀਆਂ ਯਕੀਨ-ਦਹਾਨੀਆਂ ਦੇ ਬਾਵਜੂਦ ਐੱਲਪੀਜੀ ਗੈਸ ਦੀ ਘਾਟ ਨਾਲ ਭਾਰਤ ਦੇ ਘਰੇਲੂ ਖ਼ਪਤਕਾਰਾਂ, ਹੋਟਲਾਂ-ਰੈਸਤਰਾਂ ਕਾਰੋਬਾਰ ਅਤੇ ਹੋਰ ਬਹੁਤ ਸਾਰੇ ਉਦਯੋਗਾਂ ਦੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੀਆਂ ਲਗਾਤਾਰ ਰਿਪੋਰਟਾਂ ਆ ਰਹੀਆਂ ਹਨ।

ਭਾਵੇਂ ਟਰੰਪ ਇਰਾਨ ਦੀ 'ਫ਼ੌਜੀ ਸਮਰੱਥਾ ਨੂੰ 100%' ਨਸ਼ਟ ਕਰ ਦਿੱਤੇ ਜਾਣ, ਇਰਾਨ ਦਾ ਪੂਰੀ ਤਰ੍ਹਾਂ ਸਿਰ ਕਲਮ ਕਰ ਦਿੱਤੇ ਜਾਣ ਅਤੇ ਛੇਤੀ ਹੀ ਹੌਰਮੁਜ਼ ਸਮੁੰਦਰੀ ਮਾਰਗ ਨੂੰ ਖੋਲ੍ਹ ਕੇ ਸੁਰੱਖਿਅਤ ਤੇ ਮੁਕਤ ਬਣਾ ਦੇਣ ਦੇ ਦਾਅਵੇ ਕਰ ਰਿਹਾ ਹੈ, ਪਰ ਜਿਨ੍ਹਾਂ ਮੁਲਕਾਂ ਦਾ ਤੇਲ ਇਸ ਸਮੁੰਦਰੀ ਰਸਤਿਓਂ ਹੋ ਕੇ ਆਉਂਦਾ ਹੈ, ਉਨ੍ਹਾਂ ਸਾਰੀਆਂ ਸਰਕਾਰਾਂ ਨੂੰ ਮਦਦ ਲਈ ਫ਼ੌਜੀ ਸਹਾਇਤਾ ਭੇਜ ਕੇ ਹੌਰਮੁਜ਼ ਸਮੁੰਦਰੀ ਮਾਰਗ ਦੀ ਸੁਰੱਖਿਆ ਵਿਚ ਮਦਦ ਕਰਨ ਦੇ ਟਰੰਪ ਦੇ ਮਾਯੂਸੀ ਭਰੇ ਸੱਦੇ ਦੱਸਦੇ ਹਨ ਕਿ ਉਸ ਉੱਪਰ ਭਾਰੀ ਦਬਾਅ ਬਣਿਆ ਹੋਇਆ ਹੈ। ਇਹ ਪ੍ਰਤੱਖ ਹੈ ਕਿ ਹੌਰਮੁਜ਼ ਸੰਕਟ ਬਾਰੇ ਟਰੰਪ ਪ੍ਰਸ਼ਾਸਨ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਵੇਗਾ, ਹੁਣ ਉਹ ਇਸ ਵਿਚੋਂ ਕਿਸੇ ਤਰ੍ਹਾਂ ਨਿਕਲਣ ਲਈ ਹੱਥ-ਪੈਰ ਮਾਰ ਰਹੇ ਹਨ। ਟਰੰਪ ਤਾਂ ਦਾਅਵੇ ਕਰ ਰਿਹਾ ਹੈ ਕਿ ਇਰਾਨ ਦੇ 7000 ਟਿਕਾਣਿਆਂ ਉੱਪਰ ਕੀਤੇ ਅਮਰੀਕੀ-ਇਜ਼ਰਾਇਲੀ ਹਮਲਿਆਂ ਨਾਲ ਉਸਦੀ ਬਾਲਿਸਟਿਕ ਮਿਜ਼ਾਇਲ ਅਤੇ ਡਰੋਨ ਨਿਰਮਾਣ ਸਮਰੱਥਾ 'ਤਬਾਹ' ਕਰ ਦਿੱਤੇ ਜਾਣ ਕਾਰਨ ਅਮਰੀਕਾ-ਇਰਾਨ ਦਾ ਉੱਥੇ ਮੁਕੰਮਲ ਹਵਾਈ



**ਟਰੰਪ ਨੇ ਚੀਨ ਉੱਪਰ ਵੀ ਦਬਾਅ ਪਾਇਆ ਕਿ ਜੇਕਰ ਚੀਨ ਮਦਦ ਦਾ ਯਕੀਨ ਨਹੀਂ ਦਿਵਾਉਂਦਾ ਤਾਂ ਉਹ ਅਗਲੇ ਦਿਨਾਂ ਵਿਚ ਚੀਨੀ ਰਾਸ਼ਟਰਪਤੀ ਨਾਲ ਹੋਣ ਵਾਲੀ ਪ੍ਰਸਤਾਵਿਤ ਸਿਖ਼ਰ ਮੀਟਿੰਗ ਨੂੰ ਟਾਲ ਸਕਦਾ ਹੈ। ਚੀਨ ਦੀ ਸਰਕਾਰ ਉੱਪਰ ਟਰੰਪ ਦੀ ਧਮਕੀ ਦਾ ਕੋਈ ਅਸਰ ਨਹੀਂ ਹੋਇਆ ਅਤੇ ਉਨ੍ਹਾਂ ਨੇ ਇਸ ਸਵਾਲ ਨੂੰ ਹੀ ਟਾਲ ਦਿੱਤਾ।**

ਪ੍ਰਭੁਤਵ ਸਥਾਪਤ ਹੋ ਗਿਆ ਹੈ ਅਤੇ ਉਸਦੀ ਸਮੁੰਦਰੀ ਫ਼ੌਜ ਯੁੱਧ ਲੜਨ ਦੀ ਹਾਲਤ ਨਹੀਂ ਹੈ। ਪਰ ਇਰਾਨ ਵੱਲੋਂ ਮੱਧ ਪੂਰਬ ਵਿਚ ਅਮਰੀਕੀ ਅੱਡਿਆਂ ਉੱਪਰ ਲਗਾਤਾਰ ਮਿਜ਼ਾਇਲ ਅਤੇ ਡਰੋਨ ਹਮਲੇ ਟਰੰਪ ਦੇ ਇਨ੍ਹਾਂ ਦਾਅਵਿਆਂ ਦੀ ਖਿੱਲੀ ਉਡਾ ਰਹੇ ਹਨ। ਅਮਰੀਕੀ ਖ਼ੁਫ਼ੀਆ ਰਿਪੋਰਟਾਂ ਅਨੁਸਾਰ ਇਰਾਨ ਕੋਲ ਇਸ ਖੇਤਰ ਵਿਚ ਸਭ ਤੋਂ ਵੱਡੀ ਬਾਲਿਸਟਿਕ ਮਿਜ਼ਾਇਲ ਇਨਵੈਂਟਰੀ ਹੈ। ਇਰਾਨ ਦੀ ਮਿਜ਼ਾਇਲ ਕਮਾਨ ਵਿਕੇਂਦਰੀਕ੍ਰਿਤ ਹੋਣ ਅਤੇ ਇਰਾਨੀ ਫ਼ੌਜ ਮੋਬਾਈਲ ਲਾਂਚਰਾਂ ਰਾਹੀਂ ਹਮਲੇ ਕਰ ਰਹੀ ਹੋਣ ਕਾਰਨ ਉਸ ਦੀ ਮਿਜ਼ਾਇਲ ਸਮਰੱਥਾ ਨੂੰ ਨਿਸ਼ਾਨਾ ਬਣਾ ਕੇ ਖ਼ਤਮ ਕਰ ਦੇਣਾ ਸੰਭਵ ਨਹੀਂ ਹੈ। ਇਰਾਨੀ ਫ਼ੌਜੀ ਤਿਆਰੀ ਨੇ ਲਗਾਤਾਰ ਤਾਬੜਤੋੜ ਹਮਲਿਆਂ ਦੀ ਬਜਾਏ ਅਮਰੀਕੀ ਸੰਗੀਆਂ ਦੀ ਚੌਕਸੀ ਪ੍ਰਣਾਲੀ ਨੂੰ ਥਕਾਉਣ ਦੀ ਯੁੱਧਨੀਤੀ 'ਤੇ ਚੱਲਦਿਆਂ ਦੁਸ਼ਮਣ ਤਾਕਤਾਂ ਨੂੰ ਲੰਮੀ ਜੰਗ ਵਿਚ ਉਲਝਾ ਲਿਆ ਹੈ। ਇਰਾਨ ਵਿਚ ਜ਼ਮੀਨੀ ਲੜਾਈ ਲੜਨ ਲਈ ਟਰੰਪ ਫ਼ੌਜ ਭੇਜਣ ਤੋਂ ਵੀ ਝਿਜਕ ਰਿਹਾ ਹੈ। ਇਰਾਨ ਦੇ ਮੋੜਵੇਂ ਟਾਕਰੇ ਨਾਲ ਦੁਨੀਆ ਦਾ ਆਪੇ ਬਣਿਆ ਥਾਣੇਦਾਰ ਘੱਟੋ-ਘੱਟ ਇਸ ਸਮੇਂ ਤਾਂ ਬੁਰੀ ਤਰ੍ਹਾਂ ਕੜਿੱਕੀ ਵਿਚ ਫਸਿਆ ਹੋਇਆ ਹੈ।

ਟਰੰਪ ਨੇ ਪਹਿਲਾਂ ਅਮਰੀਕਾ ਦੇ ਪ੍ਰਮੁੱਖ ਸਹਿਯੋਗੀਆਂ ਇਟਲੀ, ਆਸਟ੍ਰੇਲੀਆ, ਜਪਾਨ ਨੂੰ ਹੌਰਮੁਜ਼ ਸੰਕਟ ਵਿਚ ਮਦਦ ਦੀ ਅਪੀਲ ਕੀਤੀ। ਉਨ੍ਹਾਂ ਨੇ ਸਾਫ਼ ਕਹਿ ਦਿੱਤਾ ਕਿ ਉਹ ਜੰਗੀ ਜਹਾਜ਼ ਨਹੀਂ ਭੇਜਣਗੇ। ਇਟਲੀ ਨੇ ਤਾਂ ਪਹਿਲਾਂ ਹੀ 'ਇਜ਼ਰਾਇਲ-ਇਰਾਨ ਯੁੱਧ' ਤੋਂ ਦੂਰ ਰਹਿਣ ਦਾ ਆਪਣਾ ਇਰਾਦਾ ਜ਼ਾਹਰ ਕਰ ਦਿੱਤਾ ਸੀ। ਫਿਰ ਟਰੰਪ ਨੇ ਨਾਟੋ ਮੈਂਬਰਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਟਰੰਪ ਨੇ ਤਾਂ ਇੱਥੋਂ ਤੱਕ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਕਿ ਨਾਟੋ ਦੀ ਇਕਤਰਫ਼ਾ ਵਿਵਸਥਾ ('ਵੰਨ-ਵੇ ਸਟਰੀਟ') ਨਹੀਂ ਚੱਲੇਗੀ, ਜੇਕਰ ਨਾਟੋ ਗੱਠਜੋੜ ਮਦਦ ਨਹੀਂ ਕਰਦਾ ਤਾਂ ਨਾਟੋ ਦਾ ਭਵਿੱਖ 'ਬਹੁਤ ਭੈੜਾ' ਹੋ ਸਕਦਾ ਹੈ। ਟਰੰਪ ਨੇ ਯੂਰਪੀ ਮੁਲਕਾਂ ਉੱਪਰ ਸਿੱਧਾ ਦੋਸ਼ ਲਾਇਆ ਕਿ ਉਹ ਖਾੜੀ ਦੇ ਤੇਲ ਉੱਪਰ ਨਿਰਭਰ ਹਨ ਪਰ ਸੁਰੱਖਿਆ ਲਈ 'ਲੋੜੀਂਦਾ ਯੋਗਦਾਨ' ਨਹੀਂ ਦੇ ਰਹੇ। ਇਸਦੇ ਬਾਵਜੂਦ, ਬਰਤਾਨੀਆ, ਕੈਨੇਡਾ, ਦੱਖਣੀ ਕੋਰੀਆ, ਫਰਾਂਸ, ਕਿਸੇ ਵੀ ਨਾਟੋ ਮੈਂਬਰ ਨੇ ਮਦਦ ਲਈ ਜੰਗੀ ਜਹਾਜ਼ ਭੇਜਣ ਲਈ ਟਰੰਪ ਨੂੰ ਹੁੰਗਾਰਾ ਨਹੀਂ ਭਰਿਆ। ਉਲਟਾ ਵੱਡੀਆਂ ਤਾਕਤਾਂ ਦਰਮਿਆਨ ਮੱਤਭੇਦ ਜੱਗ ਜ਼ਾਹਰ ਹੋ ਗਏ ਹਨ। ਕੁਲ-ਮਿਲਾ ਕੇ ਉਹ ਸਾਰੇ ਇਰਾਨ ਵਿਰੁੱਧ ਜੰਗ ਦਾ ਹਿੱਸਾ ਬਣਨ ਤੋਂ ਗੁਰੇਜ਼ ਕਰ ਰਹੇ ਹਨ। ਸਪੇਨ ਨੇ ਅਮਰੀਕਾ-ਇਜ਼ਰਾਇਲੀ ਹਮਲੇ ਦੀ ਸਭ ਤੋਂ ਪਹਿਲਾਂ ਨਿਖੇਧੀ ਕੀਤੀ ਸੀ ਅਤੇ ਹੁਣ ਇਜ਼ਰਾਇਲ ਦੇ ਰਾਜਦੂਤ ਨੂੰ ਵੀ ਚਲੇ ਜਾਣ ਲਈ ਕਹਿ ਦਿੱਤਾ ਹੈ। ਜਰਮਨੀ ਨੇ ਵੀ ਸਪਸ਼ਟ ਕਹਿ ਦਿੱਤਾ ਕਿ ਹੌਰਮੁਜ਼ ਦੀ ਸੁਰੱਖਿਆ ਵਿਚ ਨਾਟੋ ਦੀ ਕੋਈ ਭੂਮਿਕਾ ਨਹੀਂ ਹੈ, ਉੱਥੇ ਨਾਟੋ ਦਾ ਕੀ ਕੰਮ। ਜਰਮਨੀ ਦੇ ਬਦੇਸ਼ ਮੰਤਰੀ ਨੇ ਸਿਰਫ਼ ਇਹ ਕਹਿ ਕੇ ਪਾਸਾ ਵੱਟ ਲਿਆ ਕਿ ਹੌਰਮੁਜ਼ ਵਿਚ ਅੜਿੱਕਾ ਪਾਉਣ ਵਾਲਿਆਂ ਵਿਰੁੱਧ ਪਾਬੰਦੀਆਂ ਲਾਈਆਂ ਜਾ ਸਕਦੀਆਂ ਹਨ।

ਟਰੰਪ ਨੇ ਚੀਨ ਉੱਪਰ ਵੀ ਦਬਾਅ ਪਾਇਆ ਕਿ ਜੇਕਰ ਚੀਨ ਮਦਦ ਦਾ ਯਕੀਨ ਨਹੀਂ ਦਿਵਾਉਂਦਾ ਤਾਂ ਉਹ ਅਗਲੇ ਦਿਨਾਂ ਵਿਚ ਚੀਨੀ ਰਾਸ਼ਟਰਪਤੀ ਨਾਲ ਹੋਣ ਵਾਲੀ ਪ੍ਰਸਤਾਵਿਤ ਸਿਖ਼ਰ ਮੀਟਿੰਗ ਨੂੰ ਟਾਲ ਸਕਦਾ ਹੈ। ਚੀਨ ਦੀ ਸਰਕਾਰ ਉੱਪਰ ਟਰੰਪ ਦੀ ਧਮਕੀ ਦਾ ਕੋਈ ਅਸਰ ਨਹੀਂ ਹੋਇਆ ਅਤੇ ਉਨ੍ਹਾਂ ਨੇ ਇਸ ਸਵਾਲ ਨੂੰ ਹੀ ਟਾਲ ਦਿੱਤਾ।

ਉੱਧਰ ਇਰਾਨ ਦੇ ਬਦੇਸ਼ ਮੰਤਰੀ ਅਬਾਸ ਅਰਾਗ਼ਚੀ ਨੇ ਇਹ ਕਹਿ ਕੇ ਨਵੀਂ ਉਲਝਣ ਪੈਦਾ ਕਰ ਦਿੱਤੀ ਹੈ ਕਿ ਹੌਰਮੁਜ਼ ਸਮੁੰਦਰੀ ਮਾਰਗ ਸਿਰਫ਼ ਸਾਡੇ ਦੁਸ਼ਮਣਾਂ ਅਮਰੀਕਾ ਅਤੇ ਇਜ਼ਰਾਇਲ ਦੇ ਟੈਂਕਰਾਂ ਅਤੇ ਜਹਾਜ਼ਾਂ ਲਈ ਬੰਦ ਹੈ, ਬਾਕੀ ਸਾਰਿਆਂ ਨੂੰ ਲੰਘਣ ਦੀ ਆਜ਼ਾਦੀ ਹੈ। ਬਦੇਸ਼ ਮੰਤਰੀ ਦਾ ਕਹਿਣਾ ਹੈ ਕਿ ਸੁਰੱਖਿਆ ਚਿੰਤਾਵਾਂ ਕਾਰਨ ਕਈ ਜਹਾਜ਼ ਖ਼ੁਦ ਹੀ ਉੱਥੋਂ ਨਹੀਂ ਲੰਘਣਾ ਚਾਹੁੰਦੇ। ਦਰਅਸਲ, ਭਾਰਤ ਸਮੇਤ ਕਈ ਮੁਲਕਾਂ ਦੇ ਸਮੁੰਦਰੀ ਜਹਾਜ਼ ਉੱਥੇ ਫਸੇ ਹੋਏ ਹਨ ਅਤੇ ਕੱਚੇ ਤੇਲ ਦਾ ਸੰਕਟ ਮੰਡਰਾ ਰਿਹਾ ਹੈ। ਇਰਾਨ ਨੇ ਇਹ ਵੀ ਕਿਹਾ ਕਿ ਤੇਲ ਦੇ ਉਨ੍ਹਾਂ ਟੈਂਕਰਾਂ ਨੂੰ ਲੰਘਣ ਦੀ ਇਜਾਜ਼ਤ ਦਿੱਤੀ ਜਾਵੇਗੀ ਜੇਕਰ ਉਹ ਤੇਲ ਦੇ ਵਪਾਰ ਦਾ ਭੁਗਤਾਨ ਚੀਨੀ ਕਰੰਸੀ ਯੁਆਨ ਵਿਚ ਕਰਦੇ ਹਨ। ਹੁਣ ਦੇਖਣਾ ਇਹ ਹੈ ਕਿ ਅਮਰੀਕਾ ਦੀਆਂ ਜੋਟੀਦਾਰ ਹਕੂਮਤਾਂ ਇਸਦਾ ਸਾਹਮਣਾ ਕਿਵੇਂ ਕਰਦੀਆਂ ਹਨ।

ਤੇਲ ਦੀ ਸਪਲਾਈ ਵਿਚ ਵਿਘਨ ਪੈਣ ਨਾਲ ਤੇਲ ਦੇ ਭਾਅ 100 ਡਾਲਰ ਪ੍ਰਤੀ ਬੈਰਲ ਤੋਂ ਵੀ ਵਧ ਗਏ ਹਨ। ਤੇਲ ਦੇ ਜੋ ਭਾਅ ਫਰਵਰੀ ਵਿਚ 60-65 ਡਾਲਰ ਪ੍ਰਤੀ ਬੈਰਲ ਸਨ, ਉਹ 100 ਡਾਲਰ ਨੂੰ ਪਾਰ ਕਰ ਗਏ। ਜਦੋਂ ਟਰੰਪ ਨੇ ਇਹ ਯਕੀਨ ਦਿਵਾਇਆ ਕਿ ਇਰਾਨ ਜੰਗ ਛੇਤੀ ਹੀ ਮੁੱਕ ਜਾਵੇਗੀ ਤਾਂ ਵਕਤੀ ਤੌਰ 'ਤੇ ਭਾਅ 90 ਡਾਲਰ 'ਤੇ ਜ਼ਰੂਰ ਆਏ ਪਰ ਭਾਅ ਵਧਣੇ ਜਾਰੀ ਹਨ। ਕੁਝ ਮਾਹਰਾਂ ਦਾ ਅੰਦਾਜ਼ਾ ਹੈ ਕਿ ਜੇਕਰ ਸੰਕਟ ਹੱਲ ਨਹੀਂ ਹੁੰਦਾ ਤਾਂ ਭਾਅ 200 ਡਾਲਰ ਪ੍ਰਤੀ ਬੈਰਲ ਤੱਕ ਵੀ ਪਹੁੰਚ ਸਕਦੇ ਹਨ।

16 ਮਾਰਚ ਨੂੰ ਕੱਚੇ ਤੇਲ ਦੀ ਅੰਤਰਰਾਸ਼ਟਰੀ ਮੰਡੀ ਵਿਚ ਭਾਰੀ ਤਣਾਅ ਸਪਸ਼ਟ ਸੀ। ਬ੍ਰੈਂਟ ਕੱਚੇ ਤੇਲ ਦੇ ਫਿਊਚਰਜ਼ 102-106 ਡਾਲਰ ਪ੍ਰਤੀ ਬੈਰਲ ਦੇ ਦਰਮਿਆਨ ਹੇਠਾਂ-ਉੱਪਰ ਹੁੰਦੇ ਰਹੇ, ਜਦਕਿ ਤਾਜ਼ਾ ਭਾਅ ਲਗਭਗ 103 ਡਾਲਰ ਪ੍ਰਤੀ ਬੈਰਲ ਦਰਜ ਕੀਤਾ ਗਿਆ (ਮਾਮੂਲੀ ਗਿਰਾਵਟ ਦੇ ਬਾਵਜੂਦ ਇਹ ਅਜੇ ਵੀ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਹੈ)। ਡਬਲਯੂਟੀਆਈ ਕੱਚੇ ਤੇਲ ਦੇ ਫਿਊਚਰਜ਼ 97-100 ਡਾਲਰ ਪ੍ਰਤੀ ਬੈਰਲ ਦੇ ਦਰਮਿਆਨ ਹੇਠਾਂ-ਉੱਪਰ ਹੁੰਦੇ ਰਹੇ ਪਰ 97 ਡਾਲਰ ਪ੍ਰਤੀ ਬੈਰਲ ਤੋਂ ਨਹੀਂ ਘਟੇ। ਇਹ ਜੁਲਾਈ 2022 ਤੋਂ ਬਾਅਦ ਦਾ ਸਭ ਤੋਂ ਉੱਚਾ ਪੱਧਰ ਮੰਨਿਆ ਜਾ ਰਿਹਾ ਹੈ, ਜੋ ਮੁੱਖ ਤੌਰ 'ਤੇ ਮੱਧ ਪੂਰਬ ਵਿਚ ਵਧ ਰਹੇ ਭੂ-ਰਾਜਨੀਤਕ ਟਕਰਾਅ ਕਾਰਨ ਹੈ। ਹੌਰਮੁਜ਼ ਸਮੁੰਦਰੀ ਮਾਰਗ ਦੇ ਆਲੇ- ਦੁਆਲੇ ਹੋ ਰਹੀਆਂ ਫ਼ੌਜੀ ਕਾਰਵਾਈਆਂ ਕਾਰਨ ਜਹਾਜ਼ੀ ਆਵਾਜਾਈ ਵਿਚ ਤੇਜ਼ੀ ਨਾਲ ਘਾਟ ਆਈ ਹੈ ਅਤੇ ਕੁਝ ਬੰਦਰਗਾਹਾਂ 'ਤੇ ਤੇਲ ਦੀ ਸਪਲਾਈ ਅਸਥਾਈ ਤੌਰ 'ਤੇ ਰੋਕ ਦਿੱਤੀ ਗਈ ਹੈ।

ਇਸ ਦੌਰਾਨ ਅੰਤਰਰਾਸ਼ਟਰੀ ਊਰਜਾ ਏਜੰਸੀ (ਆਈਈਏ) ਦਾ ਓਹੜ-ਪੋਹੜ ਤੇਲ ਦੀ ਸਪਲਾਈ ਦੇ ਸੰਕਟ ਦੇ ਸਪਸ਼ਟ ਸੰਕੇਤ ਦੇ ਰਿਹਾ ਹੈ। ਏਜੰਸੀ ਨੇ ਸਪਲਾਈ ਦੇ ਦਬਾਅ ਨੂੰ ਘਟਾਉਣ ਲਈ ਮੈਂਬਰ ਮੁਲਕਾਂ ਨਾਲ ਤਾਲਮੇਲ ਕਰਕੇ ਰਿਕਾਰਡ 40 ਕਰੋੜ ਬੈਰਲ ਐਮਰਜੈਂਸੀ ਭੰਡਾਰ ਜਾਰੀ ਕਰਨ ਦਾ ਫ਼ੈਸਲਾ ਕੀਤਾ ਹੈ। ਫਿਰ ਵੀ, ਅਸਲੀ ਸਪਲਾਈ ਦੀ ਘਾਟ ਦੇ ਸੰਭਾਵਿਤ ਖਤਰੇ ਨੂੰ ਲੈ ਕੇ ਮੰਡੀ ਦੀ ਫ਼ਿਕਰਮੰਦੀ ਉਸੇ ਤਰ੍ਹਾਂ ਬਣੀ ਹੋਈ ਹੈ, ਇਸਦਾ ਪ੍ਰਗਟਾਵਾ ਟਰੰਪ ਦੀ ਬੁਖਲਾਹਟ ਅਤੇ ਆਪਣੀਆਂ ਜੋਟੀਦਾਰ ਹਕੂਮਤਾਂ ਨੂੰ ਹੌਰਮੁਜ਼ ਦੀ ਸੁਰੱਖਿਆ ਵਿਚ ਹਿੱਸਾ ਪਾਉਣ ਲਈ ਪਾਏ ਜਾ ਰਹੇ ਦਬਾਅ ਦੇ ਰੂਪ 'ਚ ਪ੍ਰਤੱਖ ਨਜ਼ਰ ਆ ਰਿਹਾ ਹੈ।

ਯੁੱਧ ਲੰਮਾ ਖਿੱਚੇ ਜਾਣ ਨਾਲ ਟਰੰਪ ਨੂੰ ਅਮਰੀਕਾ ਦੇ ਅੰਦਰ ਵੀ ਮਹਿੰਗਾਈ ਕਾਰਨ ਰਾਜਨੀਤਕ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਿਨਾਬ ਵਿਚ ਗਰਲਜ਼ ਸਕੂਲ ਉੱਪਰ ਹਮਲਾ ਕਰਕੇ 170 ਦੇ ਕਰੀਬ ਬੱਚੀਆਂ ਅਤੇ ਅਧਿਆਪਕਾਂ ਨੂੰ ਕਤਲ ਕਰਨ ਦੀ ਘਿਣਾਉਣੀ ਕਾਰਵਾਈ ਨੇ ਇਰਾਨ ਦੀ ਹਕੂਮਤ ਤੋਂ ਅਸੰਤੁਸ਼ਟ ਘਰੇਲੂ ਵਿਰੋਧੀਆਂ ਨੂੰ ਵੀ ਅਮਰੀਕਾ-ਇਜ਼ਰਾਇਲ ਦੇ ਖ਼ਿਲਾਫ਼ ਖੜ੍ਹੇ ਕਰ ਦਿੱਤਾ ਅਤੇ ਟਰੰਪ-ਨੇਤਨਯਾਹੂ ਦਹਿਸ਼ਤਗਰਦ ਗੈਂਗ ਦਾ ਇਸ ਘਿਣਾਉਣੇ ਕਤਲੇਆਮ ਨੂੰ ਇਰਾਨ ਦੀ ਮਿਜ਼ਾਇਲ ਤਕਨੀਕ ਦੀ ਨਾਕਾਮੀ ਬਣਾ ਕੇ ਪੇਸ਼ ਕਰਨ ਦਾ ਝੂਠ ਵੀ ਕਿਸੇ ਕੰਮ ਨਹੀਂ ਆ ਰਿਹਾ। ਇਸ ਤੋਂ ਬਿਨਾਂ, ਅਮਰੀਕੀ ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲੇ 'ਚ ਉਸਦੇ ਇਕਪਾਸੜ ਟੈਰਿਫ ਲਾਉਣ ਦੇ ਅਧਿਕਾਰ ਨੂੰ ਸੀਮਤ ਕੀਤੇ ਜਾਣ ਨਾਲ ਚੀਨ ਨਾਲ ਵਪਾਰ ਗੱਲਬਾਤ ਵਿਚ ਵੀ ਉਸਦੀ ਹਾਲਤ ਪਤਲੀ ਹੋਈ ਹੈ। ਵੈਨਜ਼ੁਏਲਾ ਅਤੇ ਇਰਾਨ ਵਿਰੁੱਧ ਹਮਲਿਆਂ ਦੀ ਅਮਰੀਕੀ ਸੰਵਿਧਾਨ ਅਨੁਸਾਰ ਆਪਣੀ ਕਾਂਗਰਸ (ਸੰਸਦ) ਤੋਂ ਮਨਜ਼ੂਰੀ ਨਾ ਲੈਣ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਲੋਕਤੰਤਰ ਦੀ ਰਾਖੀ ਦੇ ਦਮਗੱਜੇ ਮਾਰਨ ਵਾਲੀ ਟਰੰਪ ਜੁੰਡਲੀ ਤਾਂ ਆਪਣੇ ਮੁਲਕ 'ਚ ਸੰਵਿਧਾਨ ਨੂੰ ਲਾਗੂ ਨਹੀਂ ਕਰ ਰਹੀ। ਦੂਜੇ ਮੁਲਕਾਂ ਪ੍ਰਤੀ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਦੀ ਤਾਂ ਗੱਲ ਛੱਡੋ, ਟਰੰਪ ਜੁੰਡਲੀ ਤਾਂ ਆਪਣੇ ਸੰਵਿਧਾਨ ਦੀ ਰਸਮੀ ਪਾਲਣਾ ਤੋਂ ਵੀ ਇਨਕਾਰੀ ਹੈ।

ਅਮਰੀਕਾ ਦਾ ਅਗਾਊਂ ਚੇਤਾਵਨੀ ਥਾਡ ਰਾਡਾਰ ਸਿਸਟਮ ਅਤੇ ਮਿਜ਼ਾਇਲ ਬੈਟਰੀ ਸਿਸਟਮ, ਇਜ਼ਰਾਇਲ ਦਾ ਆਇਰਨ ਡੋਮ, ਡੇਵਿਡ ਸਲਿੰਗ ਅਤੇ ਅਮਰੀਕੀ ਐਂਟੀ ਮਿਜ਼ਾਇਲ ਸਿਸਟਮ ਇਰਾਨ ਦੇ ਹਮਲਿਆਂ ਅੱਗੇ ਖ਼ਾਸ ਅਸਰਦਾਰ ਸਾਬਤ ਨਹੀਂ ਹੋ ਰਹੇ।

ਥਾਡ ਸਿਸਟਮ ਬੇਹੱਦ ਖ਼ਰਚੀਲਾ ਹੀ ਨਹੀਂ, ਇਸਦੇ ਨਿਰਮਾਣ 'ਚ ਵੀ ਅੱਠ ਸਾਲ ਲੱਗਦੇ ਹਨ। ਅਮਰੀਕਾ ਨੂੰ ਹੁਣ ਦੱਖਣੀ ਕੋਰੀਆ 'ਚੋਂ ਥਾਡ ਸਿਸਟਮ ਪੱਛਮੀ ਏਸ਼ੀਆ ਵਿਚ ਲਿਆਉਣਾ ਪਿਆ ਹੈ। ਯੁੱਧ ਲਮਕਣ ਨਾਲ ਇਜ਼ਰਾਇਲ ਲਈ ਮਿਜ਼ਾਇਲ ਇੰਟਰਸੈਪਟਰ ਘਟਣ ਦੀ ਸਮੱਸਿਆ ਵੀ ਬਣ ਰਹੀ ਹੈ ਅਤੇ ਤੇਲ ਅਵੀਵ ਸਮੇਤ ਕੇਂਦਰੀ ਇਜ਼ਰਾਇਲ ਦੀ ਇਰਾਨੀ ਹਮਲਿਆਂ ਤੋਂ ਅਸੁਰੱਖਿਆ ਵਧ ਰਹੀ ਹੈ। ਬੰਕਰਾਂ ਵਿਚ ਲੁਕੇ ਰਹਿਣ ਅਤੇ ਇਰਾਨੀ ਹਮਲਿਆਂ ਦੇ ਡਰ ਕਾਰਨ ਇਜ਼ਰਾਇਲ ਦੇ ਲੋਕਾਂ ਵੱਲੋਂ ਵੀ ਜੰਗ ਵਿਰੁੱਧ ਰੋਸ-ਵਿਖਾਵਿਆਂ ਦਾ ਸਿਲਸਿਲਾ ਵਧ ਰਿਹਾ ਹੈ। ਇਜ਼ਰਾਇਲੀ ਪੁਲਿਸ 'ਜਨਤਕ ਸੁਰੱਖਿਆ' ਦੇ ਬਹਾਨੇ ਪ੍ਰਦਰਸ਼ਨਾਂ ਨੂੰ ਰੋਕਣ ਲਈ ਜਬਰ ਅਤੇ ਗ੍ਰਿਫ਼ਤਾਰੀਆਂ ਦਾ ਸਹਾਰਾ ਲੈ ਰਹੀ ਹੈ। ਕਾਰਪੋਰੇਟ ਕੰਟਰੋਲ ਵਾਲਾ ਮੀਡੀਆ ਇਹ ਰਿਪੋਰਟਾਂ ਨਹੀਂ ਦੇ ਰਿਹਾ। 'ਨੋ ਵਾਰ' ਪ੍ਰਦਰਸ਼ਨ ਵਧ ਰਹੇ ਹਨ।

ਦੁਨੀਆ ਦੇ ਲੋਕਾਂ ਨੂੰ ਹੋਰ ਵੀ ਜ਼ੋਰਦਾਰ ਰੂਪ 'ਚ ਸੜਕਾਂ ਉੱਪਰ ਆ ਕੇ ਇਰਾਨ ਵਿਰੁੱਧ ਜੰਗ ਬੰਦ ਕਰਨ ਲਈ ਦਬਾਅ ਵਧਾਉਣਾ ਚਾਹੀਦਾ ਹੈ।

# ਵਿਸ਼ਵ ਰਾਜਨੀਤੀ ਦਾ ਬਦਲਦਾ ਸਰੂਪ: ਹਥਿਆਰਾਂ ਦੀ ਦੌੜ ਤੋਂ ਡੇਟਾ ਦੀ ਸਰਦਾਰੀ ਤੱਕ

ਗੁਰਪ੍ਰੀਤ ਸਿੰਘ ਬਿਲਿੰਗ ਫੋਨ 75086-98066



ਇਤਿਹਾਸ ਦੇ ਲੰਮੇ ਸਫ਼ਰ ਵਿਚ ਮਨੁੱਖਤਾ ਨੇ ਬੇਅੰਤ ਸਾਮਰਾਜਾਂ ਦਾ ਉਦੈ ਅਤੇ ਪਤਨ ਦੇਖਿਆ ਹੈ, ਪਰ ਇੱਕ ਸੱਚ ਹਰ ਯੁੱਗ ਵਿਚ ਇੱਕੋ ਜਿਹਾ ਰਿਹਾ ਹੈ। ਜਦੋਂ ਵੀ ਦੁਨੀਆ ਨੇ ਤਾਕਤ ਦੀ ਭੁੱਖ ਨੂੰ ਅਕਲ 'ਤੇ ਹਾਵੀ ਹੋਣ ਦਿੱਤਾ, ਤਾਂ ਉਸ ਦਾ ਨਤੀਜਾ ਹਮੇਸ਼ਾ ਭਿਆਨਕ ਤਬਾਹੀ ਹੀ ਨਿਕਲਿਆ। ਕਈ ਵਾਰ ਇਤਿਹਾਸ ਇੱਕ ਅਜਿਹੇ ਮੋੜ 'ਤੇ ਆ ਖੜ੍ਹਦਾ ਹੈ, ਜਿੱਥੇ ਲੱਗਦਾ ਹੈ ਕਿ ਮਨੁੱਖਤਾ ਆਪਣੀ ਸਿਆਣਪ ਅਤੇ ਆਪਣੀ ਬਰਬਾਦੀ ਦੋਹਾਂ ਦੇ ਦਰਮਿਆਨ ਇੱਕ ਬਹੁਤ ਹੀ ਬਾਰੀਕ ਲਕੀਰ 'ਤੇ ਆ ਖੜ੍ਹੀ ਹੈ। ਅੱਜ ਦਾ ਦੌਰ ਵੀ ਕੁਝ ਅਜਿਹੀ ਹੀ ਸਥਿਤੀ ਬਿਆਨ ਕਰ ਰਿਹਾ ਹੈ, ਜਿੱਥੇ ਇੱਕ ਪਾਸੇ ਮਨੁੱਖ ਪੁਲਾੜ ਦੀਆਂ ਅਸੀਮ ਗਹਿਰਾਈਆਂ ਵਿਚ ਆਪਣੀ ਮੌਜੂਦਗੀ ਦਰਜ ਕਰਵਾ ਰਿਹਾ ਹੈ। ਬਣਾਉਟੀ ਬੌਧਿਕਤਾ (AI) ਅਤੇ ਕੁਆਂਟਮ ਕੰਪਿਊਟਿੰਗ ਵਰਗੀਆਂ ਤਕਨੀਕਾਂ ਮਨੁੱਖੀ ਸਮਰੱਥਾ ਦੀਆਂ ਪੁਰਾਣੀਆਂ ਹੱਦਾਂ ਨੂੰ ਤੋੜ ਰਹੀਆਂ ਹਨ, ਪਰ ਦੂਜੇ ਪਾਸੇ ਵਿਸ਼ਵ ਰਾਜਨੀਤੀ ਵਿਚ ਅਨਿਸ਼ਚਿਤਤਾ, ਅਵਿਸ਼ਵਾਸ, ਡਰ ਅਤੇ ਟਕਰਾਅ ਦੀਆਂ ਲਕੀਰਾਂ ਦਿਨ-ਬ-ਦਿਨ ਹੋਰ ਗੂੜ੍ਹੀਆਂ ਹੁੰਦੀਆਂ ਜਾ ਰਹੀਆਂ ਹਨ। ਇਹ ਮਨੁੱਖੀ ਸਭਿਆਚਾਰ ਦੀ ਸਭ ਤੋਂ ਵੱਡੀ ਵਿਡੰਬਨਾ ਹੈ ਕਿ ਜਿੰਨੀ ਮਨੁੱਖ ਨੇ ਵਿਗਿਆਨ ਵਿਚ ਤਰੱਕੀ ਕੀਤੀ ਹੈ, ਉਨਾਂ ਹੀ ਉਹ ਅਸੁਰੱਖਿਆ ਅਤੇ ਸੱਤਾ ਦੀ ਖ਼ੂਨੀ ਰਾਜਨੀਤੀ ਦੇ ਜਾਲ ਵਿਚ ਫਸਿਆ ਹੋਇਆ ਦਿਖਾਈ ਦਿੰਦਾ ਹੈ। ਆਧੁਨਿਕ ਯੁੱਗ ਦੀ ਤਕਨੀਕੀ ਚਮਕ-ਧਮਕ ਦੇ ਪਿੱਛੇ ਅਸੁਰੱਖਿਆ ਅਤੇ ਭੂਰਾਜਨੀਤਿਕ ਤਣਾਅ ਦੀ ਇੱਕ ਅਜਿਹੀ ਸੰਘਣੀ ਛਾਂ ਮੌਜੂਦ ਹੈ, ਜੋ ਕਿਸੇ ਵੀ ਵੇਲੇ ਪੂਰੀ ਦੁਨੀਆ ਨੂੰ ਆਪਣੇ ਕਾਲੇ ਘੇਰੇ ਵਿਚ ਲੈ ਸਕਦੀ ਹੈ। ਦੁਨੀਆ ਦੇ ਵਰਤਮਾਨ ਨਕਸ਼ੇ ਵੱਲ ਨਜ਼ਰ ਮਾਰੀਏ ਤਾਂ ਅਜਿਹਾ ਪ੍ਰਤੀਤ ਹੁੰਦਾ ਹੈ ਜਿਵੇਂ ਮਨੁੱਖਤਾ ਇੱਕ ਅਜਿਹੇ ਬਾਰੂਦ ਦੇ ਢੇਰ 'ਤੇ ਬੈਠੀ ਹੋਵੇ, ਜਿਸ ਨੂੰ ਕਿਸੇ ਵੀ ਪਾਸਿਓਂ ਲੱਗੀ ਇੱਕ ਛੋਟੀ ਜਿਹੀ ਚਿੰਗਾੜੀ ਭੜਕਾ ਕੇ ਮਹਾਂ-ਵਿਨਾਸ਼ ਦਾ ਰੂਪ ਦੇ ਸਕਦੀ ਹੈ। ਯੂਰਪ ਦੇ ਦਿਲ ਵਿਚ ਚੱਲ ਰਹੀ ਰੂਸ-ਯੂਕਰੇਨ ਜੰਗ ਹੋਵੇ ਜਾਂ ਪੱਛਮੀ ਏਸ਼ੀਆ (ਮੱਧ-ਪੂਰਬ) ਵਿਚ ਇਜ਼ਰਾਈਲ-ਫਲਸਤੀਨ ਵਿਚਕਾਰ ਦਹਾਕਿਆਂ ਤੋਂ ਚੱਲ ਰਿਹਾ ਲਹੂ-ਵੀਟਵਾਂ ਸੰਘਰਸ਼। ਇਹ ਸਭ ਸਿਰਫ਼ ਖੇਤਰੀ ਲੜਾਈਆਂ ਨਹੀਂ ਹਨ, ਸਗੋਂ ਇਹ ਵਿਸ਼ਵ ਰਾਜਨੀਤੀ ਦੇ ਉਸ ਬਦਲਦੇ ਸਰੂਪ ਦਾ ਸੰਕੇਤ ਹਨ, ਜਿੱਥੇ ਪੁਰਾਣੀਆਂ ਸੰਧੀਆਂ ਅਤੇ ਅੰਤਰਰਾਸ਼ਟਰੀ ਕਾਨੂੰਨ ਹੁਣ ਬੇਅਸਰ ਸਾਬਤ ਹੋ ਰਹੇ ਹਨ। ਇਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਕਾਰ ਵਧਦਾ ਤਣਾਅ ਇਹ ਸਪਸ਼ਟ ਕਰ ਰਿਹਾ ਹੈ ਕਿ ਅਸੀਂ ਇੱਕ ਅਜਿਹੇ ਸੰਕ੍ਰਾਂਤੀਕਾਲ (Transition Period) ਵਿਚ ਦਾਖਲ ਹੋ ਚੁੱਕੇ ਹਾਂ, ਜਿੱਥੇ ਆਉਣ ਵਾਲੇ ਸਾਲਾਂ ਵਿਚ ਵਿਸ਼ਵ ਵਿਵਸਥਾ ਦਾ ਰੂਪ ਪੂਰੀ ਤਰ੍ਹਾਂ ਬਦਲ ਸਕਦਾ ਹੈ। ਠੰਢੀ ਜੰਗ ਦੇ ਖ਼ਤਮ ਹੋਣ ਤੋਂ ਬਾਅਦ ਜਦੋਂ ਅਮਰੀਕਾ ਇੱਕੋ-ਇੱਕ ਮਹਾਸ਼ਕਤੀ ਵਜੋਂ ਉਭਰਿਆ ਸੀ, ਤਾਂ ਮੰਨਿਆ ਗਿਆ ਸੀ ਕਿ ਦੁਨੀਆ ਹੁਣ ਸਥਿਰਤਾ ਵੱਲ ਵਧੇਗੀ, ਪਰ ਚੀਨ ਦੇ ਤੇਜ਼ੀ ਨਾਲ ਹੋ ਰਹੇ ਆਰਥਿਕ ਉਦੈ ਅਤੇ ਰੂਸ ਦੀ ਹਮਲਾਵਰ ਸੈਨਿਕ ਰਣਨੀਤੀ ਨੇ ਉਸ 'ਇਕ-ਧੁਰੀ ਸੰਸਾਰ' (Unipolar World) ਦੇ ਸੁਪਨੇ ਨੂੰ ਚਕਨਾਚੂਰ ਕਰ ਦਿੱਤਾ ਹੈ। ਅੱਜ ਅਸੀਂ ਇੱਕ 'ਬਹੁ-ਧੁਰੀ ਸੰਸਾਰ' (Multipolar World) ਵੱਲ ਵਧ ਰਹੇ ਹਾਂ, ਜਿੱਥੇ ਸ਼ਕਤੀ ਦੇ ਕਈ ਕੇਂਦਰ ਹਨ ਅਤੇ ਹਰ ਕੇਂਦਰ ਆਪਣੀ ਸਰਦਾਰੀ ਸਥਾਪਤ ਕਰਨ ਲਈ ਦੂਜੇ ਨਾਲ ਟਕਰਾ ਰਿਹਾ ਹੈ।

ਇਤਿਹਾਸ ਦੀਆਂ ਪੈੜਾਂ ਨੂੰ ਫਰੋਲੀਏ ਤਾਂ ਪਤਾ ਲੱਗਦਾ ਹੈ ਕਿ ਵੱਡੀਆਂ ਜੰਗਾਂ ਕਦੇ ਵੀ ਅਚਾਨਕ ਨਹੀਂ ਹੁੰਦੀਆਂ। ਉਹ ਹਮੇਸ਼ਾ ਲੰਬੇ ਸਮੇਂ ਤੋਂ ਇਕੱਠੇ ਹੋ ਰਹੇ ਅਵਿਸ਼ਵਾਸ, ਡਰ, ਨਫ਼ਰਤ, ਸ਼ੱਕ, ਅਸੁਰੱਖਿਆ, ਅਸਹਿਣਸ਼ੀਲਤਾ, ਅਸਹਿਜ, ਅਸਹਿਯੋਗ, ਆਰਥਿਕ ਮੁਕਾਬਲੇਬਾਜ਼ੀ ਅਤੇ ਹਉਮੈ ਆਦਿ ਦਾ ਨਤੀਜਾ ਹੁੰਦੀਆਂ ਹਨ। 1914 ਵਿਚ ਜਦੋਂ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਈ ਸੀ, ਤਾਂ ਉਸ ਤੋਂ ਪਹਿਲਾਂ ਕਈ ਸਾਲਾਂ ਤੱਕ ਯੂਰਪੀ ਦੇਸ਼ ਹਥਿਆਰਾਂ ਦੇ ਭੰਡਾਰ ਭਰ ਰਹੇ ਸਨ। ਠੀਕ ਉਸੇ ਤਰ੍ਹਾਂ, ਅੱਜ ਦੀ ਦੁਨੀਆ ਵਿਚ ਵੀ ਜਦੋਂ ਅਸੀਂ ਵੱਡੀਆਂ ਤਾਕਤਾਂ ਦੇ ਰੱਖਿਆ ਬਜਟਾਂ ਵਿਚ ਰਿਕਾਰਡ ਤੋੜ ਵਾਧਾ ਵੇਖਦੇ ਹਾਂ, ਤਾਂ ਸਾਨੂੰ ਇਤਿਹਾਸ ਦੀਆਂ ਉਹ ਚੇਤਾਵਨੀਆਂ ਯਾਦ ਆਉਣੀਆਂ ਸੁਭਾਵਿਕ ਹਨ। ਪਰ ਅੱਜ ਦੀ ਭੂਰਾਜਨੀਤੀ ਪੁਰਾਣੇ ਸਮਿਆਂ ਨਾਲੋਂ ਬਹੁਤ ਜ਼ਿਆਦਾ ਗੁੰਝਲਦਾਰ ਹੋ ਚੁੱਕੀ ਹੈ। ਹੁਣ ਸੰਘਰਸ਼ ਸਿਰਫ਼ ਰਵਾਇਤੀ ਸੈਨਿਕ ਮੈਦਾਨਾਂ ਜਾਂ ਸਰਹੱਦਾਂ ਤੱਕ ਸੀਮਿਤ ਨਹੀਂ ਰਿਹਾ। ਅੱਜ ਦੇ ਦੌਰ ਵਿਚ 'ਹਾਈਬ੍ਰਿਡ ਵਾਰਫੇਅਰ' (Hybrid Warfare) ਦਾ ਬੋਲਬਾਲਾ ਹੈ, ਜਿੱਥੇ ਆਰਥਿਕਤਾ ਨੂੰ ਹਥਿਆਰ ਬਣਾਇਆ ਜਾਂਦਾ ਹੈ। ਸੂਚਨਾਵਾਂ ਦੇ ਹਮਲੇ ਮਤਲਬ ਜਾਅਲੀ ਜਾਂ ਪ੍ਰੋਪੇਗੰਡਾ ਖਬਰਾਂ, ਫਿਲਮਾਂ, ਪੋਡਕਾਸਟ, ਰੀਲਾਂ ਰਾਹੀਂ ਜਨਤਾ ਦੇ ਮਨਾਂ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ। ਪੁਰਾਣੇ ਦੌਰ ਵਿਚ ਇਹੀ ਸੂਚਨਾਵਾਂ ਦੇ ਹਮਲੇ ਰੇਡੀਓ ਦੇ ਸ਼ਾਰਟਵੇਵ ਬੈਂਡ 'ਤੇ ਰੇਡੀਓ ਚੈਨਲਾਂ ਰਾਹੀਂ ਵਿਰੋਧੀ ਦੇਸ਼ਾਂ ਦੀਆਂ ਭਾਸ਼ਾਵਾਂ ਵਿਚ ਪ੍ਰੋਗਰਾਮ ਪੇਸ਼ ਕਰਕੇ ਕੀਤੇ ਜਾਂਦੇ ਸਨ। ਅੱਜ ਵੀ ਚੀਨ ਦਾ ਸਰਕਾਰੀ ਚਾਇਨਾ ਰੇਡੀਓ ਇੰਟਰਨੈਸ਼ਨਲ ਭਾਰਤ ਵਾਸਤੇ ਹਿੰਦੀ ਭਾਸ਼ਾ ਚ ਪ੍ਰਾਪੇਗੰਡਾ ਪ੍ਰੋਗਰਾਮ ਲਗਾਤਾਰ ਦਿਨ ਰਾਤ ਚਲਾ ਰਿਹਾ ਹੈ, ਉਹ ਵੀ ਆਧੁਨਿਕ ਪ੍ਰਸਾਰਣ ਟਾਵਰਾਂ ਰਾਹੀ ਪੂਰੀ ਸਾਫ ਆਵਾਜ਼ ਵਿਚ। ਉਹ ਜਾਣਦਾ ਹੈ ਕਿ ਭਾਰਤ ਦੇ ਵਿਚਕਾਰਲੇ ਪ੍ਰਦੇਸ਼ਾਂ ਚ ਅਜੇ ਵੀ ਜੰਗਲ, ਦਿਹਾਤ ਦੇ ਰਹਿਣ ਵਾਲੇ ਲੋਕ ਰੇਡੀਓ ਬਹੁਤ ਸੁਣਦੇ ਹਨ ਅਤੇ ਉਨਾਂ ਇਲਾਕਿਆਂ ਚ ਹਥਿਆਰਬੰਦ ਮਾਓਵਾਦ, ਨਕਸਲਵਾਦ ਚਲ ਰਿਹਾ ਹੈ। ਉਸ ਦੀ ਇਸ ਅੱਗ ਨੂੰ ਹੋਰ ਭੜਕਾਉਣ ਦੀ ਨੀਤੀ ਹੈ। ਬਾਕੀ ਇਹ ਰੇਡੀਓ ਸ਼ਾਰਟਵੇਵ ਚੈਨਲ ਪ੍ਰਸਾਰਣ ਤਕਨੀਕ ਹੁਣ ਬਦਲ ਕੇ ਡਿਜੀਟਲ ਮੀਡੀਆ ਅਤੇ ਸਾਈਬਰ ਹਮਲਿਆਂ ਦਾ ਰੂਪ ਲੈ ਚੁੱਕੀ ਹੈ, ਜਿੱਥੇ ਕਿਸੇ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਬਿਨਾਂ ਗੋਲੀ ਚਲਾਏ ਤਬਾਹ ਕੀਤਾ ਜਾ ਸਕਦਾ ਹੈ। 'ਅਜੋਕੇ ਦੌਰ ਵਿਚ ਭੂ-ਰਾਜਨੀਤਿਕ ਜੰਗ ਸਿਰਫ਼ ਭੂਗੋਲਿਕ ਸਰਹੱਦਾਂ ਤੱਕ ਮਹਿਦੂਦ ਨਹੀਂ ਰਹੀ, ਸਗੋਂ ਇਹ 'ਡਿਜੀਟਲ ਉਪਨਿਵੇਸ਼ਵਾਦ' (Digital Colonialism) ਦੇ ਇੱਕ ਗੁੰਝਲਦਾਰ ਪੜਾਅ ਵਿਚ ਦਾਖਲ ਹੋ ਚੁੱਕੀ ਹੈ। ਅੱਜ ਜਿਸ ਦੇਸ਼ ਕੋਲ ਡੇਟਾ ਅਤੇ ਤਕਨੀਕੀ ਅਲਗੋਰਿਦਮ 'ਤੇ ਕੰਟਰੋਲ ਹੈ, ਉਹੀ ਦੁਨੀਆ ਦੀ ਮਾਨਸਿਕਤਾ ਅਤੇ ਆਰਥਿਕਤਾ ਨੂੰ ਨਿਰਧਾਰਿਤ ਕਰ ਰਿਹਾ ਹੈ। ਦੇਸ਼ ਤਾਂ ਫਿਰ ਵੀ ਵੱਡਾ ਸਮੂਹ ਹੋਇਆ, ਇਥੇ ਤਾਂ ਇਕੱਲਾ ਮਨੁੱਖ ਐਲੋਨ ਮਸਕ ਆਪਣੀ ਸ਼ੋਸ਼ਲ ਮੀਡੀਆ ਐਪ ਐਕਸ (ਟਵਿੱਟਰ) ਰਾਹੀਂ ਅਮਰੀਕਾ ਦੀ ਰਾਜਨੀਤੀ 'ਚ ਅਸਿੱਧੇ ਤੌਰ 'ਤੇ ਦਖ਼ਲਅੰਦਾਜ਼ੀ ਕਰਦਾ ਕਈ ਵਾਰ ਨੋਟ ਕੀਤਾ ਗਿਆ ਹੈ। ਵੱਡੀਆਂ ਤਕਨੀਕੀ ਕੰਪਨੀਆਂ ਅਤੇ ਤਾਕਤਵਰ ਮੁਲਕ ਆਰਟੀਫੀਸ਼ੀਅਲ ਇੰਟੇਲੀਜੈਂਸ ਰਾਹੀਂ ਦੂਜੇ ਦੇਸ਼ਾਂ ਦੀ ਰਾਜਨੀਤੀ ਅਤੇ ਸਮਾਜਿਕ ਤਾਣੇ-ਬਾਣੇ ਵਿਚ ਅਦਿੱਖ ਦਖ਼ਲਅੰਦਾਜ਼ੀ ਕਰ ਰਹੇ ਹਨ। ਡੇਟਾ ਨੂੰ 'ਨਵਾਂ ਤੇਲ' ਕਿਹਾ ਜਾ ਰਿਹਾ ਹੈ ਅਤੇ ਇਸ ਦੀ ਸਰਦਾਰੀ ਹਾਸਲ ਕਰਨ ਦੀ ਦੌੜ ਨੇ ਮਨੁੱਖੀ ਨਿੱਜਤਾ ਅਤੇ ਰਾਸ਼ਟਰੀ ਪ੍ਰਭੂਸੱਤਾ ਦੇ ਸੰਕਲਪਾਂ ਨੂੰ ਨਵੀਂ ਚੁਣੌਤੀ ਦਿੱਤੀ ਹੈ। ਆਉਣ ਵਾਲੇ ਸਮੇਂ ਵਿਚ ਫ਼ੈਸਲੇ ਦੇਸ਼ਾਂ ਦੀਆਂ ਸੰਸਦਾਂ ਵਿਚ ਨਹੀਂ, ਸਗੋਂ ਸ਼ਕਤੀਸ਼ਾਲੀ ਸਰਵਰਾਂ ਅਤੇ ਕੋਡਿੰਗ ਰਾਹੀਂ ਲਏ ਜਾਣਗੇ, ਜੋ ਮਨੁੱਖੀ ਆਜ਼ਾਦੀ ਲਈ ਪਰਮਾਣੂ ਹਥਿਆਰਾਂ ਤੋਂ ਵੀ ਵੱਡਾ ਖ਼ਤਰਾ ਸਾਬਤ ਹੋ ਸਕਦੇ ਹਨ। ਇਕ ਪਾਸੇ ਅੱਜ ਅਮਰੀਕਾ ਅਤੇ ਚੀਨ ਵਿਚਕਾਰ ਚਿੱਪ ਤਕਨਾਲੋਜੀ ਦੀ ਜੰਗ ਇਸ ਗੱਲ ਦਾ ਸਬੂਤ ਹੈ ਕਿ ਭਵਿੱਖ ਦੀ ਸਰਦਾਰੀ ਸਿਰਫ਼ ਹਥਿਆਰਾਂ ਨਾਲ ਨਹੀਂ, ਸਗੋਂ ਤਕਨੀਕੀ ਉੱਤਮਤਾ ਨਾਲ ਤੈਅ ਹੋਵੇਗੀ। ਸੈਮੀਕੰਡਕਟਰ ਚਿੱਪਾਂ ਦੀ ਸਪਲਾਈ ਚੇਨ 'ਤੇ ਕਾਬੂ ਭਵਿੱਖ ਦੀ ਭੂ-ਰਾਜਨੀਤੀ ਦਾ ਕੇਂਦਰ ਬਣ ਚੁੱਕਾ ਹੈ। ਕ੍ਰਿਤ੍ਰਿਮ ਬੁੱਧੀ ਸਿਰਫ਼ ਤਕਨੀਕ ਨਹੀਂ ਰਹੀ, ਇਹ ਰਾਜਨੀਤਿਕ ਹਥਿਆਰ ਬਣਦੀ ਜਾ ਰਹੀ ਹੈ। ਡੀਪਫੇਕ ਵੀਡੀਓ, ਐਲਗੋਰਿਦਮਿਕ ਪ੍ਰਚਾਰ ਅਤੇ ਡਾਟਾ ਵਿਸ਼ਲੇਸ਼ਣ ਰਾਹੀਂ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਨੇ ਲੋਕਤੰਤਰ, ਅਰਧ ਲੋਕਤੰਤਰ ਅਤੇ ਰਾਜਤੰਤਰ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਦੂਜੇ ਪਾਸੇ ਆਰਕਟਿਕ ਖੇਤਰ ਵਿਚ ਬਰਫ਼ ਪਿਘਲਣ ਨਾਲ ਨਵੇਂ ਸਮੁੰਦਰੀ ਰਸਤੇ ਖੁੱਲ ਰਹੇ ਹਨ ਅਤੇ ਉੱਥੇ ਮੌਜੂਦ ਤੇਲ ਅਤੇ ਗੈਸ ਦੇ ਭੰਡਾਰਾਂ ਕਾਰਨ ਰੂਸ, ਅਮਰੀਕਾ ਅਤੇ ਚੀਨ ਦੀ ਦਿਲਚਸਪੀ ਵਧ ਰਹੀ ਹੈ। ਇਹ ਖੇਤਰ ਵੀ ਭਵਿੱਖ ਵਿਚ ਇੱਕ ਨਵੀਂ ਭੂ-ਰਾਜਨੀਤਿਕ ਦੌੜ ਦਾ ਕੇਂਦਰ ਬਣ ਸਕਦਾ ਹੈ। ਪੱਛਮੀ ਅਤੇ ਮੱਧ ਏਸ਼ੀਆ ਦੀ ਵਰਤਮਾਨ ਸਥਿਤੀ ਨੂੰ ਦੇਖੀਏ ਤਾਂ ਇਹ ਖੇਤਰ ਅੱਜ ਵਿਸ਼ਵ ਰਾਜਨੀਤੀ ਦੀ ਸਭ ਤੋਂ ਗੁੰਝਲਦਾਰ ਸ਼ਤਰੰਜ ਬਣ ਚੁੱਕਾ ਹੈ। ਮੱਧ ਏਸ਼ੀਆ ਜੋ ਕਿ ਕਦੇ ਸੋਵੀਅਤ ਸੰਘ ਦਾ ਹਿੱਸਾ ਸੀ, ਜੋ ਅੱਜ ਕੁਦਰਤੀ ਗੈਸ ਅਤੇ ਖਣਿਜਾਂ ਦਾ ਸਭ ਤੋਂ ਵੱਡਾ ਭੰਡਾਰ ਹੈ। ਇੱਥੇ ਚੀਨ ਦਾ ਵਧਦਾ ਆਰਥਿਕ ਪ੍ਰਭਾਵ (ਭ੍ਰੀ ਪ੍ਰੋਜੈਕਟ ਰਾਹੀਂ) ਅਤੇ ਰੂਸ ਦੀ ਰਵਾਇਤੀ ਪਕੜ ਅਮਰੀਕਾ ਲਈ ਵੱਡੀ ਚੁਣੌਤੀ ਹੈ। ਦੂਜੇ ਪਾਸੇ ਪੱਛਮੀ ਏਸ਼ੀਆ, ਜਿਸ ਨੂੰ ਅਸੀਂ ਮੱਧ-ਪੂਰਬ ਕਹਿੰਦੇ ਹਾਂ, ਧਰਮ ਅਤੇ ਤੇਲ ਦੀ ਰਾਜਨੀਤੀ ਕਾਰਨ ਦਹਾਕਿਆਂ ਤੋਂ ਸੜ ਰਿਹਾ ਹੈ। ਅਫ਼ਗਾਨਿਸਤਾਨ ਵਿਚ ਤਾਲਿਬਾਨ ਦੀ ਵਾਪਸੀ ਨੇ ਪੂਰੇ ਖੇਤਰ ਦੀ ਸੁਰੱਖਿਆ ਨੂੰ ਅਨਿਸ਼ਚਿਤ ਬਣਾ ਦਿੱਤਾ ਹੈ। ਇੱਥੇ ਸਿਰਫ਼ ਜ਼ਮੀਨੀ ਸਰਹੱਦਾਂ ਦਾ ਝਗੜਾ ਨਹੀਂ ਹੈ, ਸਗੋਂ ਇਹ 'ਊਰਜਾ ਦੇ ਗਲਿਆਰਿਆਂ' 'ਤੇ ਕਬਜ਼ਾ ਕਰਨ ਦੀ ਜੰਗ ਹੈ। ਜੇਕਰ ਮੱਧ ਏਸ਼ੀਆ ਵਿਚ ਅਸਥਿਰਤਾ ਵਧਦੀ ਹੈ, ਤਾਂ ਇਸ ਦਾ ਸਿੱਧਾ ਅਸਰ ਦੱਖਣੀ ਏਸ਼ੀਆ ਅਤੇ ਖ਼ਾਸ ਕਰਕੇ ਭਾਰਤ ਦੀ ਊਰਜਾ ਸਪਲਾਈ 'ਤੇ ਪਵੇਗਾ। ਇਸੇ ਪ੍ਰਸੰਗ ਵਿਚ, ਇੱਕ ਨਵਾਂ ਖ਼ਤਰਾ, ਜੋ ਮਨੁੱਖਤਾ ਦੇ ਸਾਹਮਣੇ ਮੂੰਹ ਅੱਡੀ ਖੜ੍ਹਾ ਹੈ, ਉਹ ਹੈ 'ਜਲਵਾਯੂ ਪਰਿਵਰਤਨ' ਅਤੇ ਕੁਦਰਤੀ ਸਰੋਤਾਂ ਦੀ ਵੰਡ। ਆਉਣ ਵਾਲੇ ਸਮੇਂ ਵਿਚ ਜੰਗਾਂ ਸਿਰਫ਼ ਵਿਚਾਰਧਾਰਾ ਜਾਂ ਧਰਮ ਲਈ ਨਹੀਂ, ਸਗੋਂ ਪੀਣ ਵਾਲੇ ਪਾਣੀ, ਉਪਜਾਊ ਜ਼ਮੀਨ ਅਤੇ ਦੁਰਲੱਭ ਖਣਿਜਾਂ ਲਈ ਲੜੀਆਂ ਜਾਣਗੀਆਂ। ਅਮਰੀਕਾ ਵੱਲੋਂ ਇਰਾਨ ਅਤੇ ਵੈਨੇਜ਼ੁਏਲਾ ਵਰਗੇ ਦੇਸ਼ਾਂ 'ਤੇ ਲਗਾਈਆਂ ਪਾਬੰਦੀਆਂ ਨੂੰ ਅਕਸਰ ਕੁਦਰਤੀ ਸਰੋਤਾਂ 'ਤੇ ਕੰਟਰੋਲ ਦੀ ਰਾਜਨੀਤੀ ਵਜੋਂ ਦੇਖਿਆ ਜਾਂਦਾ ਹੈ। ਜਿਵੇਂ-ਜਿਵੇਂ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ, ਕਈ ਦੇਸ਼ਾਂ ਅਤੇ ਸ਼ਹਿਰਾਂ ਦਾ ਵਜੂਦ ਖ਼ਤਰੇ ਵਿਚ ਪੈ ਚੁੱਕਾ ਹੈ। 'ਕਲਾਈਮੇਟ ਮਾਈਗ੍ਰੇਸ਼ਨ' ਵਿਸ਼ਵ ਰਾਜਨੀਤੀ ਵਿਚ ਅਜਿਹੀ ਅਰਾਜਕਤਾ ਪੈਦਾ ਕਰ ਸਕਦਾ ਹੈ, ਜਿਸ ਨੂੰ ਸੰਭਾਲਣਾ ਕਿਸੇ ਇਕ ਦੇਸ਼ ਦੇ ਵੱਸ ਵਿਚ ਨਹੀਂ ਹੋਵੇਗਾ। ਅਫ਼ਸੋਸ ਕਿ ਵਿਸ਼ਵ ਸ਼ਕਤੀਆਂ ਵਾਤਾਵਰਣ ਦੀ ਬਜਾਏ ਹਥਿਆਰਾਂ 'ਤੇ ਪੈਸਾ ਖ਼ਰਚ ਕਰ ਰਹੀਆਂ ਹਨ। ਇਹ 'ਆਰਥਿਕ ਰਾਸ਼ਟਰਵਾਦ' ਦਾ ਉਹ ਦੌਰ ਹੈ, ਜਿੱਥੇ ਹਰ ਦੇਸ਼ ਸਿਰਫ਼ ਆਪਣਾ ਫ਼ਾਇਦਾ ਸੋਚ ਰਿਹਾ ਹੈ। ਵਿਸ਼ਵ ਰਾਜਨੀਤੀ ਦੇ ਇਸ ਭਿਆਨਕ ਦੌਰ ਵਿਚ ਅੰਤਰਰਾਸ਼ਟਰੀ ਸੰਸਥਾਵਾਂ ਦੀ ਹਾਲਤ ਬੇਹੱਦ ਤਰਸਯੋਗ ਹੈ। ਸੰਯੁਕਤ ਰਾਸ਼ਟਰ (UN), ਜੋ ਦੂਜੀ ਵਿਸ਼ਵ ਜੰਗ ਤੋਂ ਬਾਅਦ ਵਿਸ਼ਵ ਵਿਚ ਸ਼ਾਂਤੀ ਸਥਾਪਤ ਕਰਨ ਲਈ ਬਣਾਇਆ ਗਿਆ ਸੀ, ਅੱਜ ਵੱਡੀਆਂ ਤਾਕਤਾਂ ਦੀ ਕਠਪੁਤਲੀ ਬਣ ਕੇ ਰਹਿ ਗਿਆ ਹੈ। ਸੁਰੱਖਿਆ ਕੌਂਸਲ ਵਿਚ 'ਵੀਟੋ' ਪਾਵਰ ਦੀ ਦੁਰਵਰਤੋਂ ਨੇ ਇਸ ਸੰਸਥਾ ਨੂੰ ਅਪਾਹਜ ਕਰ ਦਿੱਤਾ ਹੈ। ਰੂਸ-ਯੂਕਰੇਨ ਜੰਗ ਹੋਵੇ ਜਾਂ ਗਾਜ਼ਾ ਦਾ ਮਾਨਵਤਾਵਾਦੀ ਸੰਕਟ, ਸੰਯੁਕਤ ਰਾਸ਼ਟਰ ਸਿਰਫ਼ ਮਤੇ ਪਾਸ ਕਰਨ ਤੱਕ ਸੀਮਿਤ ਹੈ। ਇਸ ਕੋਲ ਜੰਗਾਂ ਰੋਕਣ ਦੀ ਕੋਈ ਅਸਲ ਸ਼ਕਤੀ ਨਹੀਂ ਬਚੀ। ਅੱਜ ਵਿਸ਼ਵ ਪੱਧਰੀ ਸੰਸਥਾਵਾਂ ਵਿਚ ਲੋਕਤੰਤਰੀ ਸੁਧਾਰਾਂ ਦੀ ਸਖ਼ਤ ਲੋੜ ਹੈ। ਭਾਰਤ ਵਰਗੇ ਜ਼ਿੰਮੇਵਾਰ ਦੇਸ਼ਾਂ ਨੂੰ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿਚ ਬਣਦੀ ਜਗ੍ਹਾ ਮਿਲਣੀ ਚਾਹੀਦੀ ਹੈ। ਜਿੰਨੀ ਦੇਰ 'ਗਲੋਬਲ ਸਾਊਥ' ਦੀ ਆਵਾਜ਼ ਨੂੰ ਅਣਗੌਲਿਆ ਕੀਤਾ ਜਾਵੇਗਾ, ਉਨੀ ਦੇਰ ਅਸਲ ਸ਼ਾਂਤੀ ਇੱਕ ਮਿਰਗ-ਤ੍ਰਿਸ਼ਨਾ ਹੀ ਰਹੇਗੀ। ਮੌਜੂਦਾ ਵਿਸ਼ਵ ਸੰਕਟਾਂ ਦੇ ਦਰਮਿਆਨ ਭਾਰਤ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਅਤੇ ਸੰਤੁਲਿਤ ਰਹੀ ਹੈ। ਭਾਰਤ ਨੇ ਆਪਣੀ 'ਰਣਨੀਤਿਕ ਸੁਤੰਤਰਤਾ' ਨੂੰ ਬਰਕਰਾਰ ਰੱਖਦੇ ਹੋਏ ਹਮੇਸ਼ਾ ਇਹ ਸਟੈਂਡ ਲਿਆ ਹੈ ਕਿ ਇਹ ਯੁੱਗ ਜੰਗਾਂ ਦਾ ਨਹੀਂ, ਸਗੋਂ ਕੂਟਨੀਤੀ ਅਤੇ ਸੰਵਾਦ ਦਾ ਹੈ। ਜੀ-20 ਦੀ ਪ੍ਰਧਾਨਗੀ ਦੌਰਾਨ 'ਵਸੁਧੈਵ ਕੁਟੁੰਬਕਮ' ਦਾ ਜੋ ਨਾਅਰਾ ਦਿੱਤਾ ਗਿਆ ਹੈ, ਉਹ ਅੱਜ ਇੱਕ ਮਾਰਗ-ਦਰਸ਼ਕ ਵਾਂਗ ਹੈ। ਭਾਰਤ ਲਈ ਪੱਛਮੀ ਏਸ਼ੀਆ ਦੀ ਸਥਿਰਤਾ ਆਰਥਿਕ ਲੋੜ ਵੀ ਹੈ, ਕਿਉਂਕਿ ਸਾਡੀ 80 ਫੀਸਦੀ ਊਰਜਾ ਉੱਥੋਂ ਆਉਂਦੀ ਹੈ ਅਤੇ ਲੱਖਾਂ ਭਾਰਤੀ ਉੱਥੇ ਕੰਮ ਕਰਦੇ ਹਨ। ਭਾਰਤ ਸਾਰਿਆਂ ਵਿਚਕਾਰ ਇੱਕ 'ਪੁਲ' (ਭਰਦਿਗਇ ਭੁਲਿਦਦਰ) ਦਾ ਕੰਮ ਕਰਨ ਦੀ ਸਿਆਣਪ ਦਿਖਾ ਰਿਹਾ ਹੈ। ਇਸ ਗੁੰਝਲਦਾਰ ਸਥਿਤੀ ਵਿਚ ਭਾਰਤ ਦੀ ਇਹ ਰਣਨੀਤਿਕ ਮਹੱਤਤਾ ਸਿਰਫ਼ ਨਾਅਰਿਆਂ ਤੱਕ ਸੀਮਿਤ ਨਹੀਂ ਹੈ, ਸਗੋਂ 'ਇੰਡੀਆ-ਮਿਡਲ ਈਸਟ-ਯੂਰਪ ਇਕਨਾਮਿਕ ਕੋਰੀਡੋਰ' (IMEC) ਵਰਗੇ ਵਿਸ਼ਾਲ ਪ੍ਰੋਜੈਕਟ ਇਸ ਦਾ ਜਿਉਂਦਾਜਾਗਦਾ ਸਬੂਤ ਹਨ। ਇਹ ਗਲਿਆਰਾ ਸਿਰਫ਼ ਵਪਾਰਕ ਰਸਤਾ ਨਹੀਂ, ਸਗੋਂ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ (ਸਿਲਕ ਰੋਡ ਦਾ ਨਵਾਂ ਰੂਪ BRI) ਦੇ ਮੁਕਾਬਲੇ ਇੱਕ ਅਜਿਹਾ ਵਿਕਲਪ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਪਾਰਦਰਸ਼ਤਾ 'ਤੇ ਅਧਾਰਿਤ ਹੈ। ਇਹ ਪ੍ਰੋਜੈਕਟ ਭਵਿੱਖ ਵਿਚ ਭਾਰਤ ਨੂੰ ਵਿਸ਼ਵ ਸਪਲਾਈ ਚੇਨ ਦਾ ਇੱਕ ਅਹਿਮ ਧੁਰਾ ਬਣਾ ਕੇ ਉਭਾਰ ਕੇ ਸਾਹਮਣੇ ਲਿਆਵੇਗਾ, ਜੋ ਪੂਰਬ ਅਤੇ ਪੱਛਮ ਦੇ ਵਿਚਕਾਰ ਸਥਿਰਤਾ ਦਾ ਨਵਾਂ ਪੁਲ ਬਣੇਗਾ। ਪਰ ਚੁਣੌਤੀਆਂ ਇੱਥੇ ਹੀ ਖ਼ਤਮ ਨਹੀਂ ਹੁੰਦੀਆਂ। ਹੁਣ 'ਸਪੇਸ' ਵੀ ਯੁੱਧ ਦਾ ਨਵਾਂ ਮੈਦਾਨ ਬਣ ਰਿਹਾ ਹੈ। ਚੰਦਰਮਾ ਅਤੇ ਮੰਗਲ 'ਤੇ ਸਰਦਾਰੀ ਦੀ ਦੌੜ ਅਸਲ ਵਿਚ ਭਵਿੱਖ ਦੇ ਸਰੋਤਾਂ 'ਤੇ ਕਬਜ਼ਾ ਕਰਨ ਦੀ ਰਾਜਨੀਤੀ ਹੈ। ਇਸੇ ਤਰ੍ਹਾਂ 'ਬਾਇਓ-ਵਾਰਫੇਅਰ' ਦਾ ਖ਼ਤਰਾ ਵੀ ਵਧ ਰਿਹਾ ਹੈ, ਜਿੱਥੇ ਲੈਬ ਵਿਚ ਤਿਆਰ ਜੀਵਾਣੂ ਪੂਰੀ ਦੁਨੀਆ ਨੂੰ ਤਬਾਹ ਕਰ ਸਕਦੇ ਹਨ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਉਰਫ਼ SIPRI ਅਨੁਸਾਰ 2023 ਤੱਕ ਪੂਰੇ ਵਿਸ਼ਵ ਦਾ ਰੱਖਿਆ ਖ਼ਰਚਾ ਲਗਭਗ 2.4 ਟ੍ਰਿਲੀਅਨ ਡਾਲਰ ਤੱਕ ਪਹੁੰਚ ਚੁੱਕਾ ਸੀ। ਹੁਣ 2026 ਚ ਕਿੰਨਾ ਹੋਵੇਗਾ? ਇਹ ਬਿਨਾਂ ਨਵੇ ਡੇਟੇ ਤੋਂ ਸੋਚਿਆ ਜਾ ਸਕਦਾ। ਜੇਕਰ ਇਸ ਦਾ 10 ਫੀਸਦੀ ਵੀ ਗਰੀਬੀ ਮਿਟਾਉਣ 'ਤੇ ਲੱਗੇ ਤਾਂ ਦੁਨੀਆ ਹਰਿਆਲੀ ਭਰੀ ਹੋ ਸਕਦੀ ਹੈ। ਪਰ ਮਨੁੱਖ ਤਾਕਤ ਦੀ ਲਾਲਸਾ ਵਿਚ ਅੰਨ੍ਹਾ ਹੋ ਕੇ ਆਪਣੇ ਭਵਿੱਖ ਨੂੰ ਮਾਰੂ ਹਥਿਆਰਾਂ ਦੀ ਭੇਟ ਚੜ੍ਹਾ ਰਿਹਾ ਹੈ। ਯੂਵਾਲ ਨੋਆ ਹਰਾਰੀ ਮੁਤਾਬਕ ਮਨੁੱਖੀ ਸਭਿਅਤਾ ਦੀ ਤਾਕਤ 'ਸਹਿਯੋਗ' ਸੀ, ਪਰ ਅੱਜ 'ਟੈਕਨੋ-ਰਾਸ਼ਟਰਵਾਦ' ਵੱਖਵਾਦ ਵਧਾ ਰਿਹਾ ਹੈ। ਇਨ੍ਹਾਂ ਚੁਣੌਤੀਆਂ ਦਾ ਹੱਲ ਸਿਰਫ਼ ਸਰਹੱਦਾਂ ਦੀ ਸੁਰੱਖਿਆ ਵਿਚ ਨਹੀਂ, ਸਗੋਂ 'ਡਿਜੀਟਲ ਨੈਤਿਕਤਾ' ਅਤੇ 'ਵਿਸ਼ਵ ਨਾਗਰਿਕਤਾ' ਦੀ ਭਾਵਨਾ ਨੂੰ ਅਪਣਾਉਣ ਵਿਚ ਹੈ। ਜਿਸ ਤਰ੍ਹਾਂ ਤਕਨਾਲੋਜੀ ਨੇ ਭੂਗੋਲਿਕ ਦੂਰੀਆਂ ਮਿਟਾ ਦਿੱਤੀਆਂ ਹਨ, ਉਸੇ ਤਰ੍ਹਾਂ ਸਾਨੂੰ ਅਜਿਹੇ ਗਲੋਬਲ ਨਿਯਮਾਂ ਦੀ ਲੋੜ ਹੈ ਜੋ ਡਾਟਾ ਦੀ ਦੁਰਵਰਤੋਂ ਅਤੇ ਡਿਜੀਟਲ ਹਮਲਿਆਂ ਨੂੰ ਰੋਕ ਸਕਣ। ਮਨੁੱਖ ਨੂੰ ਅੱਜ ਸਿਰਫ਼ ਆਪਣੇ ਦੇਸ਼ ਦਾ ਨਾਗਰਿਕ ਬਣ ਕੇ ਨਹੀਂ, ਸਗੋਂ ਇਸ ਧਰਤੀ ਦਾ ਜ਼ਿੰਮੇਵਾਰ ਵਾਰਿਸ ਬਣ ਕੇ ਸੋਚਣਾ ਪਵੇਗਾ। ਜੇਕਰ ਅਸੀਂ ਤਕਨੀਕੀ ਸ਼ਕਤੀ ਨੂੰ ਨੈਤਿਕਤਾ ਨਾਲ ਨਾ ਜੋੜਿਆ, ਤਾਂ ਸਾਡੀ ਆਪਣੀ ਹੀ ਕਾਢ ਸਾਡੇ ਵਿਨਾਸ਼ ਦਾ ਕਾਰਨ ਬਣ ਸਕਦੀ ਹੈ।' ਮਨੁੱਖਤਾ ਅੱਜ ਇਤਿਹਾਸ ਦੇ ਸਭ ਤੋਂ ਨਾਜ਼ੁਕ ਇਮਤਿਹਾਨ ਵਿਚ ਹੈ। ਜੰਗਾਂ ਨੇ ਕਦੇ ਵੀ ਸਥਾਈ ਹੱਲ ਨਹੀਂ ਦਿੱਤਾ। ਸੱਚ ਇਹ ਹੈ ਕਿ ਅਸਲੀ ਜਿੱਤ ਹਥਿਆਰਾਂ ਵਿਚ ਨਹੀਂ, ਸਗੋਂ ਸਿਆਣਪ ਅਤੇ ਸੰਵਾਦ ਵਿਚ ਹੈ। ਜੇਕਰ ਅਸੀਂ ਨਿੱਜੀ ਰਾਸ਼ਟਰੀ ਹਿੱਤਾਂ ਤੋਂ ਉੱਪਰ ਉੱਠ ਕੇ 'ਵਿਸ਼ਵ-ਹਿੱਤ' ਬਾਰੇ ਨਾ ਸੋਚਿਆ, ਤਾਂ ਸ਼ਾਇਦ ਆਉਣ ਵਾਲੀਆਂ ਨਸਲਾਂ ਨੂੰ ਇਤਿਹਾਸ ਲਿਖਣ ਦਾ ਮੌਕਾ ਵੀ ਨਹੀਂ ਮਿਲੇਗਾ ਕਿਉਂਕਿ ਰਾਖ/ਸਵਾਹ ਦੇ ਢੇਰਾਂ 'ਤੇ ਕਦੇ ਵੀ ਤਰੱਕੀ ਦੇ ਮਹਿਲ ਨਹੀਂ ਛੱਤ ਹੁੰਦੇ, ਪਰ ਸ਼ਾਂਤੀ ਦੀ ਨੀਂਹ 'ਤੇ ਮਨੁੱਖਤਾ ਦਾ ਸੁਨਹਿਰੀ ਭਵਿੱਖ ਖੜ੍ਹਾ ਕੀਤਾ ਜਾ ਸਕਦਾ ਹੈ। ਇਹ ਧਰਤੀ ਸਾਡੀ ਸਾਰਿਆਂ ਦੀ ਸਾਂਝੀ ਵਿਰਾਸਤ ਹੈ ਅਤੇ ਇਸ ਨੂੰ ਬਚਾਉਣਾ ਸਾਡਾ ਹੀ ਸਭ ਤੋਂ ਵੱਡਾ ਧਰਮ ਹੋਣਾ ਚਾਹੀਦਾ ਹੈ।




# ਜੀਵ ਜੰਤੂਆਂ ਦਾ ਵਿਲੱਖਣ ਸੰਸਾਰ



**ਲੇਖਕ : ਸੁਖਮੰਦਰ ਤੂਰ, ਮੋਗਾ**

ਬੱਚਿਓ! ਮੱਛੀਆਂ, ਚੂਹੇ, ਸੱਪ ਆਦਿ ਜੀਵ ਭੁਚਾਲ ਆਉਣ ਤੋਂ ਪਹਿਲਾਂ ਅਜੀਬ ਤਰ੍ਹਾਂ ਦਾ ਵਰਤਾਉ ਕਰਨ ਲੱਗਦੇ ਹਨ, ਪਰ ਇਹ ਬਦਲਾਵ ਭੁਚਾਲ ਆਉਣ ਤੋਂ ਕਈ ਦਿਨ ਪਹਿਲਾਂ ਨਹੀਂ ਹੁੰਦਾ ਬਲਕਿ ਕੁਝ ਹੀ ਦੇਰ ਪਹਿਲਾਂ ਹੁੰਦਾ ਹੈ। ਵਿਗਿਆਨੀਆਂ ਨੇ ਇਕ ਅਧਿਐਨ ਵਿਚ ਇਹ ਵੀ ਪਾਇਆ ਹੈ ਕਿ ਰੇਗਿਸਤਾਨੀ ਕੀੜੀਆਂ 'ਤੇ 7.4 ਤੀਬਰਤਾ ਵਾਲੇ ਭੁਚਾਲ ਦਾ ਕੋਈ ਅਸਰ ਵੇਖਣ ਨੂੰ ਨਹੀਂ ਮਿਲਿਆ। ਸੇਹ ਦੇ ਕੰਡੇ ਨੁਕੀਲੇ ਅਤੇ ਜ਼ਹਿਰੀਲੇ ਹੁੰਦੇ ਹਨ, ਜੋ ਦੁਸ਼ਮਣ ਦੇ ਸਰੀਰ ਵਿਚ ਸੂਈ ਦੀ ਤਰ੍ਹਾਂ ਚੁੱਭਦੇ ਹਨ। ਇਹ ਚੁੱਭਦਿਆਂ ਹੀ ਉਸ (ਦੁਸ਼ਮਣ) ਦੇ ਸਰੀਰ ਵਿਚ ਜ਼ਹਿਰ ਫੈਲਾਅ ਦਿੰਦੇ ਹਨ। ਜ਼ਹਿਰ ਫੈਲਦੇ ਹੀ ਦੁਸ਼ਮਣ ਦਾ ਬਚੇ ਰਹਿਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੁੰਦਾ।

ਉੱਲੂ ਭਾਵੇਂ ਆਪਣੀਆਂ ਅੱਖਾਂ ਨਹੀਂ ਘੁੰਮਾ ਸਕਦਾ, ਪਰ ਆਪਣੇ ਸਰੀਰ ਦਾ ਹੋਰ ਕੋਈ ਅੰਗ ਹਿਲਾਏ ਬਿਨਾਂ ਆਪਣੇ ਸਿਰ ਨੂੰ ਘੁਮਾ ਕੇ ਬਿਲਕੁਲ ਪਿੱਛੇ ਵੱਲ ਨੂੰ ਵੇਖ ਸਕਦਾ ਹੈ।

ਚੂਹਾ ਊਠ ਤੋਂ ਵੀ ਦੁੱਗਣਾ ਸਮਾਂ ਪਾਣੀ ਤੋਂ ਬਗੈਰ ਰਹਿ ਸਕਦਾ ਹੈ। ਚੂਹਿਆਂ ਦੀਆਂ ਕੁਝ ਕਿਸਮਾਂ ਸੱਪ ਵਾਂਗ ਜ਼ਹਿਰੀਲੀਆਂ ਵੀ ਹੁੰਦੀਆਂ ਹਨ। ਅਫਰੀਕੀ ਮਹਾਂਦੀਪ ਦੇ ਕੁਝ ਸੰਘਣੇ ਜੰਗਲੀ ਖੇਤਰਾਂ ਵਿਚ ਇਨ੍ਹਾਂ ਕਿਸਮਾਂ ਦੇ ਚੂਹੇ ਮਿਲਦੇ ਹਨ।

ਪਤੰਗਾ ਇਕ ਅਜਿਹਾ ਕੀਟ ਹੈ, ਜਿਸ ਦਾ ਖੰਭ ਦੂਜੇ ਸਾਰੇ ਜੀਵਾਂ ਨਾਲੋਂ ਘੱਟ ਫੈਲਾਅ ਵਾਲਾ ਹੁੰਦਾ ਹੈ, ਭਾਵ 0.018 ਸੈਂਟੀਮੀਟਰ, ਇਸ ਨੂੰ ਨੰਗੀ ਅੱਖ ਨਾਲ ਵੇਖਣਾ ਬਹੁਤ ਮੁਸ਼ਕਿਲ ਹੁੰਦਾ ਹੈ।

ਦੱਖਣੀ ਅਮਰੀਕਾ ਵਿਚ ਇਕ ਅਜਿਹੇ ਜੁਗਨੂੰ ਦੀ ਪ੍ਰਜਾਤੀ ਖੋਜੀ ਗਈ ਹੈ ਜਿਸ ਦੀ ਲੰਬਾਈ ਲਗਭਗ 9 ਸੈਂਟੀਮੀਟਰ ਹੈ। ਇਸ ਦੇ ਸਿਰ ਵਾਲੇ ਪਾਸੇ ਲਾਲ ਅਤੇ ਪੂਛ ਵਾਲੇ ਪਾਸੇ ਹਰੇ ਪ੍ਰਕਾਸ਼ ਬਿੰਦੂ ਚਮਕਦੇ ਵਿਖਾਈ ਦਿੰਦੇ ਹਨ।

ਮਧੂ-ਮੱਖੀਆਂ ਨੂੰ ਇਕ ਕਿੱਲੋ ਸ਼ਹਿਦ ਲਈ 4 ਲੱਖ ਫੁੱਲਾਂ ਦਾ ਰਸ ਚੂਸਣਾ ਪੈਂਦਾ ਹੈ, ਜਦ ਕਿ ਸ਼ਹਿਦ ਮਧੂ-ਮੱਖੀਆਂ ਦੀ ਖੁਰਾਕ ਨਹੀਂ ਹੈ।

ਦੋ ਜ਼ੈਬਰਿਆਂ ਦੀਆਂ ਧਾਰੀਆਂ ਕਦੀ ਇਕੋ ਜਿਹੀਆਂ ਨਹੀਂ ਹੋ ਸਕਦੀਆਂ, ਅਰਥਾਤ ਸਾਰੇ ਜ਼ੈਬਰਿਆਂ ਦੀਆਂ ਧਾਰੀਆਂ ਵਿਚ ਵਿਲੱਖਣਤਾ ਹੁੰਦੀ ਹੈ।

ਜਦ ਸੰਚਾਰ ਦੇ ਸਾਧਨ ਨਹੀਂ ਸਨ, ਤਦ ਕਬੂਤਰ ਹੀ ਇਕ ਤਰ੍ਹਾਂ ਦੇ ਸੰਦੇਸ਼ਵਾਹਕ ਸਨ। ਅੱਜ ਤੋਂ ਕੋਈ ਦੋ ਹਜ਼ਾਰ ਸਾਲ ਪਹਿਲਾਂ ਰੋਮ ਵਿਚ ਸੈਨਾਂ ਕਬੂਤਰਾਂ ਰਾਹੀਂ ਗੁਪਤਚਾਰੀ ਦਾ ਕੰਮ ਲੈਂਦੀ ਸੀ।

ਪੇਰੇਗਰੀਨ ਫਾਲਕਨ ਨਾਮਕ ਬਾਜ਼ 45 ਡਿਗਰੀ ਕੋਣ 'ਤੇ ਝਪਟਦਾ ਹੈ, ਜਿਸ ਦੀ ਰਫਤਾਰ 350 ਕਿੱਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ।

ਨਿਊਜ਼ੀਲੈਂਡ ਵਿਚ ਛਿਪਕਲੀ ਦੀ ਸ਼ਕਲ ਵਰਗਾ ਇਕ ਅਜਿਹਾ ਜੀਵ ਪਾਇਆ ਜਾਂਦਾ ਹੈ ਜਿਸ ਦੀਆਂ ਤਿੰਨ ਅੱਖਾਂ ਹੁੰਦੀਆਂ ਹਨ। ਇਸ ਨੂੰ ਸਫੇਨੋਡੋਨ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਦੀ ਤੀਜੀ ਅੱਖ ਸਿਰ ਦੇ ਵਿਚਕਾਰ ਮੱਥੇ ਉਪਰ ਛੇਕ ਦੇ ਰੂਪ ਵਿਚ ਹੁੰਦੀ ਹੈ। ਇਸ ਦੀ ਮਦਦ ਨਾਲ ਇਸ ਨੂੰ ਆਪਣੇ ਖਾਣ-ਪੀਣ ਅਤੇ ਸੌਣ ਦੇ ਸਮੇਂ ਦਾ ਅਹਿਸਾਸ ਹੁੰਦਾ ਹੈ।

# ਡੈੱਡ-ਸੀ ਭਾਵ ਮ੍ਰਿਤ ਸਾਗਰ

## ਇਸ ਵਿਚ ਕੋਈ ਡੁੱਬਦਾ ਕਿਉਂ ਨਹੀਂ?



**ਲੇਖਕ : ਕੁੰਵਰ ਚਾਂਦ ਖਾਂ**

ਦੁਨੀਆ ਵਿਚ ਇਕ ਇਹੋ ਜਿਹਾ ਸਮੁੰਦਰ ਹੈ, ਜਿਸ ਵਿਚ ਕੋਈ ਡੁੱਬਦਾ ਨਹੀਂ ਹੈ। ਅਸੀਂ ਮ੍ਰਿਤ ਸਾਗਰ ਦੀ ਗੱਲ ਕਰ ਰਹੇ ਹਾਂ। ਇਸ ਦੇ ਪੂਰਬ ਵਿਚ ਜਾਰਡਨ ਹੈ ਅਤੇ ਪੱਛਮ 'ਚ ਇਜ਼ਰਾਈਲ ਅਤੇ ਫਿਲੀਸਤੀਨ ਦਾ ਪੱਛਮੀ ਕਿਨਾਰਾ ਹੈ। ਇਸ ਨੂੰ ਹਿਬਰੂ ਵਿਚ ਯਮ ਹੈਮਮੇਲਹ ਅਤੇ ਅਰਬੀ ਵਿਚ ਅਲ-ਬਹਰ-ਉਲ-ਮੌਤ ਕਹਿੰਦੇ ਹਨ। ਇਸ ਦਾ ਪਾਣੀ ਇੰਨਾ ਵਧ ਨਮਕੀਨ ਹੁੰਦਾ ਹੈ ਕਿ ਕੋਈ ਚੀਜ਼ ਇਸ ਵਿਚ ਜਿਊਂਦੀ ਨਹੀਂ ਰਹਿ ਸਕਦੀ। ਇਥੇ ਦਾ ਵਾਤਾਵਰਨ ਮੀਂਹ ਤੋਂ ਬਿਨਾਂ ਸੁੱਕਾ ਅਤੇ ਤੇਜ਼ ਧੁੱਪ ਵਾਲਾ ਹੈ। ਇਸ ਲਈ ਜ਼ਮੀਨ ਉਪਰਲਾ ਪਾਣੀ ਵੀ ਵਾਸ਼ਪ ਬਣ ਜਾਂਦਾ ਹੈ। ਧਿਆਨ ਰਹੇ ਕਿ ਸਿਰਫ ਪਾਣੀ ਹੀ ਵਾਸ਼ਪ ਬਣ ਕੇ ਉੱਡਦਾ ਹੈ, ਉਸ ਵਿਚ ਜੋ ਨਮਕ ਹੁੰਦਾ ਹੈ ਉਹ ਉਥੇ ਹੀ ਰਹਿ ਜਾਂਦਾ ਹੈ ਜਿਸ ਨਾਲ ਬਾਕੀ ਪਾਣੀ ਵਧ ਨਮਕੀਨ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਡੈੱਡ ਸੀ ਜਾਂ ਮ੍ਰਿਤ ਸੰਸਾਰ ਵਿਚ ਹੋਰ ਸਮੁੰਦਰਾਂ ਦੀ ਤਰ੍ਹਾਂ 2 ਜਾਂ 3 ਫ਼ੀਸਦੀ (ਭਾਰ ਦੇ ਹਿਸਾਬ ਨਾਲ) ਨਮਕ ਦੀ ਮਾਤਰਾ ਨਹੀਂ ਹੈ, ਬਲਕਿ ਇਸ ਵਿਚ ਨਮਕ ਦੀ ਮਾਤਰਾ 27 ਫ਼ੀਸਦੀ ਜਾਂ ਉਸ ਤੋਂ ਵੀ ਵਧ ਹੈ। ਜ਼ਿਆਦਾ ਡੂੰਘਾਈ 'ਤੇ ਜਾਣ ਨਾਲ ਨਮਕ ਦੀ ਮਾਤਰਾ ਵੱਧਦੀ ਜਾਂਦੀ ਹੈ।

ਇਸ ਦਾ ਮਤਲਬ ਇਹ ਹੋਇਆ ਕਿ ਡੈੱਡ ਸੀ ਦਾ ਲਗਭਗ ਇਕ ਚੌਥਾਈ ਹਿੱਸਾ ਘੁਲੇ ਹੋਏ ਲੂਣ ਨਾਲ ਬਣਿਆ ਹੋਇਆ ਹੈ। ਅਨੁਮਾਨ ਇਹ ਹੈ ਕਿ ਇਸ ਵਿਚ ਕੁਲ 40 ਮਿਲੀਅਨ ਟਨ ਨਮਕ ਹੈ। ਹੁਣ ਸਵਾਲ ਇਹ ਹੈ ਕਿ ਡੈੱਡ ਸੀ ਵਿਚ ਕੋਈ ਡੁੱਬਦਾ ਕਿਉਂ ਨਹੀਂ ਹੈ? ਦਰਅਸਲ ਆਪਣੇ ਨਮਕ ਦੇ ਕਾਰਨ ਡੈਡ ਸੀ ਅਜੀਬ ਗੁਣ ਪੈਦਾ ਕਰਦਾ ਹੈ।,ਕਿਉਂਕਿ ਇਸ ਦਾ ਪਾਣੀ ਆਮ ਸਮੁੰਦਰ ਦੇ ਪਾਣੀ ਨਾਲੋਂ ਵਧ ਭਾਰਾ ਹੁੰਦਾ ਹੈ। ਇਸ ਲਈ ਇਸ ਵਿਚ ਕੋਈ ਡੁੱਬਦਾ ਨਹੀਂ, ਕਿਉਂਕਿ ਤੁਹਾਡਾ ਸਰੀਰ ਤੁਲਨਾਤਮਕ ਦ੍ਰਿਸ਼ਟੀ ਨਾਲੋਂ ਹਲਕਾ ਹੁੰਦਾ ਹੈ। ਜਿੰਨਾ ਸਾਡੇ ਸਰੀਰ ਦਾ ਵਾਲਿਊਮ ਹੈ, ਜੇਕਰ ਓਨਾ ਹੀ ਵਾਲਿਊਮ ਵਧੇਰੇ ਨਮਕੀਨ ਪਾਣੀ ਲਿਆ ਜਾਵੇ ਤਾਂ ਉਹ ਸਾਡੇ ਸਰੀਰ ਤੋਂ ਬਹੁਤ ਭਾਰੀ ਹੋਵੇਗਾ। ਇਸ ਲਈ ਬਾਯੇਂਸੀ ਦੇ ਨਿਯਮ ਅਨੁਸਾਰ ਅਸੀਂ ਡੈੱਡ ਸੀ ਭਾਵ ਮ੍ਰਿਤ ਸਾਗਰ ਵਿਚ ਕਦੇ ਵੀ ਨਹੀਂ ਡੁੱਬਾਂਗੇ। ਜਿਸ ਤਰ੍ਹਾਂ ਨਮਕੀਨ ਪਾਣੀ ਵਿਚ ਅੰਡਾ ਉਛਲ ਕੇ ਉੱਪਰ ਆ ਜਾਂਦਾ ਹੈ ਉਸੇ ਤਰ੍ਹਾਂ ਹੀ ਅਸੀਂ ਵੀ ਉਪਰ ਆ ਜਾਵਾਂਗੇ। ਚੇਤੇ ਰੱਖਣ ਵਾਲੀ ਗੱਲ ਹੈ ਕਿ ਤਾਜ਼ੇ ਜਾਂ ਨਮਕ-ਰਹਿਤ ਪਾਣੀ ਵਿਚ ਅੰਡਾ ਡੁੱਬ ਜਾਂਦਾ ਹੈ।

ਕੀ ਸੰਸਾਰ ਵਿਚ ਡੈੱਡ ਸੀ ਵਰਗੀ ਹੋਰ ਜਗ੍ਹਾ ਵੀ ਹੈ? ਅਜਿਹੀਆਂ ਦੋ ਥਾਵਾਂ ਹਨ। ਇਕ ਕੈਸਪੀਅਨ ਸਾਗਰ ਸੀ ਦੀ ਖਾੜੀ ਕਾਰਾ ਬੋਗਾਜ ਗੋਲ ਅਤੇ ਲੇਕ ਐਲਟਨ। ਇਨ੍ਹਾਂ ਦੋਵਾਂ ਵਿਚ ਵੀ ਨਮਕ ਦੀ ਮਾਤਰਾ ਦੀ ਫ਼ੀਸਦੀ ਲਗਪਗ 27 ਹੈ। ਕਾਰਾ ਬੋਗਾਜ ਗੋਲ ਦੀ ਸਪੇਸਿਫਿਕ ਘਣਤਾ 1.18 ਹੈ। ਇਸ ਸੰਘਣੇ ਪਾਣੀ ਵਿਚ ਵਿਅਕਤੀ ਆਸਾਨੀ ਨਾਲ ਤੈਰ ਤਾਂ ਸਕਦਾ ਹੈ ਪਰ ਕਦੇ ਡੁੱਬੇਗਾ ਨਹੀਂ। ਭਾਵੇਂ ਉਹ ਆਰਕਮਿਡੀਜ਼ ਦੇ ਸਿਧਾਂਤ ਦਾ ਭਾਵੇਂ ਉਲੰਘਣਾ ਕਰਨਾ ਚਾਹੇ। ਇਕ ਦਿਲਚਸਪ ਗੱਲ ਇਹ ਹੈ ਕਿ ਜੋ ਲੋਕ ਨਮਕ ਦੇ ਪਾਣੀ ਵਿਚ ਟਬ ਵਿਚ ਇਸ਼ਨਾਨ ਕਰਦੇ ਹਨ, ਉਨ੍ਹਾਂ ਨੂੰ ਵੀ ਕੁਝ ਇਹੋ ਜਿਹਾ ਹੀ ਮਹਿਸੂਸ ਹੁੰਦਾ ਹੈ। ਜਦੋਂ ਪਾਣੀ ਨਮਕੀਨ ਹੁੰਦਾ ਹੈ ਤਾਂ ਵਿਅਕਤੀ ਨੂੰ ਟਬ ਵਿਚ ਬੈਠੇ ਰਹਿਣ ਲਈ ਕਾਫੀ ਕੋਸ਼ਿਸ਼ ਕਰਨੀ ਪੈਂਦੀ ਹੈ।

## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

### FIND THE WORDS

| | | | | | | | | | | | |
|---|---|---|---|---|---|---|---|---|---|---|---|
| F | L | Y | I | N | G | F | I | S | H | G | C |
| S | C | U | B | A | D | I | V | I | N | G | O |
| C | O | S | E | A | B | E | D | E | T | I | R |
| R | T | U | R | T | L | E | N | U | U | S | A |
| A | S | O | I | D | Z | O | B | R | N | H | L |
| B | E | S | C | D | M | I | A | C | A | E | R |
| D | A | G | E | E | L | C | W | H | A | L | E |
| O | W | S | N | A | A | M | E | I | R | L | E |
| L | E | A | H | U | H | N | U | N | T | R | F |
| P | E | L | C | O | D | O | Y | S | T | E | R |
| H | D | M | P | S | H | A | R | K | S | S | T |
| I | G | O | C | T | O | P | U | S | V | E | T |
| N | P | N | M | O | R | A | Y | E | E | L | L |

ANEMONE, COD, CORAL REEF, CRAB, DOLPHIN, FLYING FISH, HALIBUT, MORAY EEL, MUSSEL, OCEAN, OCTOPUS, OYSTER, SALMON, SCUBA DIVING, SEABED, SEAHORSE, SEAWEED, SHARK, SHELL, ~~SQUID~~, TUNA, TURTLE, URCHIN, WHALE

## ਬਿੰਦੂ ਮਿਲਾਓ



## ਰਸਤਾ ਲੱਭੋ



## ਪਹੇਲੀ ਹੱਲ ਕਰੋ

ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਦਿੱਤੀ ਪਹੇਲੀ ਵਿਚੋਂ ਹਰੇਕ ਵੱਖ ਵੱਖ ਚੀਜ਼ਾਂ ਦਾ ਭਾਰ ਦੱਸ ਸਕਦੇ ਹੋ?



# ਨਿਊਕਲੀਅਰ ਵਿਸਥਾਰ ਵੱਲ ਮੁੜ ਵਧਦਾ ਸੰਸਾਰ



ਹਰਸ਼ਵਿੰਦਰ
ਸੰਪਰਕ: +61414101993

ਵਿਸ਼ਵ ਸਿਆਸੀ-ਆਰਥਿਕ ਢਾਂਚਾ ਤਬਦੀਲੀ ਦੇ ਪੜਾਅ ’ਤੇ ਹੋਣ ਨਾਲ ਸੰਸਾਰ ’ਚ ਅਨਿਸ਼ਚਿਤਤਾ ਲਗਾਤਾਰ ਵਧ ਰਹੀ ਹੈ, ਜਿਸ ਕਾਰਨ ਸੰਸਾਰ ਭਰ ਦੀਆਂ ਵੱਡੀਆਂ ਤਾਕਤਾਂ ਵਿਚਕਾਰ ਮੰਡੀ ਉੱਤੇ ਕਬਜ਼ੇ ਦੀ ਹੋੜ ਹੈ। ਸਾਮਰਾਜੀ ਤਾਕਤਾਂ ਦੁਨੀਆਂ ਦੇ ਗ਼ਰੀਬ ਮੁਲਕਾਂ ਵਿੱਚ ਆਰਥਿਕ-ਸਿਆਸੀ ਦਖ਼ਲਅੰਦਾਜ਼ੀ ਕਰਕੇ ਨਵੀਆਂ ਬਸਤੀਆਂ ਤੇ ਜੰਗਾਂ ਨੂੰ ਜਨਮ ਦੇ ਰਹੀਆਂ ਹਨ। ਇਨ੍ਹਾਂ ਤਾਕਤਾਂ ਦੀ ਆਪਸੀ ਜ਼ੋਰ-ਅਜ਼ਮਾਇਸ਼ ਕਾਰਨ ਦੁਨੀਆ ਭਰ ਦੇ ਦੇਸ਼ਾਂ ਵਿੱਚ ਫ਼ੌਜੀ ਤੇ ਰੱਖਿਆ ਖੇਤਰ ਵਿੱਚ ਨਿਵੇਸ਼ ਵਧ ਰਿਹਾ ਹੈ। ਅਜੋਕੀ ਭੂ-ਸਿਆਸਤ ਦੀ ਤਾਜ਼ਾ ਮਿਸਾਲ ਇਰਾਨ ਦੀ ਜੰਗ ਹੈ। 28 ਫਰਵਰੀ 2026 ਤੋਂ ਅਮਰੀਕਾ-ਇਜ਼ਰਾਈਲ ਵੱਲੋਂ ਇਰਾਨ ਉੱਤੇ ਹਮਲੇ ਸ਼ੁਰੂ ਹੋਏ ਹਨ। ਇਨ੍ਹਾਂ ਹਮਲਿਆਂ ’ਚ ਇਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਖਮੇਨੇਈ ਸਮੇਤ ਕਈ ਉੱਚ ਅਧਿਕਾਰੀ ਮਾਰੇ ਗਏ ਹਨ, ਨਿਊਕਲੀਅਰ ਸਾਈਟ ਤਬਾਹ ਕੀਤੇ ਗਏ ਹਨ ਅਤੇ ਰਿਹਾਇਸ਼ੀ ਇਲਾਕਿਆਂ ’ਤੇ ਹਮਲੇ ਹੋ ਰਹੇ ਹਨ। ਇਰਾਨ ਵੱਲੋਂ ਜਵਾਬੀ ਹਮਲੇ ਹੋ ਰਹੇ ਹਨ। ਰੂਸ ਅਤੇ ਚੀਨ ਨੇ ਇਸ ਨੂੰ ‘ਬਿਨਾਂ ਉਕਸਾਏ ਅਗਰੈਸ਼ਨ’ ਕਿਹਾ ਅਤੇ ਚਿਤਾਵਨੀ ਦਿੱਤੀ ਹੈ ਕਿ ਇਹ ਤੀਜੀ ਵਿਸ਼ਵ ਜੰਗ ਵੱਲ ਲਿਜਾ ਸਕਦਾ ਹੈ। ਇਸੇ ਤਰ੍ਹਾਂ ਵੈਨੇਜ਼ੁਏਲਾ ਵਿੱਚ ਜਨਵਰੀ 2026 ਵਿੱਚ ਅਮਰੀਕੀ ਫ਼ੌਜਾਂ ਨੇ ਰਾਸ਼ਟਰਪਤੀ ਮਾਦੂਰੋ ਨੂੰ ਪਤਨੀ ਸਮੇਤ ਗ੍ਰਿਫ਼ਤਾਰ ਕੀਤਾ ਅਤੇ ਤੇਲ ਉਦਯੋਗ ’ਤੇ ਸਿੱਧਾ ਕੰਟਰੋਲ ਕਰ ਲਿਆ। ਤੇਲ ਅਤੇ ਕੁਦਰਤੀ ਸਰੋਤਾਂ ’ਤੇ ਕਬਜ਼ਾ ਕਰਨ ਲਈ ਅਮਰੀਕਾ ਨੇ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਟੰਗ ਦਿੱਤਾ ਹੈ। ਇਰਾਨ ਅਤੇ ਵੈਨੇਜ਼ੁਏਲਾ ਦੋਵਾਂ ਵਿੱਚ ਤੇਲ ਇੱਕ ਮੁੱਖ ਨਿਸ਼ਾਨਾ ਹੈ। ਇੱਕ ਪਾਸੇ ਨਿਊਕਲੀਅਰ ਹਥਿਆਰਾਂ ਦਾ ਬਹਾਨਾ, ਦੂਜੇ ਪਾਸੇ ਸਿੱਧੀ ਫ਼ੌਜੀ ਕਾਰਵਾਈ। ਇਹ ਦੋਵੇਂ ਘਟਨਾਵਾਂ ਸਾਬਿਤ ਕਰਦੀਆਂ ਹਨ ਕਿ ਸਾਮਰਾਜੀ ਤਾਕਤਾਂ ਸਰੋਤਾਂ ’ਤੇ ਕਬਜ਼ੇ ਲਈ ਕਿਸੇ ਵੀ ਹੱਦ ਤੱਕ ਜਾ ਸਕਦੀਆਂ ਹਨ। ਅਜੋਕੀ ਸਥਿਤੀ ਉਸ ਵਿਚਾਰ ਦੀ ਪੁਸ਼ਟੀ ਕਰਦੀ ਹੈ ਕਿ ਨਿਊਕਲੀਅਰ ਹਥਿਆਰ ਹੀ ਅੰਤਿਮ ਸੁਰੱਖਿਆ ਕਵਚ ਹਨ। ਅਸੁਰੱਖਿਆ ਦੀ ਭਾਵਨਾ ਪੈਦਾ ਕਰਕੇ ਜ਼ਿਆਦਾਤਰ ਦੇਸ਼ਾਂ ਦੇ ਬਜਟ ਦਾ ਬਹੁਤਾ ਹਿੱਸਾ ਸਖ਼ਤ ਸਰਹੱਦੀ ਸੁਰੱਖਿਆ, ਆਰਥਿਕ ਰਾਸ਼ਟਰਵਾਦ ਅਤੇ ਹਥਿਆਰਾਂ ਦੇ ਨਵੀਨੀਕਰਨ ’ਤੇ ਲਗਾਇਆ ਜਾ ਰਿਹਾ ਹੈ। ਮਸਨੂਈ ਬੁੱਧੀ, ਸਾਈਬਰ ਖੇਤਰ, ਪ੍ਰਮਾਣੂ ਪਣਡੁੱਬੀਆਂ, ਹਾਈਪਰਸੋਨਿਕ ਹਥਿਆਰਾਂ, ਪ੍ਰਮਾਣੂ ਮਿਜ਼ਾਈਲਾਂ ਅਤੇ ਕੁਆਂਟਮ ਤਕਨਾਲੋਜੀ ਵਰਗੀਆਂ ਤਕਨੀਕਾਂ ਨਾਲ ਪਰਮਾਣੂ ਸਮਰੱਥਾਵਾਂ ਅਤੇ ਰੋਕਥਾਮ ਦੇ ਤਰੀਕਿਆਂ ਨੂੰ ਮੁੜ-ਪਰਿਭਾਸ਼ਿਤ ਕੀਤਾ ਜਾ ਰਿਹਾ ਹੈ।

ਮਨੁੱਖੀ ਸੱਭਿਅਤਾ ਦੀ ਉੱਨਤੀ ਦੇ ਨਾਲ-ਨਾਲ ਹਥਿਆਰਾਂ ਦੀ ਪ੍ਰਗਤੀ ਵੀ ਹੋਈ ਹੈ। ਮਨੁੱਖ ਨੇ ਨੇਜ਼ਿਆਂ-ਭਾਲਿਆਂ ਤੋਂ ਲੈ ਕੇ ਆਧੁਨਿਕ ਖ਼ਤਰਨਾਕ ਹਥਿਆਰਾਂ ਤੱਕ ਦਾ ਸਫ਼ਰ ਤੈਅ ਕਰਦਿਆਂ ਅਨੇਕਾਂ ਮਨੁੱਖੀ ਤ੍ਰਾਸਦੀਆਂ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ ਹੈ। ਇਸ ਸਮੇਂ ਪੂੰਜੀਵਾਦ ਦਾ ਸੰਕਟ ਦਿਨ-ਬ-ਦਿਨ ਗਹਿਰਾ ਹੁੰਦਾ ਜਾ ਰਿਹਾ ਹੈ। ਉਤਪਾਦਨ ਸ਼ਕਤੀਆਂ ਦੇ ਵਿਕਸਿਤ ਹੋਣ ਨਾਲ ਮੰਡੀਆਂ ਹੋਰ ਵਿਸਤਾਰ ਚਾਹੁੰਦੀਆਂ ਹਨ। ਵਿੱਤੀ-ਕਬਜ਼ੇ, ਭੂ-ਸਿਆਸੀ ਅਤੇ ਕੌਮਾਂਤਰੀ ਤਣਾਅ ਹੋਰ ਤਿਖੇਰਾ ਹੋ ਰਿਹਾ ਹੈ। ਸਾਮਰਾਜੀ ਤਾਕਤਾਂ ਵੱਲੋਂ ਯੁੱਧ ਰਾਹੀਂ ਸ਼ਾਂਤੀ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ ਤੇ ਇਸ ਹਾਲਤ ਵਿੱਚ ਹਥਿਆਰਾਂ ਦੀ ਹੋੜ ਹੋਰ ਵਧ ਰਹੀ ਹੈ। ਅਮਰੀਕਾ, ਰੂਸ ਅਤੇ ਚੀਨ ਤਿੰਨ ਵੱਡੇ ਹਥਿਆਰ ਨਿਰਮਾਤਾ ਦੇਸ਼ ਹਨ। ਇਨ੍ਹਾਂ ਦੇ ਅਮਲ ਅਤੇ ਬਿਆਨ ਹਥਿਆਰਾਂ ਦੇ ਹੋਰ ਵੱਧ ਪਸਾਰ ਵੱਲ ਸੇਧਿਤ ਹਨ। ਸ਼ੀਤ ਯੁੱਧ ਤੋਂ ਬਾਅਦ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਉੱਤੇ ਅਸਥਾਈ ਰੋਕਥਾਮ ਤੇ ਸੀਮਿਤ ਵਰਤੋਂ ਦੀ ਨੀਤੀ ਅਪਣਾਈ ਗਈ ਸੀ, ਪਰ ਹੁਣ ਵਿਸ਼ਵ ਆਰਥਿਕਤਾ ਦੇ ਸੰਕਟਗ੍ਰਸਤ ਹੋਣ ਨਾਲ ਇਨ੍ਹਾਂ ਖ਼ਤਰਨਾਕ ਹਥਿਆਰਾਂ ਦੇ ਉਤਪਾਦਨ ਅਤੇ ਵਪਾਰ ਵਿੱਚ ਮੁੜ ਤੇਜ਼ੀ ਆ ਰਹੀ ਹੈ। ਹਿੰਸਾ, ਅਰਾਜਕਤਾ ਅਤੇ ਯੁੱਧ ਪੂੰਜੀਵਾਦੀ ਪ੍ਰਣਾਲੀ ਦੇ ਅਟੁੱਟ ਅੰਗ ਹਨ। ਇਹ ਵਿਗਾੜ ਇਸ ਢਾਂਚੇ ਦੇ ਅੰਦਰੂਨੀ ਵਿਰੋਧਾਂ ਵਿੱਚੋਂ ਪੈਦਾ ਹੁੰਦੇ ਹਨ ਅਤੇ ਇਸ ਦੀ ਹੋਂਦ ਤੱਕ ਬਰਕਰਾਰ ਰਹਿਣ ਵਾਲੇ ਹਨ। ਅਮਰੀਕੀ ਸਾਮਰਾਜੀ ਦਬਦਬੇ ਦਾ ਖੁਰਨਾ ਅਤੇ ਹੋਰ ਸਾਮਰਾਜੀ ਤਾਕਤਾਂ, ਜੋ ਮੰਡੀਆਂ ’ਤੇ ਕਬਜ਼ੇ ਦੇ ਭੇੜ ਨੂੰ ਲੈ ਕੇ ਮੈਦਾਨ ’ਚ ਹਨ, ਤਾਂ ਇਸ ਸਮੇਂ ਪ੍ਰਮਾਣੂ ਪਸਾਰ ਨੂੰ ਫ਼ੌਜੀਕਰਨ ਦੀ ਨੀਤੀ ’ਚ ਸ਼ਾਮਿਲ ਕਰਨਾ ਸਾਮਰਾਜੀ ਧੌਂਸ ਨੂੰ ਸਥਾਪਿਤ ਕਰਨ ਅਤੇ ਆਰਥਿਕ-ਸਿਆਸੀ ਸਮਝੌਤਿਆਂ ਦੌਰਾਨ ਆਪਣੀਆਂ ਸ਼ਰਤਾਂ ਨੂੰ ਥੋਪਣ ਲਈ ਹਥਿਆਰ ਵਜੋਂ ਵਰਤਣ ਦਾ ਸਾਧਨ ਹਨ। ਮਾਰੂ ਜੰਗੀ ਹਥਿਆਰਾਂ ਦਾ ਇਹ ਦਬਦਬਾ ਵਿਸ਼ਵ ਵਪਾਰ ਨੂੰ ਪ੍ਰਭਾਵਿਤ ਕਰਨ ਅਤੇ ਹੋਰ ਗ਼ੈਰ-ਪ੍ਰਮਾਣੂ ਸਮਰੱਥਾ ਵਾਲੇ ਮੁਲਕਾਂ ਨੂੰ ਸੁਰੱਖਿਆ ਛੱਤਰੀ ਦੀ ਗਾਰੰਟੀ ਵੇਚਣ ਲਈ ਵੀ ਵਰਤਿਆ ਜਾਂਦਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਪੈਂਟਾਗਨ ਨੂੰ ਹਦਾਇਤ ਦਿੱਤੀ ਹੈ ਕਿ ਉਹ ਤੁਰੰਤ ਰੂਸ ਅਤੇ ਚੀਨ ਵਰਗੀਆਂ ਹੋਰ ਪ੍ਰਮਾਣੂ ਸ਼ਕਤੀਆਂ ਦੇ ਬਰਾਬਰ ਆਪਣੇ ਪ੍ਰਮਾਣੂ ਹਥਿਆਰਾਂ ਦੇ ਨਿਰੀਖਣ ਦੀ ਸ਼ੁਰੂਆਤ ਕਰੇ। ਇੱਕ ਅੰਦਾਜ਼ੇ ਮੁਤਾਬਿਕ ਅਗਲੇ ਪੰਜ ਸਾਲਾਂ ਤੱਕ ਚੀਨ ਦਾ ਪ੍ਰਮਾਣੂ ਭੰਡਾਰ ਅਮਰੀਕਾ ਤੋਂ ਵੱਧ ਹੋਵੇਗਾ। ਅਮਰੀਕਾ ਨੇ 1992 ਵਿੱਚ ਆਪਣਾ ਆਖ਼ਰੀ ਪੂਰਨ ਪ੍ਰਮਾਣੂ ਨਿਰੀਖਣ ਕੀਤਾ ਸੀ। ਪਿਛਲੇ ਦਿਨੀਂ ਰੂਸੀ ਰਾਸ਼ਟਰਪਤੀ ਪੂਤਿਨ ਨੇ ਇੱਕ ਪ੍ਰਮਾਣੂ-ਸਮਰੱਥ ਕਰੂਜ਼ ਮਿਜ਼ਾਈਲ ‘ਬੁਰੇਵੇਸਤਨਿਕ’ ਅਤੇ ਇੱਕ ਪ੍ਰਮਾਣੂ-ਸੰਚਾਲਿਤ ‘ਪੋਸੀਡਨ’ ਤਾਰਪੀਡੋ ਦੇ ਸਫ਼ਲ ਨਿਰੀਖਣਾਂ ਦਾ ਐਲਾਨ ਕੀਤਾ ਸੀ। ਸਾਰੇ ਨੌਂ ਪਰਮਾਣੂ-ਸੰਪੰਨ ਦੇਸ਼ਾਂ ਨੇ 2024 ਵਿੱਚ ਆਪਣੇ ਪਰਮਾਣੂ ਹਥਿਆਰਾਂ ਨੂੰ ਉੱਨਤ ਕਰਨਾ ਜਾਰੀ ਰੱਖਿਆ। ਸਿਪਰੀ ਦੀ ਰਿਪੋਰਟ ਅਨੁਸਾਰ, ਜਨਵਰੀ 2025 ਤੱਕ ਦੁਨੀਆ ਵਿੱਚ ਕੁੱਲ 12,241 ਪਰਮਾਣੂ ਵਾਰਹੈੱਡ ਸਨ, ਜਿਨ੍ਹਾਂ ਵਿੱਚੋਂ 9,614 ਫ਼ੌਜੀ ਭੰਡਾਰਾਂ ਵਿੱਚ ਸਨ।

ਇਨ੍ਹਾਂ ਵਿੱਚੋਂ 3,912 ਵਾਰਹੈੱਡ ਮਿਜ਼ਾਈਲਾਂ ਅਤੇ ਲੜਾਕੂ ਜਹਾਜ਼ ਸਨ ਅਤੇ ਲਗਭਗ 2100 ਵਾਰਹੈੱਡ ਉੱਚ ਸਮਰੱਥਾ ਵਾਲੇ ਸਨ, ਜੋ ਜ਼ਿਆਦਾਤਰ ਰੂਸ ਅਤੇ ਅਮਰੀਕਾ ਕੋਲ ਸਨ। ਰੂਸ ਅਤੇ ਅਮਰੀਕਾ ਕੋਲ ਦੁਨੀਆ ਦੇ 90 ਫ਼ੀਸਦੀ ਪਰਮਾਣੂ ਹਥਿਆਰ ਹਨ। 2026 ਵਿੱਚ ਦੋ-ਪੱਖੀ ਪ੍ਰਮਾਣੂ ਸਮਝੌਤਾ ਖ਼ਤਮ ਹੋਣ ਤੋਂ ਬਾਅਦ ਤਾਇਨਾਤ ਵਾਰਹੈੱਡਾਂ ਦੀ ਗਿਣਤੀ ਵਧ ਸਕਦੀ ਹੈ। ਚੀਨ ਨੇ ਵੀ ਪਰੇਡ ਦਿਵਸ ’ਤੇ ਸ਼ਕਤੀ ਪ੍ਰਦਰਸ਼ਨ ਕਰਦਿਆਂ ਆਪਣੇ ਸਾਥੀਆਂ ਅਤੇ ਵਿਰੋਧੀਆਂ ਦੋਵਾਂ ਨੂੰ ਹਥਿਆਰ ਪ੍ਰਦਰਸ਼ਨ ਰਾਹੀਂ ਰਣਨੀਤਕ ਸੰਦੇਸ਼ ਦਿੰਦੇ ਹੋਏ ਆਪਣੇ ਨਾਗਰਿਕਾਂ ’ਚ ਰਾਸ਼ਟਰਵਾਦੀ ਭਾਵਨਾ ਭਰਨ ਦੀ ਕੋਸ਼ਿਸ਼ ਕੀਤੀ ਹੈ। ਚੀਨ ਨੇ ਆਪਣੀ ਉਤਪਾਦਨ ਸਮਰੱਥਾ ਨੂੰ ਵਿਸ਼ਵ ਸਾਹਮਣੇ ਪੇਸ਼ ਕਰਦਿਆਂ ਦੱਸਿਆ ਕਿ ਉਸ ਦਾ ਉਦਯੋਗ ਸਿਰਫ਼ ਉਪਭੋਗਤਾ ਵਸਤਾਂ ਤੱਕ ਹੀ ਸੀਮਿਤ ਨਹੀਂ, ਸਗੋਂ ਫ਼ੌਜੀ ਤਕਨਾਲੋਜੀ ਵਿੱਚ ਵੀ ਉਸ ਕੋਲ ਯੋਗ ਸਮਰੱਥਾ ਹੈ। ਇਸ ਰਾਹੀਂ ਸੰਸਾਰ ਨੂੰ ਸੁਨੇਹਾ ਦਿੱਤਾ ਗਿਆ ਕਿ ਚੀਨੀ ਪ੍ਰਬੰਧ ਸਥਿਰ, ਸਮਰੱਥ ਅਤੇ ਅਕੀਦੇ ਦੀ ਸਪੱਸ਼ਟਤਾ ਵਾਲਾ ਪ੍ਰਬੰਧ ਹੈ।

ਉਧਰ ਅਮਰੀਕਾ ਅਤੇ ਯੂਰੋਪ ਵਿਚਕਾਰ ਦੂਰੀਆਂ ਵਧਦੀਆਂ ਜਾ ਰਹੀਆਂ ਹਨ। ਅਮਰੀਕੀ ਰਾਸ਼ਟਰਪਤੀ ਟਰੰਪ ਦੁਆਰਾ ਰੂਸ-ਯੂਕਰੇਨ ਸ਼ਾਂਤੀ ਸਮਝੌਤੇ ਦੀ ਸਾਲਸੀ ’ਚ ਰੂਸ ਨੂੰ ਮੁੜ ਪੈਰਾਂ ਸਿਰ ਕਰਨ ਅਤੇ ਜੀ ਅੱਠ ਗਰੁੱਪ ਵਿੱਚ ਮੁੜ-ਸ਼ਾਮਿਲ ਹੋਣ ਦਾ ਨੁਕਤਾ ਲਿਖਣਾ ਪੂਰਾ ਧਿਆਨ ਪੇਈਚਿੰਗ ’ਤੇ ਕੇਂਦਰਿਤ ਕਰਨ ਵੱਲ ਹੈ। ਦੂਜੇ ਪਾਸੇ ‘ਅਮਰੀਕਾ ਫਸਟ’ ਕਹਿ ਕੇ ਨਾਟੋ ਨੂੰ ਨਕਾਰਿਆ ਵੀ ਜਾ ਰਿਹਾ ਹੈ। ਯੂਰੋਪ ਵਿੱਚ ਫਰਾਂਸ ਦੇ ਪਰਮਾਣੂ ਹਥਿਆਰਾਂ ਦੇ ਦਾਇਰੇ ਨੂੰ ਵਧਾਉਣ ’ਤੇ ਚਰਚਾ ਚੱਲ ਰਹੀ ਹੈ, ਜਿਸ ਵਿੱਚ ਜਰਮਨੀ ਅਤੇ ਪੋਲੈਂਡ ਵਰਗੇ ਗੈਰ-ਪਰਮਾਣੂ ਦੇਸ਼ ਸ਼ਾਮਲ ਹਨ। ਬ੍ਰਿਟੇਨ ਵੀ ਇਸ ਯੂਰੋਪੀ ਫ਼ੌਜੀ ਮੁੜ-ਤਬਦੀਲੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ। ਹਾਲਾਂਕਿ ਯੂਰੋਪ ਫ਼ਿਲਹਾਲ ਆਪਣੀ ਏਕੀਕ੍ਰਿਤ ਫ਼ੌਜੀ ਕਮਾਂਡ ਦੀ ਘਾਟ ਕਾਰਨ ਅਮਰੀਕਾ ’ਤੇ ਨਿਰਭਰ ਹੈ, ਪਰ ਵਿਸ਼ਾਲ ਫ਼ੌਜੀ ਮੁੜ-ਤਬਦੀਲੀ ਭਵਿੱਖ ਵਿੱਚ ਇੱਕ ਵਧੇਰੇ ਸੁਤੰਤਰ ਯੂਰੋਪੀ ਫ਼ੌਜੀ ਰਾਹ ਦੀ ਸੰਭਾਵਨਾ ਨੂੰ ਦਰਸਾਉਂਦੀ ਹੈ।

ਅਮਰੀਕੀ ਫ਼ੌਜੀ ਇਜ਼ਰਾਇਲੀ ਅੱਡਾ ਮੱਧ ਪੂਰਬ ਵਿੱਚ ਅਸੁਰੱਖਿਆ ਦੀ ਭਾਵਨਾ ਨੂੰ ਤਰਜੀਹਾਂ ਦੇ ਕੇ ਗੁਆਂਢੀ ਮੁਲਕਾਂ ਨੂੰ ਅਮਰੀਕੀ ਸੁਰੱਖਿਆ ਛੱਤਰੀ ਵੱਲ ਧੱਕ ਰਿਹਾ ਹੈ। ਇਰਾਕ-ਇਰਾਨ ਵਰਗੇ ਦੇਸ਼ ਜੇਕਰ ਸਿਰਫ ਨਿਊਕਲੀਅਰ ਰਿਐਕਟਰ ਇਕੱਠੇ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ ਤਾਂ ਉਹਨਾਂ ਮੁਲਕਾਂ ਦੇ ਅੰਦਰ ਦਾਖ਼ਲ ਹੋ ਕੇ ਤਬਾਹੀ ਦੀਆਂ ਮਿਸਾਲਾਂ ਕਾਇਮ ਕੀਤੀਆਂ ਗਈਆਂ। ਆਸਟ੍ਰੇਲੀਆ, ਇੰਗਲੈਂਡ, ਅਮਰੀਕਾ ਪ੍ਰਮਾਣੂ ਪਣਡੁੱਬੀਆਂ ਦੇ ਪ੍ਰਾਜੈਕਟ ਵਿੱਚ ਚੀਨ ਨੂੰ ਵੱਡਾ ਖ਼ਤਰਾ ਮੰਨਦੇ ਹਨ। ਉੱਤਰੀ ਕੋਰੀਆ ਦੇ ਡਰ ਨੂੰ ਆਧਾਰ ਬਣਾ ਕੇ ਅਮਰੀਕਾ ਅਤੇ ਦੱਖਣੀ ਕੋਰੀਆ ਵਿਚਕਾਰ ਸੁਰੱਖਿਆ ਸਮਝੌਤਾ ਹੋਇਆ ਹੈ, ਜਿਸ ਵਿੱਚ ਦੱਖਣੀ ਕੋਰੀਆ ਦੀ ਅਮਰੀਕੀ ਸਹਿਯੋਗ ਨਾਲ ਪਰਮਾਣੂ-ਸੰਚਾਲਿਤ ਪਣਡੁੱਬੀਆਂ ਬਣਾਉਣ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ। ਜਪਾਨ ਦੇ ਨਵੇਂ ਪ੍ਰਧਾਨ ਮੰਤਰੀ ਵੱਲੋਂ ਤਿੰਨ ਗੈਰ-ਪਰਮਾਣੂ ਸਿਧਾਂਤਾਂ ਵਿੱਚ ਤਬਦੀਲੀ ਦੇ ਸੰਕੇਤ ਅਤੇ ਤਾਇਵਾਨ ਸਬੰਧੀ ਬਿਆਨ ਨੇ ਖੇਤਰ ਵਿੱਚ ਤਣਾਅ ਨੂੰ ਹੋਰ ਵਧਾਇਆ ਹੈ।

ਕੋਲੇ ਅਤੇ ਤੇਲ ਨੂੰ ਲੈ ਕੇ ਚੱਲਦੀ ਆ ਰਹੀ ਸਾਮਰਾਜੀ ਖਿਚੋਤਾਣ ਸੈਮੀਕੰਡਕਟਰਾਂ ਅਤੇ ਦੁਰਲੱਭ ਧਰਤੀ-ਖਣਿਜਾਂ ਤੱਕ ਪਹੁੰਚ ਗਈ ਹੈ। ਅੱਸੀ ਸਾਲ ਪਹਿਲਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਸੁੱਟੇ ਪ੍ਰਮਾਣੂ ਬੰਬ ਮਨੁੱਖਤਾ ਲਈ ਚੇਤਾਵਨੀ ਸਨ। ਨਿਊਕਲੀਅਰ ਵਿਸਥਾਰ ਨੂੰ ਆਮ ਵਾਂਗ ਸਵੀਕਾਰਨਾ ਮਨੁੱਖਤਾ ਲਈ ਘਾਤਕ ਸਾਬਿਤ ਹੋਵੇਗਾ। ਪ੍ਰਮਾਣੂ ਯੁੱਧ ਕਿਸੇ ਨੂੰ ਵੀ ਆਰਥਿਕ ਲਾਭ ਨਹੀਂ ਦੇ ਸਕਦਾ। ਇਸਦਾ ਅੰਤਿਮ ਨਤੀਜਾ ਪੂਰਨ ਤਬਾਹੀ ਅਤੇ ਸਰਬਨਾਸ਼ ਹੈ। ਪੂੰਜੀਵਾਦ ਦਾ ਅੰਦਰੂਨੀ ਵਿਰੋਧਾਭਾਸ ਵਧਦਾ ਜਾ ਰਿਹਾ ਹੈ। ਜੰਗੀ ਖਰਚਿਆਂ ਦੀ ਭਰਪਾਈ ਜਨਤਕ ਖੇਤਰ ਨੂੰ ਖਤਮ ਕਰਕੇ ਕੀਤੀ ਜਾ ਰਹੀ ਹੈ। ਮਨੁੱਖਤਾ ਦੀ ਭਲਾਈ ਦੀ ਥਾਂ ਤਬਾਹੀ ਦੇ ਸੰਦ ਵਿਕਸਿਤ ਕੀਤੇ ਜਾ ਰਹੇ ਹਨ। ਮੌਜੂਦਾ ਮੁਨਾਫ਼ਾਖੋਰ ਪੂੰਜੀਵਾਦੀ ਪ੍ਰਬੰਧ ਨੂੰ ਖਤਮ ਕਰਕੇ ਹੀ ਸਾਮਰਾਜੀ ਜੰਗੀ ਮਸ਼ੀਨ ਤੋਂ ਨਿਜਾਤ ਪਾਈ ਜਾ ਸਕਦੀ ਹੈ।

ਅਮਰੀਕੀ ਫ਼ੌਜੀ ਇਜ਼ਰਾਇਲੀ ਅੱਡਾ ਮੱਧ ਪੂਰਬ ਵਿੱਚ ਅਸੁਰੱਖਿਆ ਦੀ ਭਾਵਨਾ ਨੂੰ ਤਰਜੀਹਾਂ ਦੇ ਕੇ ਗੁਆਂਢੀ ਮੁਲਕਾਂ ਨੂੰ ਅਮਰੀਕੀ ਸੁਰੱਖਿਆ ਛੱਤਰੀ ਵੱਲ ਧੱਕ ਰਿਹਾ ਹੈ। ਇਰਾਕ-ਇਰਾਨ ਵਰਗੇ ਦੇਸ਼ ਜੇਕਰ ਸਿਰਫ ਨਿਊਕਲੀਅਰ ਰਿਐਕਟਰ ਇਕੱਠੇ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ ਤਾਂ ਉਹਨਾਂ ਮੁਲਕਾਂ ਦੇ ਅੰਦਰ ਦਾਖ਼ਲ ਹੋ ਕੇ ਤਬਾਹੀ ਦੀਆਂ ਮਿਸਾਲਾਂ ਕਾਇਮ ਕੀਤੀਆਂ ਗਈਆਂ।

ਆਸਟ੍ਰੇਲੀਆ, ਇੰਗਲੈਂਡ, ਅਮਰੀਕਾ ਪ੍ਰਮਾਣੂ ਪਣਡੁੱਬੀਆਂ ਦੇ ਪ੍ਰਾਜੈਕਟ ਵਿੱਚ ਚੀਨ ਨੂੰ ਵੱਡਾ ਖ਼ਤਰਾ ਮੰਨਦੇ ਹਨ। ਉੱਤਰੀ ਕੋਰੀਆ ਦੇ ਡਰ ਨੂੰ ਆਧਾਰ ਬਣਾ ਕੇ ਅਮਰੀਕਾ ਅਤੇ ਦੱਖਣੀ ਕੋਰੀਆ ਵਿਚਕਾਰ ਸੁਰੱਖਿਆ ਸਮਝੌਤਾ ਹੋਇਆ ਹੈ, ਜਿਸ ਵਿੱਚ ਦੱਖਣੀ ਕੋਰੀਆ ਦੀ ਅਮਰੀਕੀ ਸਹਿਯੋਗ ਨਾਲ ਪਰਮਾਣੂ-ਸੰਚਾਲਿਤ ਪਣਡੁੱਬੀਆਂ ਬਣਾਉਣ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ। ਜਪਾਨ ਦੇ ਨਵੇਂ ਪ੍ਰਧਾਨ ਮੰਤਰੀ ਵੱਲੋਂ ਤਿੰਨ ਗੈਰ-ਪਰਮਾਣੂ ਸਿਧਾਂਤਾਂ ਵਿੱਚ ਤਬਦੀਲੀ ਦੇ ਸੰਕੇਤ ਅਤੇ ਤਾਇਵਾਨ ਸਬੰਧੀ ਬਿਆਨ ਨੇ ਖੇਤਰ ਵਿੱਚ ਤਣਾਅ ਨੂੰ ਹੋਰ ਵਧਾਇਆ ਹੈ।

ਸਿਪਰੀ ਦੀ ਰਿਪੋਰਟ ਅਨੁਸਾਰ, ਜਨਵਰੀ 2025 ਤੱਕ ਦੁਨੀਆ ਵਿੱਚ ਕੁੱਲ 12,241 ਪਰਮਾਣੂ ਵਾਰਹੈੱਡ ਸਨ, ਜਿਨ੍ਹਾਂ ਵਿੱਚੋਂ 9,614 ਫ਼ੌਜੀ ਭੰਡਾਰਾਂ ਵਿੱਚ ਸਨ। ਇਨ੍ਹਾਂ ਵਿੱਚੋਂ 3,912 ਵਾਰਹੈੱਡ ਮਿਜ਼ਾਈਲਾਂ ਅਤੇ ਲੜਾਕੂ ਜਹਾਜ਼ ਸਨ ਅਤੇ ਲਗਭਗ 2100 ਵਾਰਹੈੱਡ ਉੱਚ ਸਮਰੱਥਾ ਵਾਲੇ ਸਨ, ਜੋ ਜ਼ਿਆਦਾਤਰ ਰੂਸ ਅਤੇ ਅਮਰੀਕਾ ਕੋਲ ਸਨ। ਰੂਸ ਅਤੇ ਅਮਰੀਕਾ ਕੋਲ ਦੁਨੀਆ ਦੇ 90 ਫ਼ੀਸਦੀ ਪਰਮਾਣੂ ਹਥਿਆਰ ਹਨ। 2026 ਵਿੱਚ ਦੋ-ਪੱਖੀ ਪ੍ਰਮਾਣੂ ਸਮਝੌਤਾ ਖ਼ਤਮ ਹੋਣ ਤੋਂ ਬਾਅਦ ਤਾਇਨਾਤ ਵਾਰਹੈੱਡਾਂ ਦੀ ਗਿਣਤੀ ਵਧ ਸਕਦੀ ਹੈ।

# ਦੇਸੀ ਤੜਕਾ

## ਪੰਜਾਬੀ ਸਟਾਈਲ ਰਾਜਮਾਂਹ



| | | |
|---|---|---|
| ਸਮੱਗਰੀ | 1/2 ਚਮਚ ਲਾਲ ਮਿਰਚ ਪਾਊਡਰ, | 2 ਵੱਡੀ ਇਲਾਇਚੀ, |
| ਰਾਜਮਾਂਹ - 1/2 ਕੱਪ, | 2 ਚਮਚ ਧਨੀਆ ਪਾਊਡਰ, | 1/4 ਚਮਚ ਅਮਚੂਰ, |
| 2 ਕੱਟੇ ਹੋਏ ਟਮਾਟਰ, | 1 ਚਮਚ ਗਰਮ ਮਸਾਲਾ, | ਕੱਟਿਆ ਹੋਇਆ ਹਰਾ ਧਨੀਆ, |
| 2 ਕੱਟੀਆਂ ਹਰੀਆਂ ਮਿਰਚਾਂ, | 1 ਟੁਕੜਾ ਅਦਰਕ, | 3 ਚਮਚ ਤੇਲ, |
| 1 ਪਿਆਜ਼, | 2 ਤੇਜ ਪੱਤੇ, | ਲੂਣ- ਸੁਆਦ ਅਨੁਸਾਰ |

**ਬਣਾਉਣ ਦਾ ਤਰੀਕਾ :** ਰਾਜਮਾਂਹ ਬਣਾਉਣ ਲਈ ਡੇਢ ਕੱਪ ਰਾਜਮਾਂਹ ਵਿੱਚ ਚਾਰ ਕੱਪ ਪਾਣੀ ਮਿਲਾ ਕੇ ਰਾਤ ਭਰ ਭਿਓਂ ਕੇ ਰੱਖੋ। ਜੇਕਰ ਤੁਸੀਂ ਘੱਟ ਸਮੇਂ 'ਚ ਰਾਜਮਾਂਹ ਬਣਾਉਣਾ ਚਾਹੁੰਦੇ ਹੋ ਤਾਂ ਰਾਜਮਾਂਹ ਨੂੰ ਗਰਮ ਪਾਣੀ 'ਚ 2-3 ਘੰਟੇ ਲਈ ਭਿਓ ਕੇ ਰੱਖੋ। ਇਸ ਤੋਂ ਬਾਅਦ ਪ੍ਰੈਸ਼ਰ ਕੁੱਕਰ 'ਚ ਰਾਜਮਾਂਹ, ਤੇਜ ਪੱਤਾ, ਵੱਡੀ ਇਲਾਇਚੀ ਅਤੇ ਇਕ ਚਮਚ ਨਮਕ ਪਾ ਕੇ ਘੱਟ ਅੱਗ 'ਤੇ ਉਬਾਲਣ ਲਈ ਰੱਖੋ। ਇਨ੍ਹਾਂ ਨੂੰ ਉਬਾਲਣ 'ਚ 15 ਤੋਂ 20 ਮਿੰਟ ਲੱਗਣਗੇ। ਪਿਆਜ਼, ਅਦਰਕ ਅਤੇ ਹਰੀ ਮਿਰਚ ਨੂੰ ਮਿਕਸਰ 'ਚ ਪਾ ਕੇ ਬਰੀਕ ਪੇਸਟ ਬਣਾ ਲਓ। ਇਸ ਤੋਂ ਬਾਅਦ ਟਮਾਟਰ ਨੂੰ ਕੱਟ ਲਓ ਅਤੇ ਮਿਕਸਰ 'ਚ ਪੀਸ ਲਓ। ਹੁਣ ਇਕ ਕੜਾਹੀ ਲੈ ਕੇ ਇਸ ਵਿਚ ਤੇਲ ਪਾ ਕੇ ਮੱਧਮ ਅੱਗ 'ਤੇ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਪਿਆਜ਼ ਦਾ ਪੇਸਟ ਪਾ ਕੇ ਸੁਨਹਿਰੀ ਹੋਣ ਤੱਕ ਭੁੰਨ ਲਓ। ਜਦੋਂ ਪਿਆਜ਼ ਸੁਨਹਿਰੀ ਹੋ ਜਾਵੇ ਤਾਂ ਇਸ 'ਚ ਲਾਲ ਮਿਰਚ ਪਾਊਡਰ, ਧਨੀਆ, ਗਰਮ ਮਸਾਲਾ ਅਤੇ ਸਵਾਦ ਅਨੁਸਾਰ ਨਮਕ ਪਾ ਕੇ ਲਗਭਗ 1 ਮਿੰਟ ਤੱਕ ਭੁੰਨ ਲਓ। ਇਸ ਤੋਂ ਬਾਅਦ ਇਸ 'ਚ ਟਮਾਟਰ ਦੀ ਪਿਊਰੀ ਪਾਓ ਅਤੇ ਮਸਾਲਾ ਤੇਲ ਛੱਡਣ ਤੱਕ ਪਕਾਓ। ਇਸ ਤੋਂ ਬਾਅਦ ਉਬਲੇ ਹੋਏ ਰਾਜਮਾਂਹ ਨੂੰ ਇਸ ਭੁੰਨੇ ਹੋਏ ਮਸਾਲੇ 'ਚ ਪਾਓ। ਰਾਜਮਾਂਹ ਨੂੰ ਮਸਾਲੇ ਦੇ ਨਾਲ ਚੰਗੀ ਤਰ੍ਹਾਂ ਮਿਲਾਓ। ਹੁਣ ਇਸ ਨੂੰ ਕਰੀਬ 10 ਮਿੰਟ ਹੋਰ ਪੱਕਣ ਦਿਓ। ਇਸ ਤੋਂ ਬਾਅਦ ਗੈਸ ਬੰਦ ਕਰ ਦਿਓ। ਇਸ ਤਰ੍ਹਾਂ ਤੁਹਾਡਾ ਸੁਆਦੀ ਰਾਜਮਾਂਹ ਤਿਆਰ ਹੈ। ਇਸ ਨੂੰ ਹਰੇ ਧਨੀਏ ਨਾਲ ਗਾਰਨਿਸ਼ ਕਰੋ। ਤੁਸੀਂ ਰਾਜਮਾਂਹ ਨੂੰ ਰੋਟੀ ਜਾਂ ਚੌਲਾਂ ਨਾਲ ਖਾ ਸਕਦੇ ਹੋ।

## ਦੱਖਣੀ ਭਾਰਤ ਦਾ ਮਸ਼ਹੂਰ ਮੇਦੂ ਵੜਾ



| | | |
|---|---|---|
| ਸਮੱਗਰੀ | ਅਦਰਕ ਬਾਰੀਕ ਕੱਟਿਆ - 1 ਚਮਚ | ਧਨੀਆ ਪੱਤੇ ਕੱਟੇ ਹੋਏ - 2 ਚਮਚ |
| ਉੜਦ ਦੀ ਦਾਲ - 1 ਕੱਪ | ਹਿੰਗ - 1 ਚੂੰਡੀ | ਤੇਲ - ਲੋੜ ਅਨੁਸਾਰ |
| ਸੁੱਕਾ ਨਾਰੀਅਲ - 1 ਚਮਚ | ਕੱਟੀਆਂ ਹੋਈਆਂ ਹਰੀਆਂ ਮਿਰਚਾਂ - 2 | ਲੂਣ - ਸੁਆਦ ਅਨੁਸਾਰ |
| ਚੌਲਾਂ ਦਾ ਆਟਾ - 1 ਚਮਚ | ਕਰੀ ਪੱਤੇ - 7-8 | |

**ਬਣਾਉਣ ਦਾ ਤਰੀਕਾ :** ਮੇਦੂ ਵੜਾ ਬਣਾਉਣ ਲਈ ਸਭ ਤੋਂ ਪਹਿਲਾਂ ਉੜਦ ਦੀ ਦਾਲ ਲਓ ਅਤੇ ਇਸ ਨੂੰ ਪਾਣੀ 'ਚ ਭਿਓ ਕੇ ਘੱਟੋ-ਘੱਟ 3 ਘੰਟੇ ਲਈ ਰੱਖ ਦਿਓ। ਨਿਰਧਾਰਤ ਸਮੇਂ ਤੋਂ ਬਾਅਦ, ਦਾਲ 'ਚੋਂ ਪਾਣੀ ਕੱਢ ਕੇ ਮਿਕਸਰ ਦੀ ਮਦਦ ਨਾਲ ਪੀਸ ਕੇ ਪੇਸਟ ਬਣਾ ਲਓ। ਧਿਆਨ ਰਹੇ ਕਿ ਦਾਲ ਦਾ ਬਹੁਤ ਪਤਲਾ ਪੇਸਟ ਬਣਾਉਣ ਦੀ ਬਜਾਏ ਪੇਸਟ ਨੂੰ ਥੋੜ੍ਹਾ ਮੋਟਾ ਰੱਖੋ। ਹੁਣ ਇਸ ਪੇਸਟ ਨੂੰ ਕਟੋਰੀ 'ਚ ਕੱਢ ਲਓ ਅਤੇ ਇਕ ਪਾਸੇ ਰੱਖ ਦਿਓ। ਇਸ ਤੋਂ ਬਾਅਦ ਆਟੇ ਨੂੰ ਚੰਗੀ ਤਰ੍ਹਾਂ ਨਾਲ ਮਿਲਾਓ ਅਤੇ ਇਸ ਨੂੰ ਉਦੋਂ ਤੱਕ ਹਿਲਾਉਂਦੇ ਰਹੋ ਜਦੋਂ ਤੱਕ ਕਿ ਬੈਟਰ ਹਲਕਾ ਨਾ ਹੋ ਜਾਵੇ। ਇਸ ਤੋਂ ਬਾਅਦ ਇਸ ਵਿਚ ਕੱਟਿਆ ਹੋਇਆ ਅਦਰਕ, ਕੜੀ ਪੱਤਾ, ਹਰਾ ਧਨੀਆ, ਸੁੱਕਾ ਨਾਰੀਅਲ, ਹੀਂਗ, ਚੌਲਾਂ ਦਾ ਆਟਾ ਅਤੇ ਸਵਾਦ ਅਨੁਸਾਰ ਨਮਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰ ਲਓ। ਇੱਕ ਵਾਰ ਫਿਰ ਆਟੇ ਨੂੰ ਚੰਗੀ ਤਰ੍ਹਾਂ ਨਾਲ ਮਿਲਾਓ।

ਹੁਣ ਇੱਕ ਕੜਾਹੀ ਲੈ ਕੇ ਇਸ ਵਿੱਚ ਤੇਲ ਪਾ ਕੇ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਆਪਣੇ ਹੱਥਾਂ ਨੂੰ ਗਿੱਲਾ ਕਰੋ ਅਤੇ ਇੱਕ ਛੋਟਾ ਬਾਲ ਸਾਈਜ਼ ਬੈਟਰ ਲੈ ਕੇ ਪਹਿਲਾਂ ਗੋਲ ਕਰੋ, ਫਿਰ ਇਸ ਨੂੰ ਹਥੇਲੀ 'ਤੇ ਚਪਟਾ ਕਰੋ ਅਤੇ ਵਿਚਕਾਰ ਇੱਕ ਸੁਰਾਖ ਬਣਾ ਲਓ। ਇਸੇ ਤਰ੍ਹਾਂ ਆਟੇ ਤੋਂ ਮੇਦੂ ਵੜਾ ਤਿਆਰ ਕਰੋ। ਹੁਣ ਇਨ੍ਹਾਂ ਨੂੰ ਪੈਨ 'ਚ ਪਾ ਕੇ ਫਰਾਈ ਕਰੋ। ਮੇਦੂ ਵੜਾ ਨੂੰ ਮੱਧਮ ਅੱਗ 'ਤੇ ਤਲਣ ਦਿਓ। ਇਨ੍ਹਾਂ ਨੂੰ ਦੋਹਾਂ ਪਾਸਿਆਂ ਤੋਂ ਗੋਲਡਨ ਬਰਾਊਨ ਹੋਣ ਤੱਕ ਫਰਾਈ ਕਰੋ। ਜਦੋਂ ਮੇਦੂ ਕੁਰਕੁਰਾ ਹੋ ਜਾਵੇ ਤਾਂ ਇਨ੍ਹਾਂ ਨੂੰ ਵੱਖ ਪਲੇਟ 'ਚ ਕੱਢ ਲਓ। ਇਸੇ ਤਰ੍ਹਾਂ ਸਾਰੇ ਮੇਦੂ ਵੜੇ ਨੂੰ ਤਲ ਲਓ। ਨਾਸ਼ਤੇ ਲਈ ਸੁਆਦੀ ਮੇਦੂ ਵੜਾ ਤਿਆਰ ਹੈ। ਇਨ੍ਹਾਂ ਨੂੰ ਸਾਂਬਰ ਜਾਂ ਚਟਨੀ ਨਾਲ ਪਰੋਸੋ।

# ਤਕਨਾਲੋਜੀ ਟਾਈਮਜ਼

## 400 ਮਿਲੀਅਨ ਡਾਲਰ ਦਾ ਨਵਾਂ ਬੂਸਟ: ਐਪਲ ਵੱਲੋਂ ਘਰੇਲੂ ਸਪਲਾਈ ਚੇਨ ਮਜ਼ਬੂਤ ਕਰਨ ਦੀ ਤਿਆਰੀ

ਵਾਸ਼ਿੰਗਟਨ : ਦੁਨੀਆ ਦੀ ਪ੍ਰਮੁੱਖ ਤਕਨਾਲੋਜੀ ਕੰਪਨੀ ਐਪਲ ਨੇ ਅਮਰੀਕਾ ਵਿੱਚ ਆਪਣੇ ਨਿਰਮਾਣ ਅਤੇ ਉਤਪਾਦਨ ਪ੍ਰੋਗਰਾਮ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਵੱਡੇ ਨਿਵੇਸ਼ ਦਾ ਐਲਾਨ ਕੀਤਾ ਹੈ। ਕੰਪਨੀ ਨੇ ਆਪਣੇ ਵੱਕਾਰੀ 'ਅਮਰੀਕੀ ਮੈਨੂਫੈਕਚਰਿੰਗ ਇਨਵੈਸਟਮੈਂਟ' ਪ੍ਰੋਗਰਾਮ ਵਿੱਚ ਬੋਸ਼ (Bosch) ਅਤੇ ਸਿਰਸ ਲੋਜਿਕ (Cirrus Logic) ਸਮੇਤ ਕਈ ਹੋਰ ਪ੍ਰਮੁੱਖ ਸਪਲਾਇਰਾਂ ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ। ਇਸ ਯੋਜਨਾ ਦੇ ਤਹਿਤ ਐਪਲ 400 ਮਿਲੀਅਨ ਅਮਰੀਕੀ ਡਾਲਰ ਦਾ ਨਵਾਂ ਨਿਵੇਸ਼ ਕਰੇਗੀ, ਜਿਸ ਦਾ ਮੁੱਖ ਉਦੇਸ਼ ਦੇਸ਼ ਵਿੱਚ ਅਤਿ-ਆਧੁਨਿਕ ਤਕਨਾਲੋਜੀ ਦੇ ਨਿਰਮਾਣ ਨੂੰ ਉਤਸ਼ਾਹਿਤ ਕਰਨਾ ਅਤੇ ਘਰੇਲੂ ਸਪਲਾਈ ਚੇਨ ਨੂੰ ਵਧੇਰੇ ਲਚਕਦਾਰ ਅਤੇ ਸੁਰੱਖਿਅਤ ਬਣਾਉਣਾ ਹੈ। ਇਹ ਕਦਮ ਐਪਲ ਦੀ ਉਸ ਲੰਬੇ ਸਮੇਂ ਦੀ ਰਣਨੀਤੀ ਦਾ ਹਿੱਸਾ ਹੈ, ਜਿਸ ਤਹਿਤ ਕੰਪਨੀ ਅਮਰੀਕੀ ਅਰਥਚਾਰੇ ਵਿੱਚ ਅਰਬਾਂ ਡਾਲਰਾਂ ਦਾ ਨਿਵੇਸ਼ ਕਰਨ ਅਤੇ ਉੱਚ-ਤਕਨੀਕੀ ਨੌਕਰੀਆਂ ਪੈਦਾ ਕਰਨ ਲਈ ਵਚਨਬੱਧ ਹੈ।



ਐਪਲ ਵੱਲੋਂ ਲਿਆ ਗਿਆ ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਕੌਮਾਂਤਰੀ ਪੱਧਰ 'ਤੇ ਸੈਮੀਕੰਡਕਟਰ ਅਤੇ ਹੋਰ ਇਲੈਕਟ੍ਰਾਨਿਕ ਪੁਰਜ਼ਿਆਂ ਦੀ ਸਪਲਾਈ ਵਿੱਚ ਕਾਫ਼ੀ ਅਨਿਸ਼ਚਿਤਤਾ ਦੇਖਣ ਨੂੰ ਮਿਲ ਰਹੀ ਹੈ। ਬੋਸ਼ ਅਤੇ ਸਿਰਸ ਲੋਜਿਕ ਵਰਗੇ ਨਵੇਂ ਭਾਈਵਾਲਾਂ ਦੀ ਸ਼ਮੂਲੀਅਤ ਨਾਲ ਐਪਲ ਆਪਣੀ ਉਤਪਾਦਨ ਸਮਰੱਥਾ ਵਿੱਚ ਕਾਫ਼ੀ ਵਾਧਾ ਕਰਨ ਦੀ ਉਮੀਦ ਰੱਖਦੀ ਹੈ। ਬੋਸ਼ ਕੰਪਨੀ ਮੁੱਖ ਤੌਰ 'ਤੇ ਸੈਂਸਰ ਅਤੇ ਵਿਸ਼ੇਸ਼ ਸੈਮੀਕੰਡਕਟਰ ਚਿਪਸ ਦੇ ਨਿਰਮਾਣ ਵਿੱਚ ਵਿਸ਼ਵ ਪੱਧਰ 'ਤੇ ਜਾਣੀ ਜਾਂਦੀ ਹੈ, ਜਦਕਿ ਸਿਰਸ ਲੋਜਿਕ ਐਪਲ ਦੇ ਉਤਪਾਦਾਂ ਜਿਵੇਂ ਕਿ ਆਈਫੋਨ ਅਤੇ ਆਈਪੈਡ ਲਈ ਉੱਚ-ਗੁਣਵੱਤਾ ਵਾਲੀ ਆਡੀਓ ਤਕਨਾਲੋਜੀ ਅਤੇ ਚਿਪਸ ਮੁਹੱਈਆ ਕਰਵਾਉਂਦੀ ਹੈ। ਇਸ ਨਿਵੇਸ਼ ਨਾਲ ਇਹ ਕੰਪਨੀਆਂ ਅਮਰੀਕਾ ਵਿੱਚ ਸਥਿਤ ਆਪਣੇ ਪਲਾਂਟਾਂ ਨੂੰ ਹੋਰ ਅਪਗ੍ਰੇਡ ਕਰ ਸਕਣਗੀਆਂ ਅਤੇ ਐਪਲ ਦੀਆਂ ਵਧਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਨਵੀਆਂ ਤਕਨੀਕਾਂ ਵਿਕਸਤ ਕਰ ਸਕਣਗੀਆਂ।

ਇਸ ਪ੍ਰੋਗਰਾਮ ਦੇ ਵਿਸਥਾਰ ਨਾਲ ਅਮਰੀਕਾ ਦੇ ਵੱਖ-ਵੱਖ ਰਾਜਾਂ ਵਿੱਚ ਖੋਜ ਅਤੇ ਵਿਕਾਸ (R&D) ਦੇ ਖੇਤਰ ਵਿੱਚ ਵੀ ਤੇਜ਼ੀ ਆਉਣ ਦੀ ਸੰਭਾਵਨਾ ਹੈ। ਐਪਲ ਦੇ ਇਸ ਨਿਵੇਸ਼ ਦਾ ਇੱਕ ਵੱਡਾ ਹਿੱਸਾ ਨਿਰਮਾਣ ਪ੍ਰਕਿਰਿਆਵਾਂ ਨੂੰ ਵਧੇਰੇ ਕੁਸ਼ਲ ਅਤੇ ਵਾਤਾਵਰਣ ਦੇ ਅਨੁਕੂਲ ਬਣਾਉਣ ਲਈ ਵਰਤਿਆ ਜਾਵੇਗਾ। ਕੰਪਨੀ ਦਾ ਮੰਨਣਾ ਹੈ ਕਿ ਘਰੇਲੂ ਪੱਧਰ 'ਤੇ ਮਜ਼ਬੂਤ ਸਪਲਾਈ ਚੇਨ ਹੋਣ ਨਾਲ ਨਾ ਸਿਰਫ਼ ਉਤਪਾਦਾਂ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ, ਸਗੋਂ ਵਿਦੇਸ਼ੀ ਨਿਰਭਰਤਾ ਘਟਣ ਨਾਲ ਕਾਰੋਬਾਰੀ ਜੋਖਮ ਵੀ ਘੱਟ ਜਾਂਦੇ ਹਨ। ਇਹ ਨਿਵੇਸ਼ ਅਮਰੀਕਾ ਵਿੱਚ ਸੈਮੀਕੰਡਕਟਰ ਉਦਯੋਗ ਨੂੰ ਮੁੜ ਸੁਰਜੀਤ ਕਰਨ ਦੀਆਂ ਸਰਕਾਰੀ ਕੋਸ਼ਿਸ਼ਾਂ ਵਿੱਚ ਵੀ ਸਹਾਇਕ ਸਾਬਤ ਹੋਵੇਗਾ, ਜਿਸ ਨਾਲ ਦੇਸ਼ ਦੀ ਤਕਨੀਕੀ ਸਰਦਾਰੀ ਬਣੀ ਰਹੇਗੀ।

ਆਰਥਿਕ ਮਾਹਰਾਂ ਅਨੁਸਾਰ 400 ਮਿਲੀਅਨ ਡਾਲਰ ਦਾ ਇਹ ਨਿਵੇਸ਼ ਆਉਣ ਵਾਲੇ ਸਾਲਾਂ ਵਿੱਚ ਹੋਣ ਵਾਲੇ ਵੱਡੇ ਨਿਵੇਸ਼ਾਂ ਦੀ ਇੱਕ ਸ਼ੁਰੂਆਤ ਮਾਤਰ ਹੈ।

ਐਪਲ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਉਹ ਪੰਜ ਸਾਲਾਂ ਦੀ ਮਿਆਦ ਵਿੱਚ ਅਮਰੀਕੀ ਅਰਥਚਾਰੇ ਵਿੱਚ 430 ਅਰਬ ਡਾਲਰ ਦਾ ਯੋਗਦਾਨ ਪਾਉਣ ਦਾ ਇਰਾਦਾ ਰੱਖਦੀ ਹੈ। ਇਸ ਵਿੱਚ ਨਵੇਂ ਡੇਟਾ ਸੈਂਟਰਾਂ ਦੀ ਸਥਾਪਨਾ, 5G ਤਕਨਾਲੋਜੀ ਦਾ ਵਿਕਾਸ ਅਤੇ ਉੱਨਤ ਨਿਰਮਾਣ ਫੰਡ ਰਾਹੀਂ ਸਪਲਾਇਰਾਂ ਦੀ ਮਦਦ ਕਰਨਾ ਸ਼ਾਮਲ ਹੈ। ਬੋਸ਼ ਅਤੇ ਸਿਰਸ ਲੋਜਿਕ ਵਰਗੇ ਭਾਈਵਾਲਾਂ ਨੂੰ ਦਿੱਤੀ ਜਾਣ ਵਾਲੀ ਇਹ ਵਿੱਤੀ ਸਹਾਇਤਾ ਉਨ੍ਹਾਂ ਨੂੰ ਨਵੀਂਆਂ ਮਸ਼ੀਨਾਂ ਖਰੀਦਣ ਅਤੇ ਉਤਪਾਦਨ ਦੀਆਂ ਲਾਗਤਾਂ ਨੂੰ ਘਟਾਉਣ ਵਿੱਚ ਮਦਦ ਕਰੇਗੀ, ਜਿਸ ਦਾ ਫਾਇਦਾ ਅੰਤ ਵਿੱਚ ਖਪਤਕਾਰਾਂ ਨੂੰ ਬਿਹਤਰ ਅਤੇ ਕਿਫਾਇਤੀ ਤਕਨਾਲੋਜੀ ਦੇ ਰੂਪ ਵਿੱਚ ਮਿਲੇਗਾ।

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਐਪਲ ਦਾ ਇਹ ਕਦਮ ਤਕਨੀਕੀ ਜਗਤ ਵਿੱਚ ਇੱਕ ਮੀਲ ਦਾ ਪੱਥਰ ਸਾਬਤ ਹੋਵੇਗਾ। ਇਸ ਨਾਲ ਨਾ ਸਿਰਫ਼ ਸੈਮੀਕੰਡਕਟਰ ਅਤੇ ਆਡੀਓ ਤਕਨਾਲੋਜੀ ਦੇ ਖੇਤਰ ਵਿੱਚ ਨਵੀਆਂ ਕਾਢਾਂ ਨਿਕਲਣਗੀਆਂ, ਸਗੋਂ ਇਹ ਹੋਰਨਾਂ ਤਕਨੀਕੀ ਕੰਪਨੀਆਂ ਨੂੰ ਵੀ ਅਮਰੀਕਾ ਵਿੱਚ ਆਪਣਾ ਨਿਵੇਸ਼ ਵਧਾਉਣ ਲਈ ਪ੍ਰੇਰਿਤ ਕਰੇਗਾ। ਐਪਲ ਦੀ ਇਸ ਰਣਨੀਤੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਆਪਣੀ ਸਪਲਾਈ ਚੇਨ ਨੂੰ ਵਧੇਰੇ ਸੁਰੱਖਿਅਤ ਅਤੇ ਸਥਾਨਕ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਆਉਣ ਵਾਲੇ ਮਹੀਨਿਆਂ ਵਿੱਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਇਸ ਨਿਵੇਸ਼ ਨਾਲ ਐਪਲ ਦੇ ਅਗਲੇ ਉਤਪਾਦਾਂ ਵਿੱਚ ਕਿਹੜੇ ਨਵੇਂ ਅਤੇ ਅਤਿ-ਆਧੁਨਿਕ ਫੀਚਰ ਦੇਖਣ ਨੂੰ ਮਿਲਦੇ ਹਨ।

ਬਰਾੜ-ਭਗਤਾ ਭਾਈ ਕਾ
+1-604-751-1113

# ਕਵੀਸ਼ਰੀ ਟੋਟਕੇ



ਸੱਥ ਵਾਲੇ ਥੜ੍ਹੇ 'ਤੇ ਚਾਰ ਪੰਜ ਢਾਣੀਆਂ ਬਣਾ ਕੇ ਤਾਸ਼ ਖੇਡੀ ਜਾਂਦਿਆਂ ਦਾ ਉੱਚੀ ਉੱਚੀ ਰੌਲਾ ਸੁਣ ਕੇ ਸਾਇਕਲ 'ਤੇ ਕਿਸੇ ਕੰਮ ਧੰਦੇ ਸੱਥ ਕੋਲ ਦੀ ਲੰਘਿਆ ਜਾਂਦਾ ਸੁਰਜਨ ਬੁੜ੍ਹੇ ਕਾ ਗਾਮਾ ਸਾਇਕਲ ਤੋਂ ਉੱਤਰ ਕੇ ਥੜ੍ਹੇ 'ਤੇ ਬੈਠੇ ਬਾਬੇ ਨਿਹਾਲ ਸਿਉਂ ਨੂੰ ਟਿੱਚਰ 'ਚ ਕਹਿੰਦਾ,

"ਏਥੇ ਵੀ ਬਾਬਾ ਕੋਈ ਗਾਉਣ ਆਲਾ ਆਇਆ ਵਿਆ, ਬਲ਼ਾ ਬਾਹਲਾ ਰੌਲਾ ਜਾ ਪਈ ਪੈਂਦਾ ਜਿਮੇਂ ਮੀਟ ਪਿੱਛੇ ਸ਼ਰਾਬੀ ਹੋਈ ਜੰਨ ਰੌਲਾ ਪਾਉਂਦੀ ਹੁੰਦੀ ਐ।"

ਬੁੱਘਰ ਦਖਾਣ ਕਹਿੰਦਾ, "ਜਿੱਥੇ ਰੌਲਾ ਪੈਂਦਾ ਹੁੰਦਾ ਓੱਥੇ ਦੱਸੀ ਖਾਂ ਗਾਉਣ ਲੱਗਿਆ ਹੁੰਦੈ? ਤੂੰ ਵੀ ਚੰਦਭਾਨ ਆਲਾ ਟੇਸ਼ਨ ਈਂ ਐਂ।"

ਬਾਬਾ ਕਹਿੰਦਾ, "ਏਥੇ ਤਾਂ ਨਿੱਤ ਈ ਏਹੇ ਕੰਮ ਚਲਦਾ। ਅੱਜ ਕੋਈ ਨਮਾਂ ਰੌਲਾ ਤਾਂ ਨ੍ਹੀ ਪੈਂਦਾ। ਤੇਰੇ ਈ ਕੰਨ ਅੱਜ ਫੜਕੇ ਐ। ਜਿੱਥੇ ਤਾਸ਼ ਖੇਡਦੇ ਹੁੰਦੇ ਐ ਓੱਥੇ ਰੌਲਾ ਈ ਹੁੰਦਾ ਹੋਰ ਕੀ ਹੁੰਦਾ।"

ਨਾਥਾ ਅਮਲੀ ਗਾਮੇ 'ਤੇ ਟਕੋਰ ਲਾਉਂਦਾ ਬੋਲਿਆ, "ਅੱਜ ਈ ਨ੍ਹੀ ਸੱਥ 'ਚ ਆਇਆ ਅੱਗੇ ਤਾਂ ਸੋਡਾ ਬੁੜ੍ਹਾ ਵੀ ਆ ਕੇ ਗੱਪਾਂ ਦੇ ਘੜਿੱਪਿਆਂ ਦੇ ਘੜਿੱਪੇ ਈ ਸਿੱਟਦਾ ਹੁੰਦਾ। ਲਾਮ੍ਹ ਲੂਮ੍ਹ ਨੂੰ ਤਾਂ ਨ੍ਹੀ ਕਿਤੇ ਗਿਆ ਵਿਆ ਓਏ ਜਿਹੜਾ ਆਇਆ ਨ੍ਹੀ ਅੱਜ?"

ਗਾਮਾ ਕਹਿੰਦਾ, "ਜੇ ਸਾਡਾ ਬੁੜਾ ਆਇਆ ਨ੍ਹੀ ਤਾਈਂਉਂ ਐਨਾ ਰੌਲਾ ਪੈਂਦਾ। ਮੈਂ ਤਾਂ ਸੋਚਿਆ ਕਿਤੇ ਕੋਈ ਗਾਉਣ ਆਲਾ ਲੱਗਿਆ ਵਿਆ ਬਈ ਐਨੀ ਹੁਲ੍ਹੜਬਾਜੀ ਹੋਈ ਜਾਂਦੀ ਐ।" ਸੀਤਾ ਮਰਾਸੀ ਕਹਿੰਦਾ, "ਕਿਤੇ ਤੂੰ ਤਾਂ ਨ੍ਹੀ ਕੱਲ੍ਹ ਗਾਉਣ ਗੂਣ ਆਲਾ ਸੁਣਿਆਇਆ ਜੀਹਦਾ ਕਰਕੇ ਅੱਜ ਸੱਥ 'ਚ ਵੀ ਭਲੇਖੇ ਪੈਂਦੇ ਐ?"

ਨਾਥਾ ਅਮਲੀ ਕਹਿੰਦਾ, "ਸੁਣ ਕੇ ਤਾਂ ਆਇਆ ਇਹੇ ਕੱਲ੍ਹ।" ਬੁੱਘਰ ਦਖਾਣ ਨੇ ਪੁੱਛਿਆ, "ਕਿਹੜਾ ਆਉਣ ਆਲਾ ਆਇਆ ਸੀ ਓਏ ਗਾਮਿਆਂ?"

ਬਜਰੰਗੇ ਕਾ ਮੀਤਾ ਕਹਿੰਦਾ, "ਗਾਉਣ ਆਲਾ ਤਾਂ ਨ੍ਹੀ ਸੀ ਉਹੋ। ਉਹ ਤਾਂ ਚੁਟਕਲੇ ਜੇ ਸਣਾ ਕੇ ਮੁੜ ਗਿਆ। ਅਸੀਂ ਤਾਂ ਕਰਕੇ ਗਏ ਸੀ ਬਈ ਕੋਈ ਗਾਉਣ ਆਲੀ ਆਈ ਹੋਊਗੀ।" ਨਾਥਾ ਅਮਲੀ ਕਹਿੰਦਾ, "ਆਪਣੇ ਪਿੰਡੋ ਗਏ ਤਾਂ ਬਹੁਤ ਸੀ ਬਈ ਗਾਉਣ ਆਲੀ ਸੁਣ ਕੇ ਆਉਣੇਂ ਐ। ਪਰ ਬਾਹਲੇ ਤਾਂ ਗਾਉਣ ਆਲੇ ਦੇ ਲੱਗਣ ਤੋਂ ਪਹਿਲਾਂ ਈ ਮੁੜਿਆਏ ਲਸ਼ਕਰ ਸੁਣ ਕੇ। ਗਾਉਣ ਆਲਾ ਤਾਂ ਓਦੂੰ ਮਗਰੋਂ ਲੱਗਿਆ।"

ਬਾਬੇ ਨਿਹਾਲ ਸਿਉਂ ਨੇ ਪੁੱਛਿਆ, "ਕਾਹਦਾ ਲਸ਼ਕਰ ਸੀ ਨਾਥਾ ਸਿਆਂ ਓੱਥੇ।"

ਨਾਥਾ ਅਮਲੀ ਕਹਿੰਦਾ, "ਗਾਉਣ ਆਲੇ ਤੋਂ ਪਹਿਲਾਂ ਇੱਕ ਚੁਟਕਲੇ ਜੇ ਸਣਾਉਂਦਾ ਸੀ ਬਾਬਾ। ਉਹਨੇ ਬਲਾ ਹਸਾਏ ਬਈ। ਉਹ ਤਾਂ ਹਾਸੇ ਆਲੀਆਂ ਗੱਲਾਂ ਬਾਹਲੀਆਂ ਸਣਾਉਂਦਾ ਸੀ। ਜਦੋਂ ਗਵਈਆ ਗਾਉਣ ਸਣਾਉਣ ਲੱਗਿਆ ਉਦੋਂ ਨੂੰ ਤਾਂ ਮੈਂ ਵੀ ਆ ਗਿਆ।"

ਜੰਗੇ ਰਾਹੀ ਕੇ ਗੀਸੇ ਨੇ ਅਮਲੀ ਨੂੰ ਪੁੱਛਿਆ, "ਤੂੰ ਨਾ ਗਾਉਣ ਸੁਣ ਕੇ ਆਇਆ ਓਏ?"

ਅਮਲੀ ਕਹਿੰਦਾ, "ਡੰਗਰਾਂ ਨੂੰ ਪੱਠੇ ਦੱਥਿਆਂ ਦਾ ਵੇਲਾ ਹੋ ਗਿਆ ਸੀ ਮੈਂਤਾਂ ਤਾਂ ਕਰਕੇ ਆ ਗਿਆ ਸੀ।"

ਬਾਬਾ ਨਿਹਾਲ ਸਿਉਂ ਅਮਲੀ ਨੂੰ ਕਹਿੰਦਾ, "ਜਿਹੜਾ ਕੁਸ ਤੂੰ ਸੁਣ ਕੇ ਆਇਐਂ ਚੱਲ ਓਹੀ ਦੱਸ ਦੇ ਲਸ਼ਕਰ ਆਲੇ ਨੇ ਕੀ ਸਣਾਇਆ। ਕਿਹੜਾ ਸੀ ਉਹੋ?"

ਸੱਥ 'ਚ ਬੈਠਾ ਅਖਬਾਰ ਪੜ੍ਹੀ ਜਾਂਦਾ ਮਾਸਟਰ ਭਜਨ ਸਿਉਂ ਕਹਿੰਦਾ, "ਸਿੱਧਮਾਂ ਕਾਲਜ ਆਲਾ ਸਤਿੰਦਰਪਾਲ ਸੀ ਉਹੋ। ਰਣਜੀਤ ਸਿਉਂ ਕਵੀਸ਼ਰ ਦਾ ਮੁੰਡਾ। ਉਹਨੇ ਦੋ ਤਿੰਨ ਗੱਲਾਂ ਸੁਣਾਈਆਂ ਸੀ। ਉਹਦੀ ਗੱਲ ਕਰਦਾ ਅਮਲੀ।"

ਬਾਬੇ ਨਿਹਾਲ ਸਿਉਂ ਨੇ ਫੇਰ ਮੋੜੀ ਅਮਲੀ ਵੱਲ ਨੂੰ ਮੁਹਾਰ, "ਅਮਲੀਆ ਕੀ ਸਣਾਇਆ ਸੀ ਓਏ ਸਿਧਮਾਂ ਆਲੇ ਨੇ?"

ਬਾਬੇ ਦੀ ਗੱਲ ਸੁਣ ਕੇ ਜਦੋਂ ਮਾਸਟਰ ਭਜਨ ਸਿਉਂ ਗੱਲ ਸੁਣਾਉਣ ਲੱਗਿਆ ਤਾਂ ਬਾਬਾ ਨਿਹਾਲ ਸਿਉਂ ਮਾਸਟਰ ਨੂੰ ਗੱਲ ਸੁਣਾਉਣ ਤੋਂ ਰੋਕਦਾ ਬੋਲਿਆ, "ਨਾਥਾ ਸਿਉਂ ਨੂੰ ਸਣਾਉਣ ਦੇ ਮਾਹਟਰ, ਤੂੰ ਚੁੱਪ ਕਰ।"

ਮਾਹਲਾ ਨੰਬਰਦਾਰ ਅਮਲੀ ਦੀ ਬਾਂਹ ਝੰਜੋੜ ਕੇ ਕਹਿੰਦਾ, "ਹੋ ਜਾ ਹੁਣ ਪੰਜ ਪੌਣ 'ਤੇ। ਦੱਸ ਦੇ ਕੀ ਸੁਣ ਕੇ ਆਇਐਂ?"

ਨਾਥਾ ਅਮਲੀ ਹੱਸ ਕੇ ਕਹਿੰਦਾ, "ਕੜਿੱਲ ਈ ਕੱਢ 'ਤੇ ਬਾਬਾ ਓਹਨੇ ਬੋਲਣ ਆਲੇ। ਹਸਾ ਹਸਾ ਢਿੱਡ ਦੀਆਂ ਨਾਸਾਂ ਬੰਦ ਕਰ 'ਤੀਆਂ। 'ਕੱਠ ਸੀ ਬਲ਼ਾ ਬਾਹਲਾ, ਅੱਧਿਉਂ ਬਾਹਲੇ ਲੋਕ ਖੜ੍ਹੇ ਸੀ। ਜੀਹਦਾ ਮਾਹਟਰ ਇਹ ਨਾਂ ਲੈਂਦਾ ਸਿੱਧਮਾਂ ਆਲੇ ਦਾ।"




ਚੱਲਦੀ ਗੱਲ 'ਚ ਫੇਰ ਬੋਲਿਆ ਮਾਸਟਰ, "ਸਤਿੰਦਰਪਾਲ।"

ਅਮਲੀ ਕਹਿੰਦਾ, "ਹਾਂ-ਹਾਂ ਓਹੀ-ਓਹੀ। ਜਦੋਂ ਉਹਨੇ ਸਟੇਸ 'ਤੇ ਆ ਕੇ ਖੜ੍ਹੇ ਲੋਕਾਂ ਦਾ 'ਕੱਠ ਵੇਖਿਆ ਤਾਂ ਸਪੀਕਰ 'ਚ ਬੋਲ ਕੇ ਕਹਿੰਦਾ 'ਜਿਹੜੇ ਸੱਜਣ ਖੜ੍ਹੇ ਐ ਉਹ ਬਹਿ ਜੋ ਤੇ ਜਿਹੜੇ ਬੈਠੇ ਐ ਉਹ..........'। ਏਨੀ ਗੱਲ ਕਰ ਕੇ ਬਾਬਾ ਉਹ ਤਾਂ ਚੁੱਪ ਕਰ ਗਿਆ, ਫੇਰ ਲੋਕਾਂ ਨੇ ਰੌਲਾ ਚੱਕ 'ਤਾ। ਲੋਕ ਕਹਿੰਦੇ 'ਉਹ ਬਹਿ ਜੋ'। ਐਨਾ ਹਾਸਾ ਛਿੜਿਆ ਬਾਬਾ ਓੱਥੇ, ਗੱਲਾਂ ਈਂ ਛੱਡ ਦੇ।"

ਬਾਬੇ ਨੇ ਪੁੱਛਿਆ, "ਹੋਰ ਕੀ ਸਣਾਇਆ?"

ਅਮਲੀ ਕਹਿੰਦਾ, "ਇੱਕ ਓਹਨੇ ਟਿੱਡੀ ਤੇ ਭਮੰਕੜ ਦੀ ਗੱਲ ਸਣਾਈ ਬਾਬਾ। ਅਕੇ ਟਿੱਡੀ ਤੇ ਭਮੰਕੜ ਦੀਵਾ ਜਗਦੇ ਆਲੀ ਸਬ੍ਹਾਤ ਦੇ ਬੂਹੇ ਵੜਦਿਆਂ ਨਿੱਕਲਦਿਆਂ ਆਪਸ ਵਿੱਚ ਇੱਕ ਦੂਜੇ 'ਚ ਠਾਹ ਦੇਣੇ ਵੱਜੇ। ਅਕੇ ਟਿੱਡੀ ਵੀ ਡਿੱਗ ਪੀ ਭਮੰਕੜ ਵੀ ਡਿੱਗ ਪਿਆ। ਟਿੱਡੀ ਫਰਤੀਲੀ ਹੋਣ ਕਰਕੇ ਲੋਟਣੀਆਂ ਖਾਂਦੀ ਖਵਾਉਂਦੀ ਲੀੜੇ ਜੇ ਝਾੜ ਕੇ ਫੱਟ ਦੇਣੇ ਪਹਿਲਾਂ ਉੱਠ ਖੜ੍ਹੀ। ਭਮੰਕੜ ਆਪਣੇ ਪਿੰਡ ਆਲੇ ਨਧਾਨੇ ਕੇ ਰੇਂਡੂ ਅਰਗਾ ਸੀ ਗੁੱਬਣ ਜਾ, ਉਹਤੋਂ ਛੇਤੀ ਉੱਠਿਆ ਨਾ ਗਿਆ। ਡਿੱਗੇ ਪਏ ਭਮੰਕੜ ਨੂੰ ਟਿੱਡੀ ਕੋਲ ਆ ਕੇ ਕਹਿੰਦੀ 'ਵੇ ਸੁਣ ਵੇ ਗੁਬਣਾ ਜਿਆ, ਤੈਨੂੰ ਸ਼ਰਮ ਨ੍ਹੀ ਆਉਂਦੀ ਪਾਈਆਂ ਪਾਈਆ ਦੇ ਆਨੇ ਟੱਡੇ ਐ ਤੂੰ ਮੇਰੇ 'ਚ ਵੱਜਿਐਂ। ਭਮੰਕੜ ਕਹਿੰਦਾ 'ਤੂੰ ਕਨੇਡਾ ਆਲੀਆਂ ਲਾ ਕੇ ਐਨਕਾਂ ਡੀ ਸੀ ਬਣੀ ਫਿਰਦੀ ਐਂ, ਤੂੰ ਨ੍ਹੀ ਵੱਜੀ ਮੇਰੇ 'ਚ'। ਅਕੇ ਭਮੰਕੜ ਟਿੱਡੀ ਨੂੰ ਕਹਿੰਦਾ ਤੂੰ ਬਾਹਰ ਨੂੰ ਕਿਉਂ ਭੱਜੀ ਜਾਨੀਂ ਐਂ। ਟਿੱਡੀ ਕਹਿੰਦੀ ਤੂੰ ਅੰਦਰ ਕੀ ਲੈਣ ਜਾਨੈਂ, ਅੰਦਰ ਕਿਹੜਾ ਕੜ੍ਹਾਹ ਵੰਡੀ ਦਾ। ਅਕੇ ਟਿੱਡੀ ਕਹਿੰਦੀ ਮੈਨੂੰ ਤਾਂ ਡਰ ਲੱਗਦਾ ਬਈ ਅੰਦਰ ਮੱਚਦੈ ਦੀਵਾ, ਕਿਤੇ ਮੇਰੀਆਂ ਮੁੱਛਾਂ ਤੇ ਖੰਭ ਨਾ ਮੱਚ ਜਾਣ ਮੈਂਤਾਂ ਤਾਂ ਕਰਕੇ ਬਾਹਰ ਨਿੱਕਲ ਆਈ ਆਂ, ਤੂੰ ਅੰਦਰ ਕੀ ਕਰਨਾ ਜਾ ਕੇ'। ਭਮੰਕੜ ਕਹਿੰਦਾ 'ਮੈਤਾਂ ਤਾਂ ਕਰਕੇ ਅੰਦਰ ਨੂੰ ਜਾਨੈਂ ਬਈ ਮੇਰੇ ਜਾਣ ਤੋਂ ਪਹਿਲਾਂ ਕਿਤੇ ਦੀਵਾ ਬੁਝ ਨਾ ਜਾਵੇ। ਜਾਂ ਕਿਤੇ ਦੂਜਾ ਕੋਈ ਹੋਰ ਮੈਥੋਂ ਵੀ ਕਾਹਲਾ ਭਮੰਕੜ ਮੈਥੋਂ ਪਹਿਲਾਂ ਨਾ ਮੱਚ ਜੇ, ਮੈਥਾਂ ਤਾਂ ਬੱਜਿਆ ਜਾਨੈਂ'। ਇਉਂ ਸਣਾਈਆਂ ਬਾਬਾ ਗੱਲਾਂ ਉਹਨੇ। ਮੈਂ ਤਾਂ ਫਿਰ ਇਹ ਗੱਲ ਸੁਣ ਕੇ ਕਾਹਲੀ ਨਾਲ ਮੁੜਿਆਇਆ ਸੀ ਬਈ ਘਰੇ ਡੰਗਰਾਂ ਨੂੰ ਪੱਠੇ ਦੱਥੇ ਪਾਉਣੇ ਸੀ।

ਸੀਤਾ ਮਰਾਸੀ ਅਮਲੀ ਨੂੰ ਟਿੱਚਰ 'ਚ ਹੱਸ ਕੇ ਕਹਿੰਦਾ, "ਆਉਣਾ ਈਂ ਸੀ ਹੋਰ ਕੀ ਕਰਨਾ ਸੀ ਤੂੰ। ਭਮੰਕੜ ਆਲੀ ਗੱਲ ਸੁਣ ਕੇ ਤੂੰ ਵੀ ਅਮਲੀਆ ਸੋਚਿਆ ਹੋਣੈ ਬਈ ਡੰਗਰਾਂ ਨੂੰ ਕੋਈ ਹੋਰ ਈਂ ਨਾਂ ਮੈਥੋਂ ਪਹਿਲਾਂ ਸੰਨ੍ਹੀ ਰਲਾ ਦੇ। ਤੂੰ ਵੀ ਤਾਂ ਈਂ ਭੱਜਿਐਂ। ਜੇ ਸਿੱਧਮਾਂ ਆਲੇ ਤੋਂ ਕੁਸ ਹੋਰ ਸੁਣ ਲੈਂਦਾ ਤਾਂ ਤੂੰ ਉਹਦੇ ਨਾਲ ਲੜ ਪੈਣਾ ਸੀ।"

ਬਾਬੇ ਨਿਹਾਲ ਸਿਉਂ ਨੇ ਪੁੱਛਿਆ, "ਲੜ ਕਾਹਤੋਂ ਪੈਂਦਾ ਮੀਰ ਇਹੇ?"

ਮਰਾਸੀ ਬਾਬੇ ਨੂੰ ਕਹਿੰਦਾ, "ਇਹ ਨਾਥਾ ਤਾਂ ਬਾਬਾ ਓਦੋਂ ਈਂ ਭੱਜਣ ਨੂੰ ਫਿਰਦਾ ਸੀ ਜਦੋਂ ਸਿੱਧਮਾਂ ਆਲੇ ਨੇ ਅਮਲੀ ਕੇ ਵੱਡੇ ਬੁੜ੍ਹੇ ਦਾ ਨਾਂ ਲਿਆ। ਅਕੇ ਜਿਹੜੇ ਸੱਜਣ ਖੜ੍ਹੇ ਐ ਉਹ ਬਹਿ ਜੋ, ਜਿਹੜੇ ਬੈਠੇ ਐ ਉਹ........। ਇਨ੍ਹਾਂ ਦੇ ਵੱਡੇ ਬੁੜ੍ਹੇ ਦਾ ਨਾਂ ਸੱਜਣ ਸੀ। ਇਹਨੂੰ ਤਾਂ ਅਸੀਂ ਫੜ੍ਹੀ ਰੱਖਿਆ ਬਈ ਹੁਣ ਆਇਆ ਤਾਂ ਹੈਂ, ਹੁਣ ਹੋਰ ਸੁਣ ਲਾ ਦੋ ਚੁਟਕਲੇ। ਆਹ ਭਮੰਕੜ ਆਲੀ ਗੱਲ ਸੁਣਨ ਸਾਰ ਈ ਭਮੀਰੀ ਬਣ ਗਿਆ ਇਹ ਤਾਂ ਓੱਥੋਂ।"

ਜੱਗਾ ਕਾਮਰੇਡ ਕਹਿੰਦਾ, "ਚੰਗਾ ਰਹਿ ਗਿਆ ਜੇ ਆ ਗਿਆ ਇਹੇ। ਇਹਦੇ ਆਏ ਦੇ ਮਗਰੋਂ ਤਾਂ ਓਹਨੇ ਇਨ੍ਹਾਂ ਦੀ ਬੁੜ੍ਹੀ ਦਾ ਨਾਉਂ ਵੀ ਲੈ 'ਤਾ ਸੀ।"

ਬਾਬਾ ਨਿਹਾਲ ਸਿਉਂ ਵੀ ਟਿੱਚਰ 'ਚ ਹੱਸ ਕੇ ਬੋਲਿਆ, "ਬੁੜ੍ਹੀ ਦਾ ਨਾਂਅ ਕਿਮੇਂ ਲਿਆ ਕਾਮਰੇਟਾ ਉਹਨੇ?"

ਕਾਮਰੇਡ ਕਹਿੰਦਾ, "'ਕੱਠ ਬਾਹਲਾ ਹੋਣ ਕਰਕੇ ਰੌਲਾ ਈ ਪਈ ਗਿਆ। ਉਹ ਬਥੇਰਾ ਸਪੀਕਰ 'ਚ ਹੋਕੇ ਦੇਵੇ ਬਈ ਇਉਂ ਨਾ ਭੱਜੇ ਫਿਰੋ ਜਿਮੇਂ ਇੱਕ ਬੰਦਾ ਭੇਡਾਂ ਦੇ ਮਗਰ ਤੁਰਿਆ ਫਿਰਦਾ ਹੁੰਦਾ ਟਿਕਦੀਆਂ ਨ੍ਹੀ ਹੁੰਦੀਆਂ। ਪ੍ਰੋਗਰਾਮ

ਪੰਜ ਛੀ ਘੰਟੇ ਚੱਲਣੈ, ਸ਼ਾਂਤੀ ਨਾਲ ਬਹਿ ਕੇ ਸੁਣ ਲੋ। ਸ਼ਾਂਤੀ ਨਾਲ। ਸ਼ਾਂਤੀ ਦਾ ਤਾਂ ਤੈਨੂੰ ਪਤਾ ਈ ਬਾਬਾ ਬਈ ਇਹਦੀ ਦਾਦੀ ਦਾ ਨਾਉਂ ਐਂ। ਆਹ ਗੱਲ ਐ ਬਾਬਾ।"

ਬਾਬਾ ਨਿਹਾਲ ਸਿਉਂ ਹੱਸ ਕੇ ਕਹਿੰਦਾ, "ਇਹ ਤਾਂ ਫਿਰ ਉਹ ਗੱਲ ਹੋ ਗੀ, ਵੱਢਾ ਟੁੱਕੀ ਤੋਂ ਪਹਿਲਾਂ ਆਪਣੇ ਪਿੰਡ ਆ ਦੌਲਤ ਖਾਨ ਮੁਸਲਮਾਨ ਰਹਿੰਦਾ ਹੁੰਦਾ ਸੀ। ਸੰਤਾਲੀ ਦੀ ਵੰਡ ਵੇਲੇ ਉਹ ਪਾਕਸਤਾਨ ਉਠ ਗਿਆ ਸੀ ਟੱਬਰ ਟੀਹਰ ਨੂੰ ਲੈ ਕੇ। ਕੇਰਾਂ ਉਹਦਾ ਪੋਤਾ ਧਨੌਲੇ ਦੀ ਮੰਡੀ 'ਤੇ ਮੱਝ ਵੇਚਣ ਉਠ ਗਿਆ। ਮੱਝ ਸੋਹਣੀ ਸੀ। ਜਦੋਂ ਮੰਡੀ 'ਚ ਅੱਪੜਿਆ ਤਾਂ ਇੱਕ ਗਾਹਕ ਨੇ ਆਉਣ ਸਾਰ ਪਹਿਲਾਂ ਉਹਨੂੰ ਪਿੰਡ ਪੁੱਛਿਆ। ਕਹਿੰਦਾ 'ਕਿਹੜਾ ਦੌਲਤ ਖਾਨਾ ਜੁਆਨਾ ਤੇਰਾ'? ਜਦੋਂ ਉਹਨੇ ਵੱਡੇ ਬੁੜ੍ਹੇ ਦਾ ਨਾਂਅ ਲਿਆ ਤਾਂ ਉਹ ਕਹਿੰਦਾ 'ਮੈਂ ਨ੍ਹੀ ਮੱਝ ਵੇਚਣੀ'। ਉਹ ਮੁੜ ਗੇ। ਥੋੜ੍ਹੇ ਜੇ ਚਿਰ ਮਗਰੋਂ ਦੋ ਹੋਰ ਆ ਗੇ। ਉਨ੍ਹਾਂ ਨੇ ਵੀ ਓਮੇਂ ਪੁੱਛਿਆ, 'ਕਿੱਥੇ ਬਈ ਦੌਲਤ ਖਾਨਾ'? ਜਦੋਂ ਉਹਨੇ ਫੇਰ ਓਹੀ ਗੱਲ ਸੁਣੀ, ਉਹਨੇ ਜਿਉਂ ਖੋਹਲੀ ਮੱਝ, ਮੰਡੀ ਦੇ ਦੂਜੇ ਪਾਸੇ ਲੈ ਗਿਆ। ਓੱਥੇ ਫੇਰ ਦੋ ਤਿੰਨ ਗਾਹਕ ਆਏ। ਆ ਕੇ ਕਹਿੰਦੇ 'ਕਿਹੜਾ ਦੌਲਤ ਖਾਨਾ'? ਜਦੋਂ ਉਹਨੇ ਤੀਜੀ ਵਾਰ ਉਨ੍ਹਾਂ ਦੇ ਮੂੰਹੋ ਇਹ ਗੱਲ ਸੁਣੀ ਤਾਂ ਉੱਚੀ ਉੱਚੀ ਗਾਲਾਂ ਦੇਣ ਲੱਗ ਪਿਆ, 'ਕਿਹੜਾ ਫੇਰੇ ਦੇ ਗਿਆ ਏਥੇ। ਜਿਹੜਾ ਕੋਈ ਆਉਂਦਾ, ਵੱਡੇ ਬੁੜ੍ਹੇ ਦਾ ਈ ਨਾਂਅ ਲੈਂਦਾ। ਪੁੱਛਣ ਆਲਾ ਹੋਵੇ ਬਈ ਤੁਸੀਂ ਮੱਝ ਖਰੀਦਣੀ ਐ ਕੁ ਬੁੜ੍ਹੇ ਨੂੰ ਸਾਕ ਕਰਨੈ'? ਸਾਲਿਉ ਮੈਂ ਬੰਦਾ ਨ੍ਹੀ'। ਗਾਲਾਂ ਗੂਲਾਂ ਦੇ ਕੇ ਦਪਹਿਰ ਤੋਂ ਪਹਿਲਾਂ ਪਹਿਲਾਂ ਈ ਮੱਝ ਘਰੇ ਮੋੜ ਲਿਆਇਆ। ਉਹ ਗੱਲ ਫਿਰ ਅਮਲੀ ਨਾਲ ਹੋਈ। ਉਹਨੂੰ ਸਿੱਧਵਾਂ ਆਲੇ ਨੂੰ ਯਾਰ ਬੜਾ ਪਤਾ ਲੱਗਿਆ ਬਈ ਨਾਥਾ ਸਿਉਂ ਦੇ ਦਾਦੇ ਦਾਦੀ ਦਾ ਆਹ ਨਾਂਅ। ਗਿੱਦੜ ਸਿੰਗੀ ਹੋਊ ਉਹਦੇ ਕੋਲੇ ਕੋਈ। ਐਮੇਂ ਤਾਂ ਨ੍ਹੀ ਯਾਰ ਕਿਸੇ ਦੇ ਨਾਂਅ ਨੂੰ ਦਾ ਪਤਾ ਲੱਗਦਾ। ਤਾਈਉਂ ਅਮਲੀ ਓੱਥੋਂ ਭੱਜਿਆਇਆ ਪੱਠਿਆਂ ਦਾ ਬਹਾਨਾ ਲਾ ਕੇ ਮੱਝ ਆਲੇ ਮੁਸਲਮਾਨ ਆਂਗੂੰ।"

ਗੱਲਾਂ ਕਰੀ ਜਾਂਦਿਆਂ ਤੋਂ ਚੌਕੀਦਾਰ ਸੱਥ 'ਚ ਆ ਕੇ ਕਹਿੰਦਾ, "ਆਪਣੇ ਗੁਆੜ ਆਲੈ ਧਰਮਸਾਲਾ 'ਚ ਵੋਟਾਂ ਬਣਾਉਣ ਆਲੇ ਆਏ ਵੇ ਐ। ਜਿਨ੍ਹਾਂ ਦੀਆਂ ਵੋਟਾਂ ਹਜੇ ਨਹੀਂ ਬਣੀਆਂ ਤਾਂ ਜਾ ਕੇ ਬਣਾ ਲੋ।" ਚੌਕੀਦਾਰ ਤੋਂ ਸੁਨੇਹਾ ਸੁਣ ਕੇ ਸਾਰੇ ਸੱਥ ਵਾਲੇ ਧਰਮਸਾਲਾ ਵੱਲ ਨੂੰ ਚੱਲ ਪਏ ਤੇ ਵੇਂਹਦਿਆਂ ਵੇਂਹਦਿਆਂ ਸੱਥ ਖਾਲੀ ਹੋ ਗਈ।

AMAR MUSIC ACADEMY
INDIAN CLASSICAL LIGHT MUSIC, GURMAT SANGEET & TABLA
ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਬਲਾ ਸਿੱਖਣ ਲਈ ਫੋਨ ਕਰੋ
Prof. Gurdev Singh Phull,
Prof. Amrik Singh Phull
To Learn Indian Classical, Light Music & Tabla


Free Lessons for Blind & Handicapped
604-599-4628, 778-898-5052 | 13376-80 Ave, Surrey

# ਸਿਹਤ ਸੰਸਾਰ

## ਕੈਂਸਰ ਤੋਂ ਬਚਣ ਲਈ ਪਰਹੇਜ਼ ਚੰਗਾ ਹੈ



ਲੇਖਕ : ਸੋਨੀ ਮਲਹੋਤਰਾ

ਕੈਂਸਰ ਵਰਗੀ ਭਿਆਨਕ ਬਿਮਾਰੀ ਤੋਂ ਬਚਾਅ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਸਹੀ ਤਰ੍ਹਾਂ ਦਾ ਭੋਜਨ ਕਰੀਏ ਅਤੇ ਉਨ੍ਹਾਂ ਚੀਜ਼ਾਂ ਤੋਂ ਪਰਹੇਜ਼ ਕਰੀਏ ਜੋ ਕੈਂਸਰ ਦਾ ਕਾਰਨ ਬਣ ਸਕਦੀਆਂ ਹਨ।

ਬਚਪਨ ਤੋਂ ਹੀ ਤੁਸੀਂ ਦੇਖਿਆ ਹੋਵੇਗਾ ਕਿ ਸਿਆਣੇ ਲੋਕ ਗਾਜਰ ਜ਼ਿਆਦਾ ਖਾਣ ਦੀ ਸਲਾਹ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਗਾਜਰ ਅੱਖਾਂ ਲਈ ਚੰਗੀ ਹੁੰਦੀ ਹੈ। ਇਸ ਬਾਰੇ ਸ਼ਾਇਦ ਤੁਹਾਨੂੰ ਪਤਾ ਨਹੀਂ ਹੋਵੇਗਾ ਕਿ ਗਾਜਰ ਕੈਂਸਰ ਹੋਣ ਦੀ ਸੰਭਾਵਨਾ ਘੱਟ ਕਰਦੀ ਹੈ। ਗਾਜਰ ਵਿਚ ਮੌਜੂਦ ਤੱਤ ਬੀਟਾ ਕੈਰੋਟੀਨ ਗੁਰਦੇ, ਗਲੇ ਤੇ ਪੇਟ ਦੇ ਕੈਂਸਰ ਤੋਂ ਬਚਾਅ ਕਰਦਾ ਹੈ। ਬੀਟਾਕੈਰੋਟੀਨ ਨਾ ਸਿਰਫ਼ ਗਾਜਰ ਵਿਚ ਸਗੋਂ ਹਰੀਆਂ ਪੱਤੇਦਾਰ ਸਬਜ਼ੀਆਂ ਪਾਲਕ, ਧਨੀਏ ਅਤੇ ਫਲਾਂ ਜਿਵੇਂ ਅੰਬ ਤੇ ਪਪੀਤੇ ਵਿਚ ਵੀ ਪਾਇਆ ਜਾਂਦਾ ਹੈ।

ਸਾਨੂੰ 1.5 ਮਿਲੀਗ੍ਰਾਮ ਬੀਟਾਕੈਰੋਟੀਨ ਦੀ ਹਰ ਰੋਜ਼ ਜ਼ਰੂਰਤ ਹੁੰਦੀ ਹੈ। ਇਸ ਦੀ ਪੂਰਤੀ ਇਕ ਵੱਡੀ ਕੌਲੀ ਗਾਜਰ ਜਾਂ ਪਾਲਕ ਕਰ ਦਿੰਦੀ ਹੈ। ਬੀਟਾਕੈਰੋਟੀਨ ਤੋਂ ਇਲਾਵਾ ਆਪਣੇ ਭੋਜਨ ਵਿਚ ਵਿਟਾਮਿਨ 'ਬੀ' ਦੀ ਮਾਤਰਾ ਨੂੰ ਵੀ ਵਧਾਓ। ਵਿਟਾਮਿਨ 'ਬੀ' ਦੀ ਕਮੀ ਨਾਲ ਅਲਸਰ ਹੋ ਸਰਕਦਾ ਹੈ ਜੋ ਬਾਅਦ ਵਿਚ ਕੈਂਸਰ ਦਾ ਰੂਪ ਧਾਰਨ ਕਰ ਲੈਂਦਾ ਹੈ। ਪੇਟ ਦੇ ਕੈਂਸਰ ਤੋਂ ਬਚਾਅ ਲਈ ਵਿਟਾਮਿਨ 'ਸੀ' ਦੀ ਵਰਤੋਂ ਵੀ ਜ਼ਰੂਰੀ ਹੈ। ਵਿਟਾਮਿਨ 'ਸੀ' ਦੇ ਚੰਗੇ ਸਰੋਤ ਹਨ-ਆਂਵਲਾ, ਟਮਾਟਰ, ਸੰਗਤਰਾ, ਨਿੰਬੂ ਆਦਿ। ਨਵੇਂ ਪ੍ਰਯੋਗਾਂ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਔਰਤਾਂ ਦੇ ਛਾਤੀ ਦੇ ਕੈਂਸਰ ਤੇ ਫੇਫੜਿਆਂ ਦੇ ਕੈਂਸਰ ਤੋਂ ਬਚਾਅ ਲਈ ਵਿਟਾਮਿਨ 'ਈ' ਵੀ ਲਾਭਕਾਰੀ ਸਿੱਧ ਹੋਇਆ ਹੈ। ਵਿਟਾਮਿਨ 'ਈ' ਦੇ ਸੋਮੇ ਹਨ ਤਿਲਾਂ ਦਾ ਤੇਲ, ਸੂਰਜਮੁਖੀ ਦਾ ਤੇਲ, ਬਦਾਮ ਆਦਿ।

ਆਪਣੇ ਭੋਜਨ ਵਿਚ ਉਪਰੋਕਤ ਤੱਤਾਂ ਦੀ ਮਾਤਰਾ ਵਧਾਉਣ ਦੇ ਨਾਲ-ਨਾਲ ਕੁਝ ਤੱਤਾਂ ਨੂੰ ਆਪਣੇ ਭੋਜਨ ਵਿਚੋਂ ਕੱਢੋ ਜਾਂ ਇਨ੍ਹਾਂ ਦੀ ਮਾਤਰਾ ਘੱਟ ਕਰੋ।

ਨਵੀਆਂ ਖੋਜਾਂ ਦੇ ਸਿੱਟਿਆਂ ਤੋਂ ਇਹ ਸਾਹਮਣੇ ਆਇਆ ਹੈ ਕਿ ਚਰਬੀ ਵਾਲੇ ਭੋਜਨ ਦਾ ਸੰਬੰਧ ਕੁਝ ਖ਼ਾਸ ਤਰ੍ਹਾਂ ਦੇ ਕੈਂਸਰ ਨਾਲ ਹੈ।

ਜਿਵੇਂ ਛਾਤੀ ਦਾ ਕੈਂਸਰ। ਇਕ ਤਜਰਬੇ ਤੋਂ ਇਹ ਨਤੀਜਾ ਸਾਹਮਣੇ ਆਇਆ ਹੈ ਕਿ ਚਰਬੀ ਵਾਲਾ ਭੋਜਨ ਕੈਂਸਰ ਹੋਣ ਦੀ ਸੰਭਾਵਨਾ ਨੂੰ ਵਧਾਉਂਦਾ ਹੈ, ਇਸ ਲਈ ਆਪਣੇ ਭੋਜਨ ਵਿਚ ਤੇਲ ਵਾਲੇ ਪਦਾਰਥਾਂ ਦੀ ਕਮੀ ਲਿਆਓ।

ਮਸ਼ੀਨਾਂ ਰਾਹੀਂ ਪ੍ਰੋਸੈੱਸ ਕੀਤਾ ਗਿਆ ਭੋਜਨ ਘੱਟ ਤੋਂ ਘੱਟ ਖਾਓ। ਇਨ੍ਹਾਂ ਵਿਚ ਕੁਝ ਬਣਾਉਟੀ ਰੰਗ ਅਤੇ ਸੁਗੰਧ ਲਈ ਕੈਮੀਕਲ ਪਾਏ ਜਾਂਦੇ ਹਨ ਜੋ ਜਿਗਰ ਦੇ ਕੈਂਸਰ ਦੀ ਸੰਭਾਵਨਾ ਨੂੰ ਵਧਾਉਂਦੇ ਹਨ। ਨਾਲ ਹੀ ਨਾਲ ਪ੍ਰੋਸੈੱਸ ਕੀਤਾ ਹੋਇਆ ਭੋਜਨ ਘੱਟ ਰੇਸ਼ੇਦਾਰ ਹੁੰਦਾ ਹੈ। ਨਸ਼ੇ ਵਾਲੇ ਪਦਾਰਥਾਂ ਦੀ ਵਰਤੋਂ ਵੀ ਕੈਂਸਰ ਦੀ ਸੰਭਾਵਨਾ ਨੂੰ ਵਧਾਉਂਦੀ ਹੈ। ਇਸ ਲਈ ਇਸ ਦੀ ਵਰਤੋਂ ਨਾ ਕਰੋ।

ਕੈਂਸਰ ਦੀ ਸੰਭਾਵਨਾ ਘੱਟ ਕਰਨ ਲਈ ਸਭ ਤੋਂ ਜ਼ਰੂਰੀ ਹੁੰਦਾ ਹੈ ਮੋਟਾਪੇ 'ਤੇ ਕੰਟਰੋਲ ਕਰਨਾ। ਇਸ ਲਈ ਆਪਣੇ ਵਜ਼ਨ 'ਤੇ ਕੰਟਰੋਲ ਰੱਖੋ। ਭੋਜਨ ਵਿਚ ਚਰਬੀ ਵਾਲੇ ਤੱਤ ਘੱਟ ਕਰਕੇ ਤੁਸੀਂ ਵਜ਼ਨ 'ਤੇ ਕੰਟਰੋਲ ਰੱਖ ਸਕਦੇ ਹੋ। ਮਾਸਾਹਾਰੀ ਭੋਜਨ ਦੀ ਬਜਾਏ ਫਲ, ਸਬਜ਼ੀਆਂ, ਅਨਾਜ ਆਦਿ ਦੀ ਵਰਤੋਂ ਕਰੋ।

ਵਾਤਾਵਰਨ ਵਿਚ ਫੈਲੀਆਂ ਦੂਸ਼ਿਤ ਗੈਸਾਂ ਪ੍ਰਦੂਸ਼ਣ ਵਧਾਉਂਦੀਆਂ ਹਨ। ਜਿਵੇਂ ਓਜ਼ੋਨ, ਸਲਫਰ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ ਅਤੇ ਨਾਈਟ੍ਰੋਜਨ ਆਕਸਾਈਡ ਆਦਿ, ਇਸ ਲਈ ਜੇਕਰ ਤੁਸੀਂ ਪ੍ਰਦੂਸ਼ਿਤ ਵਾਤਾਵਰਨ ਵਿਚ ਰਹਿ ਰਹੇ ਹੋ ਤਾਂ ਹਰ ਹਫ਼ਤੇ ਦੋ ਤਿੰਨ ਦਿਨ ਖੁੱਲ੍ਹੇ ਵਾਤਾਵਰਨ ਵਿਚ ਜਾਓ ਜਿਥੇ ਤੁਸੀਂ ਸ਼ੁੱਧ ਹਵਾ ਵਿਚ ਸਾਹ ਲੈ ਸਕੋ। ਜੇਕਰ ਤੁਸੀਂ ਕਸਰਤ ਜਾਂ ਸਵੇਰ ਦੀ ਸੈਰ ਕਰਨ ਲਈ ਜਾਂਦੇ ਹੋ ਤਾਂ ਉਨ੍ਹਾਂ ਥਾਵਾਂ 'ਤੇ ਨਾ ਜਾਓ ਜਿਥੇ ਬਹੁਤ ਜ਼ਿਆਦਾ ਆਵਾਜਾਈ ਹੋਵੇ।

ਇਸ ਤੋਂ ਇਲਾਵਾ ਬੇਵਜ੍ਹਾ ਐਕਸਰੇ ਨਾ ਕਰਾਓ। ਇਸ ਦੇ ਰੇਡੀਏਸ਼ਨ ਨਾਲ ਤੁਹਾਨੂੰ ਖ਼ੂਨ ਦਾ ਕੈਂਸਰ ਵੀ ਹੋ ਸਕਦਾ ਹੈ। ਰੇਡੀਏਸ਼ਨ ਦੇ ਹੋਰ ਵੀ ਸੋਮੇ ਹਨ। ਜਿਵੇਂ ਟੀ.ਵੀ., ਵੀਡੀਓ, ਪੇਸਮੇਕਰ ਆਦਿ ਪਰ ਤੁਸੀਂ ਇਨ੍ਹਾਂ ਸਭ ਬਾਰੇ ਜ਼ਿਆਦਾ ਕੁਝ ਨਹੀਂ ਕਰ ਸਕਦੇ। ਇਸ ਲਈ ਮੈਡੀਕਲ ਐਕਸਰੇ ਸੀਮਤ ਕਰਾਓ ਭਾਵ ਜ਼ਰੂਰਤ ਹੋਣ 'ਤੇ ਹੀ ਕਰਾਓ।

## ਪਾਲਤੂ ਜਾਨਵਰ ਘਾਤਕ ਬਿਮਾਰੀਆਂ ਵੀ ਦੇ ਸਕਦੇ ਹਨ



ਲੇਖਕ : ਮਨੂ ਭਾਰਦਵਾਜ

ਅੱਜਕਲ੍ਹ ਕੁੱਤਾ ਪਾਲਣਾ ਜਿਥੇ ਫ਼ੈਸ਼ਨ ਜਿਹਾ ਬਣ ਚੁੱਕਾ ਹੈ, ਉਥੇ ਕੁਝ ਲੋਕ ਆਪਣੇ ਸ਼ੌਕ ਜਾਂ ਘਰ ਦੀ ਦੇਖਭਾਲ ਲਈ ਵੀ ਕੁੱਤਾ ਪਾਲਦੇ ਹਨ ਕਿਉਂਕਿ ਕੁੱਤੇ ਨੂੰ ਸਭ ਤੋਂ ਜ਼ਿਆਦਾ ਵਫ਼ਾਦਾਰ ਰੱਖਿਅਕ ਸਮਝਿਆ ਜਾਂਦਾ ਹੈ।

ਇਸ ਤਰ੍ਹਾਂ ਭਾਵੇਂ ਮਨੁੱਖ ਲਈ ਕੁੱਤੇ ਦੀ ਅਹਿਮੀਅਤ ਵਧ ਗਈ ਹੋਵੇ ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਕੁੱਤਿਆਂ ਵਲੋਂ ਫੈਲਣ ਵਾਲੀਆਂ ਬਿਮਾਰੀਆਂ ਵਿਚ ਵੀ ਵਾਧਾ ਹੁੰਦਾ ਜਾ ਰਿਹਾ ਹੈ ਕਿਉਂਕਿ ਕੁੱਤਿਆਂ ਜਾਂ ਹੋਰ ਮਾਸਾਹਾਰੀ ਜਾਨਵਰਾਂ ਦੀਆਂ ਅੰਤੜੀਆਂ ਵਿਚ 'ਵਿਅਸਕ ਟੇਪਵਰਮ ਇਕਾਟ੍ਰਬੋਕੋਸ' ਪਾਏ ਜਾਂਦੇ ਹਨ। ਇਹ ਵਿਅਸਕ ਟੇਪਵਰਮ ਲਗਭਗ 6 ਮੀਟਰ ਤੱਕ ਲੰਮੇ ਹੁੰਦੇ ਹਨ। ਜਦੋਂ ਕੁੱਤੇ ਮਲ ਤਿਆਗ ਕਰਦੇ ਹਨ ਤਾਂ 'ਵਿਅਸਕ ਟੇਪਵਰਮ' ਦੇ ਅੰਡੇ ਕੀਟਾਣੂ ਬਣ ਕੇ ਬਾਹਰ ਆ ਜਾਂਦੇ ਹਨ ਅਤੇ ਮਿੱਟੀ, ਪਾਣੀ, ਸਬਜ਼ੀ ਜਾਂ ਭੋਜਨ ਰਾਹੀਂ ਮਨੁੱਖ ਦੇ ਸਰੀਰ ਵਿਚ ਦਾਖ਼ਲ ਹੋ ਜਾਂਦੇ ਹਨ।

ਮਨੁੱਖੀ ਸਰੀਰ 'ਤੇ ਕਬਜ਼ਾ ਕਰਦਿਆਂ ਹੀ ਇਹ ਸਭ ਤੋਂ ਪਹਿਲਾਂ ਅੰਤੜੀਆਂ ਵਿਚ ਪਹੁੰਚਦਾ ਹੈ, ਉਸ ਤੋਂ ਬਾਅਦ ਖ਼ੂਨ ਨਾੜੀਆਂ ਦੀ ਸਹਾਇਤਾ ਨਾਲ ਸਰੀਰ ਦੇ ਵੱਖ-ਵੱਖ ਅੰਗਾਂ ਜਿਗਰ, ਪਲੀਹਾ, ਫੇਫੜਿਆਂ, ਖ਼ੂਨ ਮੱਜਾ ਜਾਂ ਦਿਮਾਗ਼ ਆਦਿ ਵਿਚ ਪਹੁੰਚ ਕੇ 'ਸਿਸਟ' ਬਣਾ ਦਿੰਦੇ ਹਨ। ਇਸ ਸਿਸਟ ਦਾ ਆਕਾਰ ਵਧਦਿਆਂ-ਵਧਦਿਆਂ ਫੁੱਟਬਾਲ ਵਰਗਾ ਹੋ ਜਾਂਦਾ ਹੈ, ਜਿਸ ਕਾਰਨ ਉਲਟੀ ਵਿਚ ਖ਼ੂਨ ਆਉਣ ਵਰਗੀਆਂ ਕਿਰਿਆਵਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਪ੍ਰਭਾਵਿਤ ਵਿਅਕਤੀ ਕਈ ਘਾਤਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਹੀ ਨਹੀਂ ਬਲਕਿ ਇਸ ਦੇ ਕਾਰਨ ਕਦੀ-ਕਦੀ ਮਨੁੱਖ 'ਕੋਮਾ' ਵਿਚ ਵੀ ਜਾ ਸਕਦਾ ਹੈ ਜਾਂ ਪਾਗਲ ਵੀ ਹੋ ਸਕਦਾ ਹੈ। ਅਖੀਰ ਕੁੱਤਾ ਪਾਲਣ ਦੇ ਸ਼ੌਕ ਨੂੰ ਹੇਠ ਲਿਖੀਆਂ ਗੱਲਾਂ ਨੂੰ ਸਮਝਣ ਤੇ ਧਿਆਨ ਵਿਚ ਰੱਖਣ ਤੋਂ ਬਾਅਦ ਹੀ ਪੂਰਾ ਕਰਨਾ ਚਾਹੀਦਾ ਹੈ-

ਕੁੱਤਿਆਂ ਦੀ ਸਮੇਂ-ਸਮੇਂ 'ਤੇ ਉਸ ਦੇ ਡਾਕਟਰਾਂ ਤੋਂ ਜਾਂਚ ਜ਼ਰੂਰ ਕਰਾਓ ਅਤੇ ਲਗਾਤਾਰ ਦਵਾਈਆਂ ਦਿੰਦੇ ਰਹੋ।

ਕੁੱਤੇ ਨੂੰ ਗੰਦਗੀ ਤੇ ਸੜੀਆਂ ਹੋਈਆਂ ਚੀਜ਼ਾਂ ਅਤੇ ਕੱਚਾ ਮਾਸ ਨਾ ਖਾਣ ਦਿਓ ਅਤੇ ਉਨ੍ਹਾਂ ਨੂੰ ਹੋਰ ਪਾਲਤੂ ਜਾਨਵਰਾਂ ਦਾ ਸ਼ਿਕਾਰ ਕਰਨ ਤੋਂ ਰੋਕੋ।

ਕੁੱਤਿਆਂ ਨੂੰ ਆਪਣੇ ਬਿਸਤਰ, ਰਸੋਈ ਅਤੇ ਖਾਣੇ ਜਾਂ ਬੈਠਣ ਦੀ ਥਾਂ 'ਤੇ ਨਾ ਜਾਣ ਦਿਓ।

ਉਨ੍ਹਾਂ ਨੂੰ ਲਗਾਤਾਰ ਇਸ਼ਨਾਨ ਕਰਾਉਣ ਤੋਂ ਬਾਅਦ ਆਪਣੇ ਹੱਥਾਂ ਤੇ ਸਰੀਰ ਨੂੰ ਚੰਗੀ ਤਰ੍ਹਾਂ ਸਾਫ਼ ਕਰੋ। ਮਰਨ ਤੋਂ ਬਾਅਦ ਉਸ ਦੇ ਮ੍ਰਿਤ ਸਰੀਰ ਨੂੰ ਜ਼ਮੀਨ ਵਿਚ ਦੱਬ ਦਿਓ।

ਕੁੱਤੇ ਜਿਥੇ ਇਕ ਪਾਸੇ ਚੰਗੇ ਰੱਖਿਅਕ ਤੇ ਜਾਸੂਸ ਸਾਬਤ ਹੁੰਦੇ ਹਨ, ਉਥੇ ਜੇਕਰ ਉਹ ਵੱਢ ਲੈਣ ਤਾਂ ਮਨੁੱਖ ਲਈ ਬਹੁਤ ਘਾਤਕ ਸਿੱਧ ਹੋ ਸਕਦੇ ਹਨ। ਹਾਲ ਹੀ ਵਿਚ ਕੀਤੇ ਗਏ ਇਕ ਸਰਵੇਖਣ ਅਨੁਸਾਰ ਦੇਸ਼ ਵਿਚ ਲਗਭਗ 30 ਲੱਖ ਲੋਕ ਹਰ ਸਾਲ ਕੁੱਤਿਆਂ ਦੇ ਸ਼ਿਕਾਰ ਬਣਦੇ ਹਨ ਅਤੇ 30 ਹਜ਼ਾਰ ਲੋਕ ਆਪਣੀ ਜਾਨ ਤੱਕ ਗਵਾ ਬੈਠਦੇ ਹਨ।

ਭਾਵੇਂ ਅੱਜਕਲ੍ਹ ਕੁੱਤਿਆਂ ਦੇ ਵੱਢਣ 'ਤੇ ਅਨੇਕ ਰੋਗਮੁਕਤ ਕਰਨ ਵਾਲੇ ਇੰਜੈਕਸ਼ਨ ਤੇ ਦਵਾਈਆਂ ਬਣ ਚੁੱਕੀਆਂ ਹਨ ਪਰ ਜੇਕਰ ਪਾਗਲ ਕੁੱਤਾ ਵੱਢ ਲਵੇ ਅਤੇ ਸਹੀ ਇਲਾਜ ਕਰਨ ਵਿਚ ਦੇਰ ਹੋ ਜਾਵੇ ਤਾਂ ਬਹੁਤ ਵੱਡੀ ਪ੍ਰੇਸ਼ਾਨੀ ਖੜ੍ਹੀ ਹੋ ਸਕਦੀ ਹੈ।

...ਧਿਆਨ ਰਹੇ ਕੁੱਤਾ ਪਾਲਣ ਦਾ ਸ਼ੌਕ ਬੁਰਾ ਨਹੀਂ ਹੈ ਪਰ ਬੇਧਿਆਨੀ ਕਾਰਨ ਇਹੀ ਸ਼ੌਕ ਕਦੀ-ਕਦੀ ਬਹੁਤ ਘਾਤਕ ਵੀ ਸਿੱਧ ਹੋ ਸਕਦਾ ਹੈ।

## ਹਵਾਈ ਸਫ਼ਰ ਅਤੇ ਸਿਹਤ

ਲੇਖਕ : ਡਾ. ਗੁਰਪ੍ਰੀਤ ਸਿੰਘ ਧੁੱਗਾ



1. ਆਪਣੇ ਬੈਗ ਵਿਚ ਆਪਣੀ ਦਵਾਈ ਰੱਖਣੀ ਨਾ ਭੁੱਲੋ।
2. ਜੇਕਰ ਤੁਸੀਂ ਸ਼ੂਗਰ ਲਈ ਇੰਸੁਲਿਨ ਦੇ ਟੀਕੇ ਵਰਤਦੇ ਹੋ ਤਾਂ ਟੀਕਿਆਂ ਲਈ ਹਵਾਈ ਜਹਾਜ਼ ਵਿਚ ਲਿਜਾਣ ਲਈ ਆਪਣੇ ਡਾਕਟਰ ਤੋਂ ਇਜਾਜ਼ਤੀ ਪੱਤਰ ਜ਼ਰੂਰ ਲਵੋ।
3. ਸਫ਼ਰ ਕਰਨ ਤੋਂ ਜੇਕਰ ਦੋ ਹਫ਼ਤੇ ਪਹਿਲਾਂ ਤੁਹਾਨੂੰ ਦਿਲ ਦਾ ਦੌਰਾ ਪਿਆ ਹੈ ਜਾਂ ਦਿਲ ਦਾ ਆਪ੍ਰੇਸ਼ਨ ਹੋਇਆ ਹੈ ਤਾਂ ਸਫ਼ਰ ਨਾ ਕਰੋ।
4. ਸਫ਼ਰ ਦੇ ਦੌਰਾਨ ਜੇਕਰ ਤੁਹਾਨੂੰ ਆਕਸੀਜਨ ਦੀ ਲੋੜ ਹੈ ਤਾਂ ਇਸ ਦੀ ਇਜਾਜ਼ਤ ਲਈ ਆਪਣੇ ਡਾਕਟਰ ਤੋਂ ਇਜਾਜ਼ਤੀ ਪੱਤਰ ਲਵੋ।
5. ਬਹੁਤ ਜ਼ਿਆਦਾ ਸਮੇਂ ਲਈ ਆਪਣੇ ਪਿਸ਼ਾਬ ਨੂੰ ਨਾ ਰੋਕੋ, ਇਸ ਨਾਲ ਇਨਫੈਕਸ਼ਨ ਹੋ ਸਕਦੀ ਹੈ ਅਤੇ ਗੁਰਦੇ ਦੀ ਪ੍ਰੇਸ਼ਾਨੀ ਹੋ ਸਕਦੀ ਹੈ।
6. ਹਵਾਈ ਸਫ਼ਰ ਕਰਦੇ ਸਮੇਂ ਬਹੁਤ ਜ਼ਿਆਦਾ ਸਮੇਂ ਲਈ ਬੈਠੇ ਰਹਿਣਾ ਪੈਂਦਾ ਹੈ, ਇਸ ਨਾਲ ਲੱਤਾਂ ਵਿਚ ਖ਼ੂਨ ਦੀਆਂ ਗਿਲਟੀਆਂ ਬਣ ਸਕਦੀਆਂ ਹਨ ਜੋ ਖ਼ਤਰਨਾਕ ਹਨ ਕਿਉਂਕਿ ਇਸ ਨਾਲ ਅਚਾਨਕ ਮੌਤ ਵੀ ਹੋ ਸਕਦੀ ਹੈ। ਲੱਤਾਂ ਵਿਚ ਖ਼ੂਨ ਦੀਆਂ ਗਿਲਟੀਆਂ ਤੋਂ ਬਚਾਅ ਲਈ ਸਫ਼ਰ ਦੌਰਾਨ ਹਰ ਦੋ ਘੰਟੇ ਬਾਅਦ ਸੀਟ ਤੋਂ ਉਠੋ ਅਤੇ ਤੁਰੋ-ਫਿਰੋ।
7. ਜੇਕਰ ਤੁਸੀਂ ਕੋਈ ਵਿਸ਼ੇਸ਼ ਖਾਣਾ ਖਾਂਦੇ ਹੋ ਤਾਂ ਏਅਰ ਲਾਈਨ ਨੂੰ ਸੂਚਿਤ ਕਰੋ, ਜਿਵੇਂ ਸ਼ਾਕਾਹਾਰੀ ਖਾਣਾ ਜਾਂ ਜੇ ਕਿਸੇ ਵਿਸ਼ੇਸ਼ ਖਾਣੇ ਤੋਂ ਤੁਹਾਨੂੰ ਐਲਰਜੀ ਹੋਵੇ।
8. ਕਿਸੇ ਦਵਾਈ ਦੇ ਕਾਰਨ ਜੇ ਤੁਸੀਂ ਵਾਰ-ਵਾਰ ਪਿਸ਼ਾਬ ਕਰਨ ਲਈ ਉਠਦੇ ਹੋ ਤਾਂ ਸਾਈਡ ਵਾਲੀ ਸੀਟ ਲੈਣ ਬਾਰੇ ਬੇਨਤੀ ਕਰੋ।
9. ਮਲੇਰੀਆ, ਹੈਪੇਟਾਈਟਸ ਅਤੇ ਟਾਈਫਾਈਡ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਸਫ਼ਰ ਕਰਨ ਤੋਂ 4-6 ਹਫ਼ਤੇ ਪਹਿਲਾਂ ਆਪਣੇ ਡਾਕਟਰ ਤੋਂ ਦਵਾਈ ਲਵੋ।
10. ਦਰਦ ਅਤੇ ਮਾਨਸਿਕ ਤਣਾਓ ਦੀਆਂ ਦਵਾਈਆਂ ਲਈ ਡਾਕਟਰ ਤੋਂ ਦਵਾਈ ਲਵੋ।

## ਤਣਾਅ ਦੀਆਂ ਨਿਸ਼ਾਨੀਆਂ ਕੀ ਹਨ ?



ਮਾਨਸਿਕ ਤਣਾਅ ਕਈ ਹੋਰ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਸਾਨੂੰ ਉਦੋਂ ਪਤਾ ਲਗਦਾ ਹੈ, ਜਦੋਂ ਕਈ ਬਿਮਾਰੀਆਂ ਕਾਫੀ ਵਧ ਜਾਂਦੀਆਂ ਹਨ। ਇਸ ਲਈ ਸਮੇਂ ਸਿਰ ਤਣਾਅ ਨੂੰ ਪਛਾਣ ਕੇ ਆਪਣਾ ਇਲਾਜ ਕਰੋ। ਆਪਣੇ ਰਹਿਣ-ਸਹਿਣ ਅਤੇ ਖਾਣ-ਪੀਣ ਦੇ ਤਰੀਕਿਆਂ ਵਿਚ ਬਦਲਾਅ ਲਿਆਓ, ਤਾਂ ਕਿ ਤਣਾਅ 'ਚੋਂ ਤੁਸੀਂ ਜਲਦੀ ਬਾਹਰ ਨਿਕਲ ਸਕੋ ਅਤੇ ਤਣਾਅ ਮੁਕਤ ਜ਼ਿੰਦਗੀ ਦਾ ਮਜ਼ਾ ਲੈ ਸਕੋ।

ਜਦ ਵੀ ਤੁਹਾਨੂੰ ਅਜਿਹਾ ਮਹਿਸੂਸ ਹੋਵੇ ਕਿ ਤੁਹਾਡੇ ਦਿਲ ਦੀ ਧੜਕਣ ਆਮ ਵਾਂਗ ਨਹੀਂ ਚੱਲ ਰਹੀ ਹੈ ਜਾਂ ਹਲਕਾ ਜਿਹਾ ਛਾਤੀ ਵਿਚ ਦਰਦ ਹੋ ਰਿਹਾ ਹੈ ਤਾਂ ਤੁਸੀਂ ਸਮਝ ਲਓ ਕਿ ਤੁਸੀਂ ਤਣਾਅਗ੍ਰਸਤ ਹੋ। ਜੋ ਲੋਕ ਪਹਿਲਾਂ ਦਿਲ ਦੀ ਕਿਸੇ ਬਿਮਾਰੀ ਤੋਂ ਪੀੜਤ ਹਨ, ਉਨ੍ਹਾਂ ਨੂੰ ਤਣਾਅ ਜ਼ਿਆਦਾ ਨੁਕਸਾਨ ਪਹੁੰਚਾ ਸਕਦਾ ਹੈ। ਲਗਾਤਾਰ ਸਿਰ ਦਰਦ ਅਤੇ ਪਾਚਣਤੰਤਰ ਦੀ ਗੜਬੜੀ ਵੀ ਤਣਾਅ ਦਾ ਕਾਰਨ ਹੁੰਦੇ ਹਨ। ਇਹ ਦੋਵੇਂ ਕਾਰਨ ਕਾਫ਼ੀ ਸਾਧਾਰਨ ਹਨ। ਪਾਚਣਤੰਤਰ ਦੀ ਗੜਬੜੀ ਨਾਲ ਕਦੀ-ਕਦੀ ਪੇਟ ਦਰਦ ਵੀ ਹੋ ਸਕਦਾ ਹੈ।

ਤਣਾਅ ਦੇ ਦਿਨਾਂ 'ਚ ਬਲੱਡ ਪ੍ਰੈਸ਼ਰ 'ਤੇ ਵੀ ਨਜ਼ਰ ਰੱਖੋ। ਜਿਨ੍ਹਾਂ ਲੋਕਾਂ ਨੂੰ ਲਗਾਤਾਰ ਤਣਾਅ ਕਈ ਦਿਨਾਂ ਤੱਕ ਰਹਿੰਦਾ ਹੈ, ਉਨ੍ਹਾਂ ਦਾ ਬਲੱਡ ਪ੍ਰੈਸ਼ਰ ਵਧ ਜਾਂਦਾ ਹੈ। ਤਣਾਅ ਘੱਟ ਹੋਣ 'ਤੇ ਵੀ ਕਈ ਵਾਰ ਬਲੱਡ ਪ੍ਰੈਸ਼ਰ ਵੱਧ ਰਹਿਣ ਲਗਦਾ ਹੈ। ਨਤੀਜਾ ਤੁਸੀਂ ਹਾਈ ਬਲੱਡ ਪ੍ਰੈਸ਼ਰ ਦੇ ਰੋਗੀ ਬਣ ਜਾਂਦੇ ਹੋ।

ਤਣਾਅ ਦੇ ਕਾਰਨ ਜਾਂ ਤਾਂ ਭਾਰ ਘੱਟ ਹੋ ਜਾਂਦਾ ਹੈ ਜਾਂ ਭਾਰ ਵਧ ਜਾਂਦਾ ਹੈ। ਸਰੀਰਕ ਬਦਲਾਅ ਵੀ ਤਣਾਅ ਨੂੰ ਦਰਸਾਉਂਦਾ ਹੈ। ਕੁਝ ਲੋਕ ਤਣਾਅ ਕਾਰਨ ਵਧੇਰੇ ਖਾਣ ਲਗਦੇ ਹਨ ਅਤੇ ਮੋਟੇ ਹੋਣੇ ਸ਼ੁਰੂ ਹੋ ਜਾਂਦੇ ਹਨ। ਕੁਝ ਲੋਕ ਘੱਟ ਖਾਣ ਲਗਦੇ ਹਨ। ਉਨ੍ਹਾਂ ਦਾ ਭਾਰ ਘੱਟ ਹੋਣਾ ਸ਼ੁਰੂ ਹੋ ਜਾਂਦਾ ਹੈ।

ਤਣਾਅ ਹੋਣ 'ਤੇ ਜਾਂ ਤਾਂ ਨੀਂਦ ਆਮ ਨਾਲੋਂ ਵੱਧ ਜਾਂਦੀ ਹੈ ਜਾਂ ਘੱਟ ਹੋ ਜਾਂਦੀ ਹੈ। ਜਿਨ੍ਹਾਂ ਲੋਕਾਂ ਨੂੰ ਤਣਾਅ ਰਹਿੰਦਾ ਹੈ ਉਨ੍ਹਾਂ ਨੂੰ ਰਾਤ ਨੂੰ ਮਾੜੇ ਸੁਪਨੇ ਆਉਣ ਲੱਗਦੇ ਹਨ ਅਤੇ ਕਦੀ-ਕਦੀ ਡਰ ਵੀ ਲੱਗਣ ਲਗਦਾ ਹੈ।

# ਕਾਵਿ ਕਿਆਰੀ

## ਰੰਗ ਜ਼ਿੰਦਗੀ ਦੇ

ਰੰਗ ਜ਼ਿੰਦਗੀ ਦੇ ਹਨ,
ਸੁਆਰਥ ਦੇ ਪ੍ਰਭਾਵ ਅਧੀਨ,
ਮਨੁੱਖ ਨੇ ਆਪਣੀ ਮਰਜ਼ੀ ਅਨੁਸਾਰ
ਇਨ੍ਹਾਂ ਰੰਗਾਂ ਨੂੰ ਵੱਖ ਵੱਖ ਨਾਮ ਦਿੱਤੇ!
ਕਦੇ ਧਾਰਮਿਕ ਆਧਾਰ 'ਤੇ,
ਕਈ ਵਾਰ ਜਜ਼ਬਾਤ ਕਰਕੇ।
ਚਿੱਟਾ ਰੰਗ ਬਣਇਆ ਅਨਾਥ ਦਾ ਚੋਲਾ ਤੇ
ਲਾਲ ਰੰਗ ਦੁਲਹਨ ਦਾ ਪਹਿਰਾਵਾ ਬਣ ਗਿਆ।
ਕਾਲਾ ਰੰਗ ਬਣਾਇਆ ਕਿਤੇ ਸੋਗ ਦਾ ਪ੍ਰਤੀਕ,
ਤੇ ਬਣ ਗਿਆ ਕਿਤੇ ਮਖੌਟਾ ਅਬਲਾ ਦਾ।
ਹਰਾ ਰੰਗ ਦਿੰਦਾ ਹੈ ਨਵੀਨਤਾ ਦਾ ਅਹਿਸਾਸ,
ਪੱਤਝੜ ਪੀਲੇ ਰੰਗ ਵਿੱਚ ਢਕੀ।
ਰੰਗਾਂ ਦੇ ਨਾਂ 'ਤੇ ਖੇਡਾਂ ਕਈ ਖੇਡੀਆਂ ਗਈਆਂ,
ਕਿ ਇਨਸਾਨੀਅਤ ਵੀ ਹੋ ਗਈ ਸ਼ਰਮਸਾਰ,
ਦੁਨੀਆ ਦੇ ਰਿਵਾਜ਼ ਅਦਭੁੱਤ ਹਨ
ਰੰਗਾਂ ਨੂੰ ਹੀ ਸਾਰਿਆਂ ਨੇ ਦੋਸ਼ ਦਿੱਤਾ।
ਰੰਗ ਸਦਾ ਤੋਂ ਹੀ ਮਨੁੱਖ ਜਾਤੀ ਦੇ
ਮੋਹਰੇ ਅਤੇ ਹਥਿਆਰ ਬਣਦੇ ਰਹੇ,
ਜ਼ਿੰਦਗੀ ਸਾਰੇ ਰੰਗਾਂ ਨਾਲ ਭਰੀ ਹੋਈ ਹੈ
ਜੇ ਮਿਲ ਜਾਣ ਤਾਂ ਸਤਰੰਗੀ ਪੀਂਘ ਬਣ ਜਾਣ।
ਕੁਦਰਤ ਸਾਰੇ ਰੰਗਾਂ ਨੂੰ ਮਿਲਾ ਕੇ ਹੀ
ਸੁੰਦਰ ਬਣ ਸਕਦੀ ਹੈ,
ਧੁਨ ਸੰਗੀਤਕ ਹੈ ਜਾਂ ਤਾਲ ਦਿਲ ਦੀ ਧੜਕਨ,
ਰੰਗ ਕਣ ਕਣ ਵਿੱਚ ਮੌਜੂਦ ਹੈ।
ਸਰੀਰ ਦੀਆਂ ਨਾੜੀਆਂ ਹਰੀਆਂ ਨੀਲੀਆਂ ਹਨ
ਲਾਲ ਲਹੂ ਜੀਵਨ ਦਾ ਹੈ ਰੰਗ,
ਹਰ ਰੰਗ ਦੀ ਮਹਿਕ ਅਨੋਖੀ ਹੈ,
ਪਿਆਰ ਹਰ ਰੰਗ ਵਿੱਚ ਹੈ ਮੌਜੂਦ।
ਹੋਲੀ ਰੰਗਾਂ ਦਾ ਹੈ ਤਿਉਹਾਰ ਪਵਿੱਤਰ,
ਇਸ ਲਈ, ਅਸਮਾਨ ਰੰਗ ਵਿੱਚ ਰੰਗਿਆ
ਇਸ ਦਿਨ ਜਾ ਸਕਦਾ ਹੈ ਦੇਖਿਆ
ਇਸ ਦਿਨ ਰੰਗਾਂ ਦਾ ਫ਼ਰਕ
ਭੁੱਲ ਜਾਂਦੇ ਹਨ ਸਾਰੇ ਮਨੁੱਖ।
ਹੁੰਦੀ ਅੰਮ੍ਰਿਤ ਵਰਖਾ ਇਸ ਦਿਨ...
ਪਿਆਰ ਦੀ ਜ਼ਿੰਦਗੀ ਦਾ ਰੰਗ ਪੱਕਾ ਹੈ!
ਇਕੱਠੇ ਰਹਿਣ ਦਾ ਰੰਗ ਅਮਰ ਹੈ!!

ਲੇਖਕ : ਮੁਨੀਸ਼ ਭਾਟੀਆ
ਸੰਪਰਕ: 9416457695

## ਆਖਰ ਵੇਲਾ

ਕੱਚ, ਕੰਡੇ ਸਭ ਪਿੰਡੇ ਸਹਿਕੇ ।
ਸਫਰ ਮੈਂ ਅੱਜ ਮੁਕਾਇਆ ਨੀ ।
ਮੌਤ ਖੜ੍ਹੀ ਸਿਰਹਾਣੇ ਆ ਕੇ ।
ਘਰ ਤੇਰਾ ਪਰ ਆਇਆ ਨੀ ।
ਜਿੱਤ ਪੱਕੀ ਕਰ ਤੁਰਿਆ ਸਾਂ ਮੈਂ ।
ਵਕਤ ਨੇ ਅੱਜ ਹਰਾਇਆ ਨੀ ।
ਸਮਾਂ ਸਰੀਰ ਦਾ ਪੂਰਾ ਹੋਸੀ ।
ਕਿਥੋਂ ਦਿਆਂ ਕਿਰਾਇਆ ਨੀਂ ।

ਆਖਰ ਵੇਲਾ ਚਾਨਣ ਭਾਲਾਂ ।
ਦਿਸੇ ਹਨ੍ਹੇਰੀ ਰਾਤ ਨੀਂ ।
ਬੱਦਲਾਂ ਵੀ ਲੁਕੋਇਆ ਚਾਨਣ ।
ਦੂਰ ਦਿਸੇ ਪ੍ਰਭਾਤ ਨੀ ।
ਸਾਰੇ ਹੀ ਨੇ ਵੈਰੀ ਹੋਏ ।
ਕਿਸੇ ਨਾ ਪੁੱਛੀ ਬਾਤ ਨੀਂ ।
ਯਾਦ ਆਈ ਮੈਨੂੰ ਮੇਰੀ ਅੰਮੜੀ ।
ਹਰ ਦਮ ਕਰਦੀ ਝਾਤ ਨੀਂ ।

ਮੇਰੇ ਅੰਦਰ ਬਿਰਹਾ ਫੁੱਟਦਾ ।
ਤੇਰੇ ਅੰਦਰ ਹਾਸਾ ਨੀ ।
ਤੇਰਾ ਅੰਦਰ ਰੱਜਿਆ ਭਰਿਆ ।
ਮੇਰਾ ਅੰਦਰ ਪਿਆਸਾ ਨੀਂ ।
ਸਾੜ ਤੇਰਾ ਮੇਰਾ ਪਿੰਜਰ ਸਾੜੇ ।
ਬਚਿਆ ਮਾਸ ਨਾ ਮਾਸਾ ਨੀ ।
ਘੁੱਲ ਹੀ ਜਾਣਾ ਅਰਜ ਨੇ ਆਖਿਰ ।
ਪਾਣੀ ਵਿੱਚ ਪਤਾਸਾ ਨੀ ।

ਲੇਖਕ : ਅਰਸ਼ਪ੍ਰੀਤ

## ਗ਼ਜ਼ਲ

ਮੇਰੇ ਸਿਰ ਅਹਿਸਾਨ ਚੜ੍ਹੇ ਨੇ
'ਘਰ' ਦੀ ਥਾਂ 'ਮਕਾਨ' ਬੜੇ ਨੇ।
ਜਿਸ ਨੇ ਅੱਗੇ ਵਧਣਾ ਹੁੰਦਾ
ਉਸ ਦੇ ਲਈ ਅਸਮਾਨ ਬੜੇ ਨੇ।
ਮੁਲਕ ਦੀ ਖਾਤਿਰ ਜਾਨਾਂ ਵਾਰਨ
ਐਸੇ ਪੁੱਤ ਮਹਾਨ ਬੜੇ ਨੇ।
ਭੀੜ ਪਏ 'ਤੇ ਵੀ ਨਾ ਡੋਲੇ
ਐਸੇ ਸਖ਼ਤ ਚੱਟਾਨ ਬੜੇ ਨੇ।
ਦੌਲਤ, ਸ਼ੁਹਰਤ ਪਾ ਨਾ ਬਦਲੇ
ਐਸੇ ਵੀ ਇਨਸਾਨ ਬੜੇ ਨੇ।
ਇਹ ਧਰਤੀ ਏ ਸ਼ਾਇਰਾਂ ਮੱਲੀ
'ਤੁਲਸੀ' ਤੇ 'ਰਸਖਾਨ' ਬੜੇ ਨੇ।
ਠੋਕਰ ਵਿੱਚ ਜ਼ਮਾਨਾ ਰੱਖਦੇ
ਐਸੇ ਖੱਬੀਖਾਨ ਬੜੇ ਨੇ।

ਪ੍ਰੋ .ਪਰਮਜੀਤ ਸਿੰਘ ਨਿੱਕੇ ਘੁੰਮਣ
ਸੰਪਰਕ: 97816-46008

## ਸ਼ਾਂਤੀ ਦੀ ਭਾਲ 'ਚ

ਸ਼ਾਂਤੀ ਦੀ ਭਾਲ 'ਚ ਮੈਂ ਚੱਲੀ ਜਾਵਾਂ,
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਠਕ ਠੱਕ ਠਕ ਠੱਕ,
ਸੁੱਚਾਂ ਦੀ ਆਵਾਜ਼,
ਧਮ ਧਮ ਧਮ,
ਮਸ਼ੀਨ ਕਰੀ ਜਾਵੇ,
ਕਿੱਥੇ ਆ ਗਏ, ਮੈਂ ਸੋਚੀ ਜਾਵਾਂ ,
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਚਹੁੰ ਪਾਸੇ ਇਮਾਰਤਾਂ ਹੀ ਇਮਾਰਤਾਂ!
ਛੋਟੇ ਛੋਟੇ ਹੱਥਾਂ ਵਿੱਚ ਇੱਟਾਂ!
ਪਸੀਨੇ ਨਾਲ ਨਹਾਉਂਦਾ ਪਰਿਵਾਰ!
ਭੁੱਖ ਨੂੰ ਲੁਕਾਉਂਦਾ ਮਾਂ ਬਾਪ!
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਇੰਨੇ ਨੂੰ ਨਜ਼ਰਾਂ ਨੇ ਝਾਤੀ ਜ਼ਰਾ ਲੰਬੀ ਮਾਰੀ,
ਉਹ ਦੇਖ ਜਿੱਥੇ ਰੁੱਖ ਦਿਸਦੇ,
ਬੱਚਿਆਂ ਲਾਗੇ ਫੁੱਲ ਪਏ ਖਿੜਦੇ,
ਚੱਲ ਓਸੇ ਤਾਂਘ 'ਚ ਪੈਰ ਮੈਂ ਪੁੱਟੀ ਜਾਵਾਂ,
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਫਾਸਲਾ ਹੁਣ ਕੁਝ ਹੀ ਦੂਰੀ ਦਾ ਸੀ,
ਨੱਚ ਰਹੀ ਨਸ ਹੁਣ ਥਮ ਰਹੀ ਸੀ,,
ਖਿਆਲੀ ਮਹਿਕ ਮੇਰਾ ਮਨ ਛੂਹ ਰਹੀ ਸੀ,
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਖਿੜ ਖਿੜ ਕਰਦਾ ਉਹ ਹਾਸਾ,
ਕੁਝ ਪੁਲਾਂਘਾਂ ਪੁੱਟੀਆਂ ਤੇ ਉਹ ਚਾਂਚਾ,
ਫਿਰ ਮੇਰੀ ਅੱਖਾਂ ਮੂਹਰੇ ਆ ਗਿਆ,
ਦੋ-ਦੋ, ਸ਼ੀਸ਼ੇ ਜੜੀ ਨਿਆਣੇ ਬੈਠੇ ਸੀ,
ਖਿੜੇ ਫੁੱਲਾਂ ਦੀ ਥਾਂ ਫ਼ੋਨ ਲੈ ਕੇ ਬੈਠੇ ਸੀ,
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਬਾਈਕ ਦੀ ਆਵਾਜ਼ ਸੁਣ ਉਨ੍ਹਾਂ ਉੱਪਰ ਝਕਿਆ,
ਅੱਖਾਂ ਥੱਲੇ ਕਾਲੇ ਘੇਰਿਆਂ ਮੈਨੂੰ ਤੱਕਿਆ,
ਇੰਨੀ ਚੁੱਪ ਪਸਰੀ ਦੇਖ ਮੇਰਾ ਮਨ ਡੋਲ ਗਿਆ!
ਉੱਚੀਆਂ ਇਮਾਰਤਾਂ ਵਿੱਚ ਬੈਠੇ ਦੇਖ,
ਮੇਰਾ ਸਾਹ ਘੁਟ ਗਿਆ।

ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ...।

ਲੇਖਕ : ਮੁਸਕਾਨ

## ਇੱਕ ਹੋਰ

ਦਿੱਤਾ ਹੋਰ ਇੱਕ ਡੁੰਗ ਪਿਆਦਾ,
ਬੜੇ ਚਿਰਾਂ ਤੋਂ ਸੀ ਫ਼ਰਾਰ ਕਹਿੰਦੇ।
ਹੁੰਦੀ ਸੁੱਖ ਨਾ ਪੂਰੀ ਬੱਕਰੇ ਦੀ,
ਇੱਕ ਦਿਨ ਤਾਂ ਦਿੰਦੇ ਮਾਰ ਕਹਿੰਦੇ।
ਜਿਹੜਾ ਆਪ ਹੀ ਨੇਤਾ ਫਿਰੇ ਲੁਕਿਆ,
ਕੀ ਸਮਾਜ ਦਾ ਦੇਊ ਸੁਧਾਰ ਕਹਿੰਦੇ।
ਰੇਤਾ ਬਜਰੀ ਚੌਪਰ ਰਿਸ਼ਵਤਾਂ ਨੂੰ,
ਖਾ ਪੀ ਕੇ ਜਾਣ ਡਕਾਰ ਕਹਿੰਦੇ।
ਹੱਥ ਕਾਨੂੰਨ ਦੇ ਵੇਖ ਲੰਬੇ,
ਗਿਆ ਗੋਡਿਆਂ ਹੋ ਭਾਰ ਕਹਿੰਦੇ।
ਬਹੁਤਾ ਚਿਰ ਨਾ ਚੱਲੇ ਲੁਕਣ ਮੀਟੀ,
ਕਿਹੜੀ ਬਹਾਦਰੀ ਹੋਣਾ ਉਡਾਰ ਕਹਿੰਦੇ,
ਰੋਵਾ ਇੱਕ ਨੂੰ ਕੀ ਗਿਆ ਉਤ ਆਵਾ,
ਉਠਦਾ ਨਿੱਤ ਨਵਾਂ ਸ਼ਿਕਾਰ ਕਹਿੰਦੇ।
ਫੜੀ ਕਿੰਨਿਆਂ ਕੁ ਨੂੰ ਜਾਣ 'ਭਗਤਾ',
ਇਹ ਤਾਂ ਤੁਰ ਪਏ ਬੰਨ੍ਹ ਕਤਾਰ ਕਹਿੰਦੇ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

## ਸਪੂਤ

ਭਾਰਤ ਮਾਂ ਦੇ ਲੇਖੇ ਜਿੰਦ ਆਪਣੀ ਲਾ ਗਿਆ।
ਸ਼ਹੀਦੀ ਦਾ ਮਾਣ ਭਗਤ ਸਿੰਘ ਪਾ ਗਿਆ।
ਮਾਂ ਨੂੰ ਆਜ਼ਾਦ ਕਰਾਉਣ ਦਾ ਮਨ ਬਣਇਆ ਸੀ।
ਇਸ ਖ਼ਾਤਰ ਸ਼ੇਰ ਨੇ ਡਾਢਾ ਕਸ਼ਟ ਉਠਾਇਆ ਸੀ।
ਜ਼ਿੰਦਗੀ ਦਾ ਸੁਖ-ਆਰਾਮ ਦਾਅ 'ਤੇ ਲਾ ਗਿਆ।
ਭਗਤ ਸਿੰਘ ਅਣਖੀਲਾ, ਜੋਸ਼ੀਲਾ ਨੌਜਵਾਨ ਸੀ।
ਉਮਰੋਂ ਵੱਧ ਸਿਆਣਾ, ਦਲੇਰ, ਗਿਆਨਵਾਨ ਸੀ।
ਸੂਝਬੂਝ, ਉੱਚੇ ਵਿਚਾਰਾਂ ਦਾ ਲੋਹਾ ਮਨਵਾ ਗਿਆ।
ਕਲਮ ਦਾ ਧਨੀ, ਸਾਹਿਤ ਪੜ੍ਹਨ ਦਾ ਸ਼ੌਕੀਨ ਸੀ।
ਮਾਂ ਦੀ ਗੁਲਾਮੀ ਨੂੰ ਸਮਝਦਾ ਤੌਹੀਨ ਸੀ।
ਆਜ਼ਾਦੀ ਦੇ ਘੋਲ 'ਚ ਆਪਣੇ ਜੌਹਰ ਦਿਖਾ ਗਿਆ।
ਗੋਰਿਆਂ ਦੇ ਜ਼ੁਲਮਾਂ ਨਾਲ ਡਟਕੇ ਮੱਥਾ ਲਾਇਆ ਸੀ।
ਇਨ੍ਹਾਂ ਅੱਗੇ ਸੂਰੇ ਸਿਰ ਹਰਗਿਜ਼ ਨਾ ਝੁਕਾਇਆ ਸੀ।
ਜੇਲ੍ਹਾਂ ਵਿੱਚ ਚੜ੍ਹਦੀ ਕਲਾ 'ਚ ਵਕਤ ਲੰਘਾ ਗਿਆ।
ਆਪਣੀ ਵੀਰਤਾ ਦਾ ਸੂਰਬੀਰ ਸਿੱਕਾ ਜਮਾ ਗਿਆ।
ਖਿੜੇ ਮੱਥੇ ਫਾਂਸੀ ਦਾ ਫੰਦਾ ਗਲ ਪਾਇਆ ਸੀ।
ਰਾਜਗੁਰ, ਸੁਖਦੇਵ ਨੇ ਹੱਸਦੇ ਸਾਥ ਨਿਭਾਇਆ ਸੀ।
'ਪ੍ਰੇਮੀ' ਭਗਤ ਸਿੰਘ ਮਾਂ ਦਾ ਸਪੂਤ ਅਖਵਾ ਗਿਆ।

ਲੇਖਕ : ਸੁੰਦਰਪਾਲ ਪ੍ਰੇਮੀ
ਸੰਪਰਕ: 98140-51099

## ਕੁਈ ਮਹਿਕਦਾ ਦਰਿਆ ਮਿਲੇ

ਸ਼ਬਦ ਦਾ ਕੁਈ ਮਹਿਕਦਾ ਦਰਿਆ ਮਿਲੇ।
ਮੇਰੀ ਕਿਸ਼ਤੀ ਨੂੰ ਕਿਨਾਰਾ ਆ ਮਿਲੇ।
ਆਪਣੇ ਨੇੜੇ 'ਚ ਡੁੱਬਕੇ ਵੇਖਣਾ ਹੈ,
ਸ਼ਾਇਦ ਚਾਨਣ ਦਾ ਕੁਈ ਕਤਰਾ ਮਿਲੇ।
ਉੱਡਦੇ ਜਾਂਦੇ ਨੇ ਪੰਛੀ ਹਸਰਤਾਂ ਦੇ,
ਜਿਪਸੀਆਂ ਨੂੰ ਵੀ ਕਿਤੋਂ ਹੁਜਰਾ ਮਿਲੇ।
ਜੋ ਨਦੀ ਤੜਫੀ ਹੈ ਰੇਗਿਸਤਾਨ ਵਿਚ,
ਓਸਨੂੰ ਫੁੱਲਾਂ ਦਾ ਗੁਲਦਸਤਾ ਮਿਲੇ।
ਬਾਰਸ਼ਾਂ ਦੀ ਤਲੀ ਤੇ ਮੌਸਮ ਸੁਹਾਣਾ,
ਬਿਰਖ ਨੂੰ ਸ਼ਾਇਦ ਹਰਾ ਪੱਤਾ ਮਿਲੇ।
ਪੈਰੀਂ ਭਟਕਣ ਦੀ ਹੈ ਝਾਂਜਰ ਛਣਕਦੀ,
ਏਸ ਤਿੱਤਰੀ ਨੂੰ ਕਿਤੇ ਗੋਸ਼ਾ ਮਿਲੇ।
ਰੋਗੀ ਜ਼ਿਹਨਾਂ ਨੇ ਹੈ ਜੋ ਜ਼ਖ਼ਮੀ ਕਰੀ,
ਓਸ ਮਸਜਿਦ ਨੂੰ ਮਿਰਾ ਸਜਦਾ ਮਿਲੇ।
ਦਰਦ ਦਾ ਸੂਰਜ ਮੁਨੱਵਰ ਹੋ ਰਿਹਾ ਹੈ,
ਰਾਤ ਨੂੰ ਸ਼ਾਇਦ ਨਵਾਂ ਖ਼ਤਰਾ ਮਿਲੇ।

ਲੇਖਕ : ਅਜਮੇਰ ਗਿੱਲ

## ਚੋਣਾਂ ਦਾ ਐਲਾਨ

ਚੋਣਾਂ ਦਾ ਐਲਾਨ ਹੋ ਗਿਆ।
ਭੋਲਾ ਹਰ ਸ਼ੈਤਾਨ ਹੋ ਗਿਆ।
ਧੌਣ ਝੁਕਾਈ ਦੇਖੋ ਕਿੱਦਾਂ
ਨਿਰਬਲ, ਹੁਣ ਬਲਵਾਨ ਹੋ ਗਿਆ।
ਦਾਰੂ ਮਿਲਣੀ ਮੁਫ਼ਤੋ ਮੁਫ਼ਤੀ
ਕੈਸਾ ਇਹ ਫੁਰਮਾਨ ਹੋ ਗਿਆ।
ਇੱਕ ਦੂਜੇ 'ਤੇ ਦੋਸ਼ ਮੜ੍ਹਨਗੇ
ਚਾਲੂ ਫਿਰ ਘਮਸਾਨ ਹੋ ਗਿਆ।
ਚੋਣਾਂ ਤੱਕ ਨਾ ਬੇਲੀ ਕੋਈ
ਵੈਰੀ ਪਾਕਿਸਤਾਨ ਹੋ ਗਿਆ।
ਤੂੰ-ਤੂੰ ਮੈਂ-ਮੈਂ ਚਲਦੀ ਰਹਿਣੀ
ਰਕੀਬ ਭਾਈ ਜਾਨ ਹੋ ਗਿਆ।
ਜੋ ਸੀ ਆਕੜ-ਆਕੜ ਖੜ੍ਹਦਾ
ਨੇਤਾ ਹੀ ਬੇਜਾਨ ਹੋ ਗਿਆ।
ਪਹਿਲਾਂ ਲੁੱਟ-ਲੁੱਟ ਖਾਧਾ ਚੋਖਾ
ਚਾਲੂ ਹੁਣ ਤੋਂ ਦਾਨ ਹੋ ਗਿਆ।

ਲੇਖਕ : ਹਰਦੀਪ ਬਿਰਦੀ
ਸੰਪਰਕ: 90416-00900

## ਵੋਟਾਂ

ਵੋਟਾਂ ਆਈਆਂ, ਵੋਟਾਂ ਆਈਆਂ,
ਵੋਟਾਂ ਮੰਗਣ, ਆਉਣਗੇ ਸਾਰੇ...
ਨੀਲੀਆਂ, ਚਿੱਟੀਆਂ, ਪੀਲੀਆਂ ਵਾਲੇ,
ਘਰ ਘਰ ਸਭ ਦੇ, ਆਉਣਗੇ ਸਾਰੇ...
ਬਿਨਾਂ ਬੁਲਾਏ, ਸਾਰੇ ਲੀਡਰ,
ਪੈਰੀਂ ਹੱਥ, ਲਗਾਉਣਗੇ ਸਾਰੇ,
ਇੱਕ ਦੂਜੇ ਤੋਂ, ਅੱਗੇ ਵਧ ਵਧ,
ਆਪਣੇ ਸੋਹਲੇ, ਗਾਉਣਗੇ ਸਾਰੇ...
ਪੈਸਿਆਂ ਪਿੱਛੇ, ਵਿਕ ਨਾ ਜਾਇਓ,
ਖਰੀਦਣ ਤੁਹਾਨੂੰ, ਆਉਣਗੇ ਸਾਰੇ,
ਲਾਲਚ ਪਿੱਛੇ, ਵੋਟ ਨਾ ਪਾਇਓ,
ਲਾਲਚ ਤੁਹਾਨੂੰ, ਦੇਣਗੇ ਸਾਰੇ...
ਬੋਤਲ ਲਈ ਜ਼ਮੀਰ ਨਾ ਵੇਚਿਓ,
ਬੋਤਲਾਂ ਵੰਡਣ ਆਉਣਗੇ ਸਾਰੇ,
ਨਸ਼ਾ, ਮਹਿੰਗਾਈ, ਬੇਰੁਜ਼ਗਾਰੀ,
ਕੌਣ ਮੁਕਾਊ, ਪੁੱਛਿਓ ਸਾਰੇ...
ਚੰਗੇ ਬੰਦੇ ਚੁਣਨ ਦੇ ਲਈ,
ਤੁਸੀਂ ਇਕੱਠੇ ਹੋ ਜਾਓ ਸਾਰੇ...
ਖੁਡਾਲ ਜੇ ਵੇਲਾ ਹੱਥੋਂ ਲੰਘ ਗਿਆ,
ਫਿਰ ਪਛਤਾਵਾਂਗੇ ਆਪਾਂ ਸਾਰੇ...।

ਲੇਖਕ : ਗੁਰਤੇਜ ਸਿੰਘ ਖੁਡਾਲ
ਸੰਪਰਕ: 94641-29118

## ਤੇਰਾ ਸੁਪਨਾ

ਜੇ ਤੈਨੂੰ ਤੇਰਾ ਸੁਪਨਾ ਭੁਲ ਗਿਆ ਹੈ
ਤਾਂ ਚਿੰਤਾ ਨਾ ਕਰ
ਮੈਂ ਆਪਣੀਆਂ ਅੱਖਾਂ ਨਾਲ
ਤੇਰਾ ਸੁਪਨਾ ਦੇਖ ਲਿਆ ਸੀ

ਜੋ ਅਕਾਰ ਤੇਰੇ ਸਾਹਮਣੇ
ਫੁੱਲਾਂ ਦਾ ਗੁਲਦਸਤਾ ਲਈ ਖੜਾ ਸੀ
ਉਹ ਮੈਂ ਨਹੀਂ ਸਾਂ
ਜੋ ਉਂਗਲਾਂ ਤੇਰੇ ਲੰਮੇ ਕੇਸਾਂ ਵਿਚ
ਫਿਰ ਰਹੀਆਂ ਸਨ
ਉਹ ਮੇਰੀਆਂ ਨਹੀਂ ਸਨ

ਜੋ ਛਤਰੀ ਅਚਾਨਕ
ਤੇਰੇ ਹਥੋਂ ਛੁੱਟ ਕੇ ਅਸਮਾਨ ਵਿਚ
ਅਲੋਪ ਹੋ ਗਈ ਸੀ
ਉਹ ਮੈਂ ਸਾਂ

ਤੂੰ ਨਿਰਵਸਤਰ ਹੋ
ਸੁਤੰਤਰਤਾ ਦੀ ਵਰਖਾ ਵਿਚ ਤੁਰੇਂ
ਹੱਸੇਂ ਨੱਸੇਂ ਤਿਲ੍ਹਕੇਂ ਅਤੇ ਤਿਲ੍ਹਕਦੀ ਦੀ
ਤੇਰੀ ਅੱਖ ਖੁਲੇ
ਮੈਂ ਤਾਂ ਏਹੋ ਚਾਹਿਆ ਸੀ

ਲੇਖਕ : ਅਜਮੇਰ ਰੋਡੇ

## ਸੀਨੀਅਰ ਲੀਡਰ

ਸੀਨੀਅਰ ਲੀਡਰ ਹਾਂ ਅਸੀਂ
ਸੀਨੀਅਰ ਲੀਡਰ!
ਇਸ ਪਾਰਟੀ ਵਿੱਚ
ਅਸੀਂ ਵਰਕਰ ਸਾਂ ਪਹਿਲੋਂ
ਫੇਰ ਬਲਾਕ ਪ੍ਰਧਾਨ
ਜ਼ਿਲ੍ਹਾ ਪ੍ਰਧਾਨ ਤੋਂ
ਸੂਬਾ ਪ੍ਰਧਾਨ ਹੁੰਦਿਆਂ
ਐੱਮ.ਐੱਲ.ਏ. ਵੀ ਰਹੇ
ਫੇਰ ਮੰਤਰੀ ਪਦ ਮਾਣਿਆ
ਦਮ ਘੁਟਣ ਲੱਗਾ ਫਿਰ
ਇਸ ਪਾਰਟੀ ਵਿੱਚ ਸਾਡਾ
ਅੱਚਵੀ ਜਿਹੀ ਲੱਗਣ ਲੱਗੀ
ਖੜੋਤ ਜਿਹੀ ਜਾਪਣ ਲੱਗੀ
ਰਾਜਨੀਤਕ ਖੜੋਤ
ਸਥਿਤੀਆਂ ਬਦਲੀਆਂ
ਸਮੀਕਰਨ ਬਦਲੇ
ਮਾਰ ਛੜਾਪੇ ਫੇਰ ਅਸੀਂ
ਕਦੇ ਏਸ ਪਾਰਟੀ
ਕਦੇ ਓਸ ਪਾਰਟੀ
ਪਰ ਦੇਖੋ!
ਕਮਾਲ ਅਸਾਡਾ
ਨਵੀਂ ਪਾਰਟੀ ਵਿੱਚ ਵੀ
ਰਹਿੰਦੇ ਅਸੀਂ
ਸੀਨੀਅਰ ਲੀਡਰ ਹੀ ਹਾਂ
ਅਸੀਂ ਜਿਸ ਵੀ ਪਾਰਟੀ
ਵਿੱਚ ਹੁੰਦੇ ਹਾਂ ਸ਼ਾਮਿਲ
ਆਪਣੀ ਸੀਨੀਆਰਤਾ
ਨਾਲ ਲੈ ਕੇ ਜਾਂਦੇ ਹਾਂ
ਅਸੀਂ ਕੋਈ ਮੁਲਾਜ਼ਮ ਥੋੜ੍ਹੇ ਹਾਂ
ਜੋ ਸੀਨੀਆਰਤਾ ਛੱਡਾਂਗੇ
ਦੂਜੇ ਵਿਭਾਗ ਵਿੱਚ ਜਾ ਕੇ
ਜਿਸ ਮਰਜ਼ੀ ਪਾਰਟੀ ਵਿੱਚ ਹੋਈਏ
ਟਿਕਟਾਂ ਸਾਨੂੰ ਹੀ ਮਿਲਦੀਆਂ ਹਨ
ਲਤਾੜ ਕੇ ਹੇਠਲੇ ਵਰਕਰਾਂ ਨੂੰ
ਰੋਂਦ ਕੇ ਟਕਸਾਲੀ ਲੀਡਰਾਂ ਨੂੰ
ਦੇਖਿਆ!
ਲੀਡਰ, ਲੀਡਰ ਹੀ ਰਹਿੰਦੇ ਨੇ
ਤੇ ਵਰਕਰ, ਵਰਕਰ ਹੀ
ਦਰੀਆਂ ਵਿਛਾਉਣ ਨੂੰ
ਰੈਲੀਆਂ 'ਚ ਨਾਅਰੇ ਲਾਉਣ ਨੂੰ।

ਲੇਖਕ : ਰੰਜੀਵਨ ਸਿੰਘ
ਸੰਪਰਕ: 98150-68816

## ਦਰਿਆ ਅਤੇ ਤੜਪਦੀ ਜ਼ਮੀਨ

ਦਰਿਆ ਉਸ ਮਿੱਟੀ ਵਿੱਚ
ਵਿਅਰਥ ਵਗਦਾ ਰਿਹਾ
ਜਿੱਥੇ ਉਸਦੀ ਜ਼ਰੂਰਤ ਨਹੀਂ ਸੀ

ਧਰਤੀ ਉਸਨੂੰ ਆਪਣੇ ਪਿੰਡੇ ਨਾਲੋਂ
ਲਾਹ ਲਾਹ ਕੇ ਸੁੱਟਦੀ
ਤੇ ਦੂਰ ਬੰਜਰ ਜ਼ਮੀਨਾਂ
ਉਸਦੀ ਇੱਕ ਛੋਹ ਲਈ ਤੜਪਦੀਆਂ

ਧਰਤੀ ਨੇ ਪਰ ਦਰਿਆ ਨੂੰ
ਕਿਨਾਰਿਆਂ 'ਚ ਸੜਨ ਦੀ ਸਹੁੰ ਦਿੱਤੀ
ਉਸਦੇ ਪੈਰਾਂ ਮੂਹਰੇ ਖਿੱਚੀਆਂ
ਲਛਮਣ ਰੇਖਾਵਾਂ
ਤੇ ਆਖਿਆ-
ਇਹਨਾਂ ਤੋਂ ਪਾਰ ਨਹੀਂ ਵਗਣਾ

ਦਰਿਆ ਆਪਣੀ ਨੈਤਿਕਤਾ ਦੇ
ਦਾਇਰਿਆਂ 'ਚ ਘਿਰਿਆ
ਹੌਲੀ ਹੌਲੀ
ਦਰਿਆ ਤੋਂ ਝੀਲ ਬਣ ਰਿਹਾ
ਤੇ ਦੂਰ ਬੰਜਰ ਜ਼ਮੀਨਾਂ
ਉਸਦੀ ਇੱਕ ਛੋਹ ਲਈ
ਤੜਪਦੀਆਂ।

ਲੇਖਕ : ਡਾ. ਅਮਰਜੀਤ ਕੌਂਕੇ

# ਨਾਰੀ ਸੰਸਾਰ



## ਜਿਊਣਾ ਦਾ ਸਲੀਕਾ ਬਹੁਤ ਅਹਿਮੀਅਤ ਰੱਖਦਾ ਹੈ

ਲੇਖਕ : ਸੰਜੀਵ ਸਿੰਘ ਸੈਣੀ,
ਮੋਬਾਈਲ : 78889-66168

ਸਲੀਕਾ ਮਨੁੱਖ ਦੀ ਸ਼ਖ਼ਸੀਅਤ ਦਾ ਮਹੱਤਵਪੂਰਨ ਹਿੱਸਾ ਹੈ। ਕਹਿਣ ਨੂੰ 'ਸਲੀਕਾ' ਸ਼ਬਦ ਤਿੰਨ ਅੱਖਰਾਂ ਨਾਲ ਬਣਿਆ ਹੈ ਪਰ ਜ਼ਿੰਦਗੀ ਵਿਚ ਇਸ ਸ਼ਬਦ ਦੀ ਬਹੁਤ ਅਹਿਮੀਅਤ ਹੈ। ਸਲੀਕਾ ਸ਼ਬਦ ਦੇ ਅਰਥ ਬਹੁਤ ਹੀ ਡੂੰਘੇ ਭਾਵ ਰੱਖਦੇ ਹਨ। ਸਲੀਕਾ ਸ਼ਬਦ ਦਾ ਸਹੀ ਅਰਥ ਹੈ ਢੰਗ ਤਰੀਕਾ। ਚਾਹੇ ਉਹ ਗੱਲਬਾਤ ਦਾ ਤਰੀਕਾ ਹੋਵੇ, ਖਾਣ-ਪੀਣ ਦਾ ਤਰੀਕਾ ਹੋਵੇ, ਰਹਿਣ-ਸਹਿਣ ਦਾ ਤਰੀਕਾ ਹੋਵੇ ਆਦਿ। ਸਾਡੀ ਜ਼ਿੰਦਗੀ ਕਦੇ ਵੀ ਔਖੀ ਨਹੀਂ ਹੁੰਦੀ, ਅਸੀਂ ਇਸ ਨੂੰ ਆਪ ਹੀ ਔਖਾ ਬਣਾ ਲੈਂਦੇ ਹਾਂ। ਅਕਸਰ ਲੋਕ ਕਹਿੰਦੇ ਹਨ ਕਿ ਪੈਸੇ ਨਾਲ ਕੁਝ ਵੀ ਕੀਤਾ ਜਾ ਸਕਦਾ ਹੈ। ਪੈਸਾ ਹੈ ਤਾਂ ਸਭ ਕੁਝ ਹੈ। ਪੈਸੇ ਨਾਲ ਤੁਸੀਂ ਹਰ ਚੀਜ਼ ਦਾ ਅਨੰਦ ਮਾਣ ਸਕਦੇ ਹੋ। ਪਰ ਪੈਸੇ ਦੇ ਬਲਬੂਤੇ ਤੁਸੀਂ ਜਿਊਣ ਦਾ ਸਲੀਕਾ ਨਹੀਂ ਖ਼ਰੀਦ ਸਕਦੇ। ਅਕਸਰ ਅਸੀਂ ਸਮਾਜ ਦਾ ਹਿੱਸਾ ਹੁੰਦੇ ਹਾਂ। ਤਰ੍ਹਾਂ-ਤਰ੍ਹਾਂ ਦੇ ਲੋਕਾਂ ਨਾਲ ਸਾਡਾ ਉੱਠਣਾ-ਬਹਿਣਾ ਹੁੰਦਾ ਹੈ। ਦੇਖਿਆ ਜਾਂਦਾ ਹੈ ਕਿ ਕਈ ਲੋਕਾਂ ਕੋਲ ਏਨਾ ਪੈਸਾ ਹੁੰਦਾ ਹੈ ਪਰ ਉਨ੍ਹਾਂ ਦੀ ਬੋਲ-ਬਾਣੀ ਵਿਚ ਏਨੀ ਕੁੜੱਤਣ ਹੁੰਦੀ ਹੈ। ਸੋਚ ਸਮਝ ਕੇ ਬਿਲਕੁਲ ਵੀ ਨਹੀਂ ਬੋਲਦੇ। ਅਜਿਹੇ ਇਨਸਾਨ ਸੋਚ ਸਮਝ ਕੇ ਬਿਲਕੁਲ ਵੀ ਗੱਲ ਨਹੀਂ ਕਰਦੇ। ਉਨ੍ਹਾਂ ਨੂੰ ਚਾਰ ਬੰਦਿਆਂ ਵਿਚ ਗੱਲ ਕਰਨ ਦੀ ਬਿਲਕੁਲ ਵੀ ਅਕਲ ਨਹੀਂ ਹੁੰਦੀ। ਕਿੱਥੇ ਕੀ ਗੱਲ ਕਰਨੀ ਹੈ? ਏਨਾ ਵੀ ਪਤਾ ਨਹੀਂ ਹੁੰਦਾ। ਇਥੋਂ ਬੰਦੇ ਦਾ ਸਲੀਕੇ ਦਾ ਪਤਾ ਲੱਗ ਜਾਂਦਾ ਹੈ ਕਿ ਇਸ ਨੂੰ ਕਿੰਨੀ ਕੁ ਅਕਲ ਹੈ। ਤੂੰ-ਤੂੰ ਕਹਿ ਕੇ ਦੂਜਿਆਂ ਨਾਲ ਗੱਲ ਕਰਦੇ ਹਨ। ਇਥੋਂ ਪਤਾ ਚੱਲ ਜਾਂਦਾ ਹੈ ਕਿ ਇਨ੍ਹਾਂ ਦੇ ਪਰਿਵਾਰਾਂ ਵਿਚ ਇਕ ਦੂਜੇ ਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ। ਗੱਲ ਕਰਨ ਦਾ ਬਿਲਕੁਲ ਵੀ ਸਲੀਕਾ ਪਤਾ ਨਹੀਂ ਹੁੰਦਾ। ਅਜਿਹਾ ਇਨਸਾਨ ਪਰਿਵਾਰ ਪਿਛੋਕੜ ਦੀ ਵੀ ਬੇਇੱਜ਼ਤੀ ਕਰਵਾਉਂਦਾ ਹੈ।

ਇਕ ਕਹਾਵਤ ਵੀ ਹੈ ਕਿ 'ਖਾਈਏ ਮਨ ਭਾਉਂਦਾ ਤੇ ਪਹਿਨੀਏ ਜੱਗ ਭਾਉਂਦਾ'। ਪਹਿਰਾਵਾ ਸਮਾਜ ਦੇ ਮੁਤਾਬਕ ਹੋਣਾ ਚਾਹੀਦਾ ਹੈ। ਅਕਸਰ ਜਦੋਂ ਵੀ ਕਿਸੇ ਦੇ ਘਰ ਅਣਸੁਖਾਵੀਂ ਘਟਨਾ ਹੁੰਦੀ ਹੈ ਜਾਂ ਮਰਗ ਦੇ ਭੋਗ 'ਤੇ ਅਸੀਂ ਜਾਂਦੇ ਹਾਂ ਤਾਂ ਸਾਦਗੀ ਵਿਚ ਜਾਣਾ ਚਾਹੀਦਾ ਹੈ। ਅੱਜਕਲ੍ਹ ਤਾਂ ਉਥੇ ਵੀ ਇਹ ਨਹੀਂ ਦੇਖਦੇ ਕਿ ਕਿਹੋ ਜਿਹੇ ਕੱਪੜੇ ਪਾ ਕੇ ਜਾਣਾ ਹੈ। ਕਈ ਵਾਰ ਤਾਂ ਲੋਕ ਮੂੰਹ 'ਤੇ ਹੀ ਕਹਿ ਦਿੰਦੇ ਹਨ ਕਿ ਤੈਨੂੰ ਪਤਾ ਨਹੀਂ ਕਿ ਤੂੰ ਮਰਗ 'ਤੇ ਅਜਿਹੇ ਚਮਕਣ ਵਾਲੇ ਕੱਪੜੇ ਪਾ ਕੇ ਆਇਆ ਹੈ, ਤੈਨੂੰ ਕੱਪੜੇ ਪਾਉਣ ਦਾ ਸਲੀਕਾ ਨਹੀਂ ਪਤਾ। ਇਥੇ ਤਾਂ ਲੋਕ ਕਈ ਵਾਰ ਪਰਿਵਾਰ ਵਾਲਿਆਂ ਨੂੰ ਵੀ ਕਹਿਣਾ ਸ਼ੁਰੂ ਕਰ ਦਿੰਦੇ ਹਨ ਕਿ ਆਪਣੇ ਬੱਚਿਆਂ ਨੂੰ ਬਿਲਕੁਲ ਵੀ ਅਕਲ ਨਹੀਂ ਸਿਖਾਈ ਕਿ ਕਿੱਥੇ ਕਿਹੋ ਜਿਹੇ ਕੱਪੜੇ ਪਾ ਕੇ ਜਾਣਾ ਹੈ।

ਵਿਆਹ ਸਮਾਗਮਾਂ ਵਿਚ ਅਸੀਂ ਸਾਰੇ ਹੀ ਜਾਂਦੇ ਹਾਂ। ਦੇਖਿਆ ਜਾਂਦਾ ਹੈ ਕਿ ਕਈ ਲੋਕ ਬੇਸਬਰਿਆਂ ਦੀ ਤਰ੍ਹਾਂ ਖਾਂਦੇ ਹਨ। ਪਲੇਟ ਵਿਚ ਸਾਰੀਆਂ ਚੀਜ਼ਾਂ ਇਕਸਾਰ ਭਰ ਲੈਂਦੇ ਹਨ। ਫਿਰ ਉਹ ਸਬਜ਼ੀ ਪਲੇਟ ਵਿਚੋਂ ਥੱਲੇ ਡਿੱਗਣੀ ਸ਼ੁਰੂ ਹੋ ਜਾਂਦੀ ਹੈ। ਲੋਕਾਂ ਦੇ ਕੱਪੜੇ ਵੀ ਗੰਦੇ ਕਰ ਦਿੰਦੇ ਹਨ। ਲੋਕ ਦੇਖਦੇ ਵੀ ਹਨ ਤੇ ਹੱਸਦੇ ਵੀ ਹਨ। ਅਜਿਹੇ ਲੋਕਾਂ ਨੂੰ ਟਿੱਚਰਾਂ ਵੀ ਕਰਨੀਆਂ ਸ਼ੁਰੂ ਕਰ ਦਿੰਦੇ ਹਨ ਕਿ ਤੈਨੂੰ ਸਬਰ ਨਹੀਂ ਹੈ, ਤੂੰ ਦੁਬਾਰਾ ਲੈ ਲੈ। ਕਿਹੜਾ ਤੈਨੂੰ ਕਿਸੇ ਨੇ ਖਾਮ ਲਈ ਫਿਰ ਦੁਬਾਰਾ ਮਨ੍ਹਾਂ ਕਰ ਦੇਣਾ ਹੈ। ਤੂੰ ਅਰਾਮ ਨਾਲ ਬੈਠ ਕੇ ਖਾ। ਤੈਨੂੰ ਖਾਣ ਦਾ ਸਲੀਕਾ ਨਹੀਂ ਹੈ। ਅਜਿਹਾ ਬੰਦਾ ਚਰਚਾ ਦਾ ਵਿਸ਼ਾ ਬਣਦਾ ਹੈ।

ਵਿਦਿਆਰਥੀ ਜੀਵਨ ਵਿਚ ਸਲੀਕੇ ਦਾ ਬਹੁਤ ਮਹੱਤਵਪੂਰਨ ਰੋਲ ਹੈ। ਪਰਿਵਾਰ ਵਿਚੋਂ ਬੱਚਾ ਬਹੁਤ ਕੁਝ ਸਿੱਖਦਾ ਹੈ। ਜੇ ਘਰ ਵਿਚ ਚੰਗਾ ਸਲੀਕਾ ਹੋਵੇਗਾ, ਇਕ ਦੂਜੇ ਦੀ ਘਰ ਵਿਚ ਇੱਜ਼ਤ ਕਰਨਗੇ ਤਾਂ ਬੱਚੇ ਬਾਹਰ ਵੀ ਇਸੇ ਤਰ੍ਹਾਂ ਦਾ ਸਲੀਕਾ ਕਰਨਗੇ। ਮਾਂ-ਬਾਪ ਵੀ ਫਿਰ ਪ੍ਰਸੰਸਾ ਦਾ ਪਾਤਰ ਬਣਦੇ ਹਨ। ਸਮਾਜ ਵਿਚ ਵਿਚਰਦੇ ਹੋਏ ਸਾਡਾ ਸਲੀਕਾ ਹਮੇਸ਼ਾ ਹੀ ਵਧੀਆ ਹੋਣਾ ਚਾਹੀਦਾ ਹੈ। ਜੇ ਸਹੀ ਸਲੀਕਾ ਹੋਵੇਗਾ ਤਾਂ ਅਸੀਂ ਜ਼ਿੰਦਗੀ ਨੂੰ ਬਹੁਤ ਹੀ ਵਧੀਆ ਬਸਰ ਕਰ ਸਕਦੇ ਹਾਂ।

## ਹਰ ਔਰਤ ਲਈ ਪੈਪ ਸਮੀਅਰ ਟੈਸਟ ਕਰਵਾਉਣਾ ਲਾਜ਼ਮੀ

ਲੇਖਕ : ਸੰਦਲੀ ਘਈ ਭੁਟਾਨੀ, ਮੋਬਾਈਲ : 94782-00755



### ਪੈਪ ਸਮੀਅਰ ਟੈਸਟ

ਇਹ ਇਕ ਔਰਤ ਦੀ ਪ੍ਰੀਵੈਂਟਿਵ ਸਿਹਤ ਦੇਖਭਾਲ ਦਾ ਇਕ ਮਹੱਤਵਪੂਰਨ ਹਿੱਸਾ ਹੈ। ਇਹ ਇਕ ਆਮ ਅਤੇ ਸਧਾਰਨ ਟੈਸਟ ਹੈ ਜੋ ਔਰਤਾਂ ਨੂੰ ਸਰਵਾਈਕਲ ਕੈਂਸਰ ਦੀ ਜਾਂਚ ਕਰਨ ਲਈ ਵਰਤਿਆ ਜਾਂਦਾ ਹੈ।

### ਸਰਵਾਈਕਲ ਕੈਂਸਰ ਅਤੇ ਪੈਪ ਸਮੀਅਰ ਟੈਸਟ ਵਿਚਕਾਰ ਸੰਬੰਧ :

ਸਰਵਾਈਕਲ ਕੈਂਸਰ ਇਕ ਬਿਮਾਰੀ ਹੈ ਜਿਥੇ ਬੱਚੇਦਾਨੀ ਦੇ ਮੂੰਹ ਵਿਚ ਆਮ ਸੈੱਲ ਬਦਲ ਜਾਂਦੇ ਹਨ ਅਤੇ ਇਕ ਟਿਊਮਰ ਬਣਾਉਂਦੇ ਹਨ। ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੇ ਜ਼ਿਆਦਾਤਰ ਮਾਮਲੇ ਉਨ੍ਹਾਂ ਔਰਤਾਂ ਵਿਚ ਹੁੰਦੇ ਹਨ ਜਿਨ੍ਹਾਂ ਨੇ ਕਦੇ ਵੀ ਪੈਪ ਟੈਸਟ ਨਹੀਂ ਕਰਵਾਇਆ ਹੁੰਦਾ ਜਾਂ ਜਿਨ੍ਹਾਂ ਨੇ ਪਿਛਲੇ ਪੰਜ ਸਾਲਾਂ ਦੇ ਅੰਦਰ ਇਕ ਪੈਪ ਟੈਸਟ ਨਹੀਂ ਕਰਵਾਇਆ, ਉਨ੍ਹਾਂ ਦੇ ਪਰਿਵਾਰ ਦੇ ਇਤਿਹਾਸ ਵਿਚ ਸਰਵਾਈਕਲ ਕੈਂਸਰ ਹੈ। ਪੈਪ ਸਮੀਅਰ ਦੁਆਰਾ ਸਕਰੀਨਿੰਗ ਅਤੇ ਜਲਦੀ ਪਤਾ ਲਗਾਉਣ ਦੇ ਕਾਰਨ ਪਿਛਲੇ ਸਾਲਾਂ ਵਿਚ ਸਰਵਾਈਕਲ ਕੈਂਸਰ ਦੀਆਂ ਘਟਨਾਵਾਂ ਵਿਚ ਮਹੱਤਵਪੂਰਨ ਗਿਰਾਵਟ ਆਈ ਹੈ।

### ਪੈਪ ਟੈਸਟ ਦੀ ਬਾਰੰਬਾਰਤਾ :

3 ਸਾਲਾਂ ਤੱਕ ਪੈਪ ਸਮੀਅਰ ਕਰਵਾਉਣਾ ਸਰਵਾਈਕਲ ਕੈਂਸਰ ਨੂੰ ਰੋਕਣ ਦਾ ਸਭ ਤੋਂ ਵਧੀਆ ਮੌਕਾ ਪ੍ਰਦਾਨ ਕਰਦਾ ਹੈ। ਅਸਧਾਰਨ ਪੈਪ ਟੈਸਟ ਦੇ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਔਰਤਾਂ ਨੂੰ ਕੈਂਸਰ ਹੈ। ਹਰ ਦਸ ਪੈਪ ਸਮੀਅਰਾਂ ਵਿਚੋਂ ਇਕ ਸੈੱਲ ਵਿਚ ਤਬਦੀਲੀਆਂ ਨੂੰ ਦਰਸਾਉਂਦਾ ਹੈ। ਬਹੁਤੇ ਅਸਧਾਰਨ ਪੈਪ ਸਮੀਅਰ ਨਤੀਜੇ ਬਿਮਾਰੀ ਦੇ ਸ਼ੁਰੂਆਤੀ ਪੜਾਵਾਂ ਨੂੰ ਦਰਸਾਉਂਦੇ ਹਨ ਅਤੇ ਡਾਕਟਰ ਦੁਆਰਾ ਉਚਿਤ ਨਿਗਰਾਨੀ ਦੀ ਲੋੜ ਹੁੰਦੀ ਹੈ।

### ਅਸਧਾਰਨ ਪੈਪ ਟੈਸਟ ਦੇ ਨਤੀਜਿਆਂ ਦਾ ਮਤਲਬ:

ਅਕਸਰ ਸੋਜ਼ਿਸ਼ ਜਾਂ ਮਾਮੂਲੀ ਸੈੱਲ ਤਬਦੀਲੀਆਂ ਹੁੰਦੀਆਂ ਹਨ, ਜੋ ਜ਼ਿਆਦਾਤਰ ਆਪਣੇ ਆਪ ਜਾਂ ਹਲਕੇ ਐਂਟੀਬਾਇਓਟਿਕਸ ਨਾਲ ਸਾਫ਼ ਹੋ ਜਾਂਦੀਆਂ ਹਨ। ਹਾਲਾਂਕਿ ਥੋੜ੍ਹੇ ਜਿਹੇ ਮਾਮਲਿਆਂ ਵਿਚ ਜੇਕਰ ਪੂਰਵ-ਅਨੁਮਾਨ ਸੰਬੰਧੀ ਤਬਦੀਲੀਆਂ ਪਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਇਲਾਜ ਕੈਂਸਰ ਵਿਚ ਬਦਲਣ ਤੋਂ ਪਹਿਲਾਂ ਕੀਤਾ ਜਾ ਸਕਦਾ ਹੈ, ਜਿਸ ਲਈ ਸਾਨੂੰ ਡੀ. ਐਂਡ ਸੀ. ਬਾਇਓਪਸੀ ਜਾਂ ਕੋਲਪੋਸਕੋਪੀ ਵਰਗੇ ਕੁਝ ਟੈਸਟ ਕਰਨੇ ਪੈਂਦੇ ਹਨ। ਜੇਕਰ ਕੈਂਸਰ ਪਾਇਆ ਜਾਂਦਾ ਹੈ ਤਾਂ ਇਸ ਤੋਂ ਬਚਣ ਦੀ ਵਧਦੀ ਸੰਭਾਵਨਾ ਦੇ ਨਾਲ ਜਲਦੀ ਇਲਾਜ ਕੀਤਾ ਜਾ ਸਕਦਾ ਹੈ। ਬੱਚੇਦਾਨੀ ਦੇ ਮੂੰਹ ਦੇ ਕੈਂਸਰ ਨੂੰ ਪੂਰੀ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ ਜੇਕਰ ਜਲਦੀ ਪਤਾ ਲਗਾਇਆ ਜਾਵੇ। ਹਰ ਔਰਤ ਨੂੰ 3 ਸਾਲ ਵਿਚ ਇਕ ਵਾਰ ਪੈਪ ਸਮੀਅਰ ਟੈਸਟ ਕਰਵਾਉਣਾ ਚਾਹੀਦਾ ਹੈ।

## ਗੱਲਬਾਤ ਦਾ ਸਲੀਕਾ ਵੀ ਇਕ ਕਲਾ ਹੈ

ਲੇਖਕ : ਰਮਿੰਦਰ ਗਿੱਲ
ਸੰਪਰਕ : 97797-30174

ਰੋਜ਼ਮਰ੍ਹਾ ਦੇ ਜੀਵਨ ਵਿਚ ਮਨੁੱਖ ਦਾ ਵੱਖ-ਵੱਖ ਖੇਤਰਾਂ ਵਿਚ ਕੰਮ ਕਰਦੇ ਲੋਕਾਂ ਨਾਲ ਵਾਹ ਪੈਂਦਾ ਹੈ। ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ, ਸਰਕਾਰੀ ਮੁਲਾਜ਼ਮਾਂ, ਸਫਰ ਕਰਦੇ ਸਮੇਂ ਮੁਸਾਫ਼ਰਾਂ ਤੇ ਰਸਤੇ ਵਿਚ ਜਾਂਦਿਆਂ-ਆਉਂਦਿਆਂ ਸਵੇਰ ਤੋਂ ਸ਼ਾਮ ਤੱਕ ਅਨੇਕਾਂ ਹੀ ਲੋਕਾਂ ਨਾਲ ਵਿਚਰਨ ਦਾ ਮੌਕਾ ਮਿਲਦਾ ਹੈ। ਗੱਲਬਾਤ ਕਰਨੀ ਪੈਂਦੀ ਹੈ। ਹਰੇਕ ਸ਼ਖ਼ਸੀਅਤ ਦੀ ਵੰਨ-ਸੁਵੰਨਤਾ ਦੀ ਝਲਕ ਪੈਂਦੀ ਹੈ। ਪਰ ਹਰ ਇਕ ਦਾ ਗੱਲਬਾਤ ਕਰਨ ਦਾ ਢੰਗ ਵੱਖਰਾ ਹੀ ਹੁੰਦਾ ਹੈ। ਇਹ ਸਲੀਕਾ ਹਰ ਕਿਸੇ ਨੂੰ ਨਹੀਂ ਆਉਂਦਾ। ਇਹ ਵੀ ਇਕ ਕਲਾ ਹੈ। ਜਿਨ੍ਹਾਂ ਲੋਕਾਂ ਨੂੰ ਗੱਲਬਾਤ ਦਾ ਸਲੀਕਾ ਆਉਂਦਾ ਹੈ, ਉਹ ਸਫਲਤਾ ਦੀਆਂ ਉੱਪਰਲੀਆਂ ਟੀਸੀਆਂ 'ਤੇ ਪਹੁੰਚ ਜਾਂਦੇ ਹਨ। ਕਈ ਵਾਰ ਸਰਕਾਰੀ ਦਫਤਰਾਂ ਵਿਚ ਕੋਈ ਕੰਮ ਦੇ ਨਿਪਟਾਰੇ ਲਈ ਕਈ-ਕਈ ਗੇੜੇ ਮਾਰਨੇ ਪੈਂਦੇ ਹਨ। ਕੁਰਸੀਆਂ 'ਤੇ ਬੈਠੇ ਬਾਬੂ ਵੀ ਕਈ ਵਾਰ ਕਿਸੇ ਦੀ ਗੱਲ ਸੁਣਨ ਨੂੰ ਰਾਜ਼ੀ ਨਹੀਂ ਹੁੰਦੇ। ਇਹ ਇਕ ਸਾਡੀ ਗੱਲਬਾਤ ਵਿਚ ਸਲੀਕਾ ਹੀ ਹੈ, ਜਿਹੜਾ ਔਖੇ ਤੋਂ ਔਖਾ ਕੰਮ ਵੀ ਕਰਾ ਜਾਂਦਾ ਹੈ। ਕਈ ਆਦਮੀ



ਅਜਿਹੇ ਵੀ ਹੁੰਦੇ ਹਨ, ਜਿਹੜੇ ਨਿੱਕੀਆਂ-ਮੋਟੀਆਂ ਗੱਲਾਂ ਤੋਂ ਵੱਡੇ-ਵੱਡੇ ਝਗੜੇ-ਝਮੇਲੇ ਖੜ੍ਹੇ ਕਰ ਬੈਠਦੇ ਹਨ। ਲੜਾਈ ਤੱਕ ਨੌਬਤ ਆ ਜਾਂਦੀ ਹੈ। ਗੱਲ ਕਚਹਿਰੀਆਂ ਤੱਕ ਅੱਪੜ ਜਾਂਦੀ ਹੈ। ਗੁਆਂਢੀਆਂ ਨਾਲ ਟੌਹਰ-ਟਪੱਕੇ ਦੀ ਲੜਾਈ ਕਰਕੇ ਜੇਲ੍ਹਾਂ ਤੱਕ ਚਲੇ ਜਾਂਦੇ ਹਨ। ਪਰ ਇਥੇ ਇਹ ਸਮਝਣ ਦੀ ਲੋੜ ਹੈ ਕਿ ਬਹੁਤੇ ਮਸਲਿਆਂ ਦਾ ਹੱਲ ਸਿਰਫ ਗੱਲਬਾਤ ਰਾਹੀਂ ਹੋ ਸਕਦਾ ਹੈ। ਫਿਰ ਇਹੋ ਜਿਹੇ ਝਮੇਲਿਆਂ ਦੀ ਨੌਬਤ ਨਹੀਂ ਆਉਂਦੀ। ਵਿੱਦਿਆ ਇਕ ਵਡਮੁੱਲਾ ਖਜ਼ਾਨਾ ਹੈ। ਪਰ ਸਿੱਖਿਆ ਦਾ ਨਿਰਾ ਇਹੋ ਅਰਥ ਨਹੀਂ ਕਿ ਕਿਸੇ ਇਕ ਵਿਸ਼ੇ ਵਿਚ ਡਿਗਰੀ ਪ੍ਰਾਪਤ ਕਰ ਲਈ ਤੇ ਸਮਝੋ ਮਨੁੱਖ ਪੜ੍ਹ-ਲਿਖ ਗਿਆ। ਸਿੱਖਿਆ ਦਾ ਅਸਲ ਮਨੋਰਥ ਤਾਂ ਮਨੁੱਖ ਦਾ ਸਰਬਪੱਖੀ ਵਿਕਾਸ ਕਰਨਾ ਹੁੰਦਾ ਹੈ। ਕਈ ਪੜ੍ਹੇ-ਲਿਖੇ ਵੀ ਸੰਸਾਰਿਕ ਜੀਵਨ ਵਿਚ ਅਸਫਲ ਰਹਿੰਦੇ ਹਨ। ਉਹ ਬੁਲਾਰੇ ਹੀ ਬਣੇ ਰਹਿੰਦੇ ਹਨ, ਸਰੋਤੇ ਬਣਦੇ ਹੀ ਨਹੀਂ। ਕੁਝ ਅਨਪੜ੍ਹ ਆਦਮੀ ਵੀ ਗੁਣਾਂ ਦੀਆਂ ਗੁਥਲੀਆਂ ਹੁੰਦੇ ਹਨ। ਭਾਵੇਂ ਉਨ੍ਹਾਂ ਨੂੰ ਪੜ੍ਹਨ ਦਾ ਮੌਕਾ ਨਹੀਂ ਮਿਲਿਆ ਹੁੰਦਾ। ਕੁਝ ਲੋਕਾਂ ਦੀ ਸਰੀਰਕ ਸੁੰਦਰਤਾ ਨਹੀਂ ਹੁੰਦੀ ਪਰ ਉਨ੍ਹਾਂ ਦਾ ਅੰਦਰਲਾ ਸੁਹੱਪਣ ਉਨ੍ਹਾਂ ਦੇ ਗੁਣਾਂ ਕਰਕੇ ਅਸੀਮ ਹੁੰਦਾ ਹੈ। ਉਹ ਆਪਣੇ ਬੋਲਚਾਲ ਨਾਲ ਦੂਜਿਆਂ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ। ਮੂਰਖ ਲੋਕ ਆਪਣੇ ਬੋਲ-ਕੁਬੋਲਾਂ ਨਾਲ ਆਪਣਾ ਬਣਿਆ ਕੰਮ ਵਿਗਾੜ ਲੈਂਦੇ ਹਨ ਤੇ ਉਹ ਨਫਰਤ ਦਾ ਪਾਤਰ ਬਣ ਜਾਂਦੇ ਹਨ। ਇਸ ਧਰਤੀ 'ਤੇ ਮਨੁੱਖ ਕੁਦਰਤ ਦੀ ਸਭ ਤੋਂ ਉੱਤਮ ਰਚਨਾ ਹੈ। ਮਨੁੱਖੀ ਜੀਵਨ ਇਕੋ ਵਾਰ ਹੀ ਮਿਲਦਾ ਹੈ। ਅਜੇ ਵੀ ਵਿਕਸਤ ਸਮਾਜ ਵਿਚ ਮਨੁੱਖ ਵਿਚ ਪਸ਼ੂ ਬਿਰਤੀ ਕਦੇ ਹਾਵੀ ਹੋ ਜਾਂਦੀ ਹੈ। ਪਰ ਹਰੇਕ ਮਨੁੱਖ ਨੂੰ ਬਿਹਤਰ ਸਮਾਜ ਦੀ ਸਿਰਜਣਾ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ, ਨਿਮਰਤਾ, ਠਰ੍ਹੰਮੇ ਤੇ ਗੱਲਬਾਤ ਦੇ ਸਲੀਕੇ ਨਾਲ ਹਰੇਕ ਮਨੁੱਖ ਆਪਣੇ ਜੀਵਨ ਨੂੰ ਸ਼ਾਨਦਾਰ ਢੰਗ ਨਾਲ ਬਸਰ ਕਰ ਸਕਦਾ ਹੈ।




ਲੇਖਕ : ਕੋਮਲ ਰੂਪਰੇਲਾ

ਚੌਲ ਉਬਾਲਦੇ ਸਮੇਂ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਤੇ ਥੋੜ੍ਹਾ ਜਿਹਾ ਸਿਰਕਾ ਪਾ ਦੇਣ ਨਾਲ ਚੌਲ ਜ਼ਿਆਦਾ ਸਫ਼ੈਦ ਬਣਦੇ ਹਨ ਅਤੇ ਚੌਲਾਂ ਦੇ ਦਾਣੇ ਵੀ ਜ਼ਿਆਦਾ ਖਿੜਦੇ ਹਨ।

ਡਬਲ ਰੋਟੀ ਬਚ ਜਾਵੇ ਤਾਂ ਇਸ ਨੂੰ ਪੀਹ ਕੇ ਘਿਓ ਵਿਚ ਭੁੰਨ ਲਓ। ਸਬਜ਼ੀ ਬਣਾਉਂਦੇ ਸਮੇਂ ਇਸ ਨੂੰ ਉਸ ਵਿਚ ਪਾ ਦਿਓ। ਤੁਸੀਂ ਚਾਹੋ ਤਾਂ ਇਸ ਦੀ ਸਬਜ਼ੀ ਵੀ ਬਣਾ ਸਕਦੇ ਹੋ। ਇਸ ਤਰ੍ਹਾਂ ਦੀ ਬਣੀ ਸਬਜ਼ੀ ਬਹੁਤ ਸਵਾਦੀ ਹੁੰਦੀ ਹੈ।

ਸੂਜੀ ਰੱਖਣ 'ਤੇ ਉਸ ਵਿਚ ਕੀੜੇ ਪੈ ਜਾਂਦੇ ਹਨ। ਜੇਕਰ ਸੂਜੀ ਨੂੰ ਭੁੰਨ ਕੇ ਰੱਖਿਆ ਜਾਵੇ ਤਾਂ ਉਸ ਦੇ ਖਰਾਬ ਹੋਣ ਤੇ ਉਸ ਵਿਚ ਕੀੜਾ ਲੱਗਣ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ।

ਅਕਸਰ ਇਲਾਇਚੀ ਦੇ ਸਿਰਫ਼ ਦਾਣੇ ਹੀ ਵਰਤੇ ਜਾਂਦੇ ਹਨ ਅਤੇ ਛਿਲਕੇ ਸੁੱਟ ਦਿੱਤੇ ਜਾਂਦੇ ਹਨ। ਛੋਟੀ ਜਾਂ ਵੱਡੀ ਇਲਾਇਚੀ ਦੇ ਛਿਲਕਿਆਂ ਨੂੰ ਸੁੱਟਣ ਦੀ ਬਜਾਏ ਉਨ੍ਹਾਂ ਨੂੰ ਚਾਹ ਦੀ ਪੱਤੀ ਜਾਂ ਚੀਨੀ ਵਿਚ ਮਿਲਾਉਂਦੇ ਰਹੋ। ਇਸ ਨਾਲ ਬਣੀ ਚਾਹ ਸਵਾਦੀ ਹੋਵੇਗੀ। ਪਕਵਾਨ ਬਣਾਉਂਦੇ ਸਮੇਂ ਇਸ ਚੀਨੀ ਦੀ ਵਰਤੋਂ ਕਰੋਗੇ ਤਾਂ ਪਕਵਾਨ ਦਾ ਸਵਾਦ ਵੀ ਵਧੇਗਾ।

ਜੇਕਰ ਤੁਸੀਂ ਸਿਰਫ਼ ਦੋ ਜਾਂ ਤਿੰਨ ਟਮਾਟਰ ਛਿੱਲਣੇ ਹੋਣ ਅਤੇ ਤੁਸੀਂ ਪਾਣੀ ਉਬਾਲਣ ਤੋਂ ਬਚਣਾ ਚਾਹੁੰਦੇ ਹੋ ਤਾਂ ਖਾਣੇ ਲਈ ਵਰਤੋਂ ਵਿਚ ਆਉਣ ਵਾਲੇ ਕਾਂਟਿਆਂ ਨੂੰ ਟਮਾਟਰ ਵਿਚ ਖੋਭ ਕੇ ਚੁੱਲ੍ਹੇ ਦੀ ਅੱਗ 'ਤੇ ਸੇਕ ਲਓ। ਟਮਾਟਰ ਦਾ ਛਿਲਕਾ ਸੌਖਿਆਂ ਹੀ ਲਹਿ ਜਾਵੇਗਾ।

ਕਾਬਲੀ ਛੋਲੇ ਜਲਦੀ ਪਕਾਉਣ ਲਈ ਇਨ੍ਹਾਂ ਵਿਚ ਮਿੱਠਾ ਸੋਢਾ ਪਾ ਕੇ ਪਕਾਇਆ ਜਾਂਦਾ ਹੈ ਪਰ ਇਸ ਤਰ੍ਹਾਂ ਕਰਨ ਨਾਲ ਛੋਲਿਆਂ ਦਾ ਰੰਗ ਠੀਕ ਨਹੀਂ ਆਉਂਦਾ। ਜੇਕਰ ਉਪਰੋਕਤ ਪਕਾਏ ਛੋਲਿਆਂ ਵਿਚ ਦੋ ਚਮਚ ਚਾਹ ਦਾ ਪਾਣੀ ਇਕ ਕਿੱਲੋ ਛੋਲਿਆਂ ਦੇ ਹਿਸਾਬ ਨਾਲ ਪਾ ਦਿੱਤਾ ਜਾਵੇ ਤਾਂ ਇਸ ਨਾਲ ਛੋਲਿਆਂ ਦਾ ਕੁਦਰਤੀ ਸਵਾਦ ਤੇ ਰੰਗ ਬਰਕਰਾਰ ਰਹਿੰਦਾ ਹੈ।

ਜੇ ਖੰਡ ਦੀ ਚਾਸ਼ਣੀ ਬਣਾਉਣ ਜਾ ਰਹੇ ਹੋ ਤਾਂ ਇਸ ਤਰ੍ਹਾਂ ਕਰੋ। ਚਾਸ਼ਣੀ ਬਣਾਉਣ ਤੋਂ ਪਹਿਲਾਂ ਕੜਾਹੀ ਵਿਚ ਚਾਰੇ ਪਾਸੇ ਥੋੜ੍ਹਾ ਜਿਹਾ ਮੱਖਣ ਲਗਾ ਲਓ। ਇਸ ਨਾਲ ਚਾਸ਼ਣੀ ਚੰਗੀ ਬਣੇਗੀ।



# CLASSIFIEDS & MATRIMONIALS



## BRIDE WANTED

ਕੈਨੇਡਾ 'ਚ ਵਰਕ ਪਰਮਿਟ 'ਤੇ ਕੰਮ ਕਰ ਰਹੇ ਰਾਜਾ ਸਿੱਖ ਜਾਤੀ ਨਾਲ ਸੰਬੰਧਤ 31 ਸਾਲਾ ਤਲਾਕਸ਼ੁਦਾ ਲੜਕੇ ਲਈ ਕੈਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ, ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ।ਲੜਕੇ ਦੇ ਮਾਤਾ ਪਿਤਾ ਕੈਨੇਡਾ ਵਿੱਚ ਹੀ ਰਹਿ ਰਹੇ ਹਨ। ਸੰਪਰਕ ਨੰਬਰ +1-778-345-8088, +91-98729-23171 BH 25-09

............................................

ਐਬਟਸਫੋਰਡ ਵਿੱਚ ਵਰਕ ਪਰਮਿਟ 'ਤੇ ਰਹਿ ਰਹੇ ਅਤੇ ਆਪਣਾ ਕੰਸਟ੍ਰਕਸ਼ਨ ਦਾ ਕੰਮ ਕਰ ਰਹੇ ਔਜਲਾ ਸਿੱਖ ਲੜਕਾ, ਉਮਰ 35 ਸਾਲ, ਕੱਦ 6 ਫੁੱਟ ਵਾਸਤੇ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਰਹਿ ਰਿਹਾ ਹੈ। ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ +1-778-823-0283 AP 18-07

............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ। 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ - 604 616 2171

## CHANGE OF NAME

I, Arshveer Singh S/o Ajit Pal Singh Resident of House No 22, Parodi Road, Ward No 13, Samrala, Distt Ludhiana, Punjab, India. Passport No W0195616. Presently Residing at 13350 Central Ave, Surrey, B.C Canada, V3T 0S1. Do Change My Name From Arshveer Singh To Arshveer Singh Dhillon.

............................................

I, Ajit Pal Singh S/o Surjit Singh Resident of House No 22, Parodi Road, Ward No 13, Samrala Distt Ludhiana, Punjab, India, Pin. 141114 Passport No U0302578. Presently Residing at 13350 Central Ave, Surrey, B.C Canada, V3T 0S1. Do Hereby Change My Name From Ajit Pal Singh To Ajit Pal Singh Dhillon

............................................

I, Gurpreet Kaur D/o Bavvir Singh (W/o Ajit Pal Singh) Resident of House No 22 Parodi Road, Ward No 13, Samrala, Distt Ludhiana, Punjab, India, Pin No 141114. Pasport No. R3271790. Presently Residing at 13350 Central Ave, Surrey, B.C Canada, V3T 0S1. Do Hereby Change My Name From Gurpreet Kaur To Gurpreet Kaur Dhillon.

## BRIDE WANTED

ਜੌਹਲ ਪਰਿਵਾਰ ਦਾ ਖੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ 'ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

# ਬੱਚੇ ਮਜ਼ਦੂਰੀ ਕਰਨ ਲਈ ਕਿਉਂ ਹੁੰਦੇ ਨੇ ਮਜਬੂਰ?

ਅਰੁਣ ਕੁ. ਕੈਹਰਬਾ

ਖੁਸ਼ਹਾਲੀ ਅਤੇ ਅੱਛੇ ਦਿਨ ਦੀਆਂ ਗੱਲਾਂ ਦਰਮਿਆਨ ਬੱਚਿਆਂ ਨੂੰ ਮਜ਼ਦੂਰੀ ਕਰਕੇ ਰੋਜ਼ੀ-ਰੋਟੀ ਕਮਾਉਂਦੇ ਦੇਖ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਹਰ ਪਾਸੇ ਸਾਨੂੰ ਛੋਟੇ-ਛੋਟੇ ਹੱਥ ਨਜ਼ਰ ਆ ਰਹੇ ਹਨ, ਜਿਨ੍ਹਾਂ ਨੂੰ ਨੋਟਬੁੱਕ, ਪੈਨਸਿਲ ਅਤੇ ਕਿਤਾਬਾਂ ਫੜੀਆਂ ਹੋਣੀਆਂ ਚਾਹੀਦੀਆਂ ਹਨ, ਪਰ ਉਹ ਸਖ਼ਤ ਮਿਹਨਤ ਕਰ ਰਹੇ ਹਨ। ਜੇਕਰ ਅਸੀਂ ਆਪਣੀ ਦ੍ਰਿਸ਼ਟੀ ਦਾ ਵਿਸਥਾਰ ਕਰੀਏ, ਬੱਚਿਆਂ ਨੂੰ ਬਿਨਾਂ ਕੁਝ ਕਹੇ ਖੇਤਾਂ ਅਤੇ ਘਰਾਂ ਵਿੱਚ ਕੰਮ ਕਰਦੇ ਦੇਖਣ ਦੇ ਆਦੀ ਹੋ ਗਏ ਹਾਂ, ਤਾਂ ਅਸੀਂ ਮਾਚਿਸ-ਬੀੜੀ ਬਣਾਉਣਾ, ਪਟਾਕੇ ਬਣਾਉਣਾ, ਗਲੀਚੇ ਬੁਣਨਾ, ਵੈਲਡਿੰਗ, ਤਾਲਾ ਬਣਾਉਣਾ, ਪਿੱਤਲ ਉਦਯੋਗ, ਕੱਚ ਉਦਯੋਗ, ਹੀਰਾ ਉਦਯੋਗ ਦੇਖ ਸਕਦੇ ਹਾਂ। ਪੱਥਰ ਦੀਆਂ ਖਾਣਾਂ, ਸੀਮਿੰਟ ਉਦਯੋਗ ਅਤੇ ਫਾਰਮਾਸਿਊਟੀਕਲ ਉਦਯੋਗ ਵਿੱਚ ਬੱਚੇ ਬਹੁਤ ਮੁਸ਼ਕਿਲ ਅਤੇ ਸਿਹਤ ਲਈ ਖ਼ਤਰਨਾਕ ਹਾਲਤਾਂ ਵਿੱਚ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਗੰਦੇ ਨਾਲਿਆਂ ਵਿੱਚੋਂ ਕੂੜਾ ਚੁੱਕਦੇ, ਪੋਲੀਥੀਨ ਅਤੇ ਪਲਾਸਟਿਕ ਇਕੱਠਾ ਕਰਦੇ ਵੀ ਨਜ਼ਰ ਆ ਰਹੇ ਹਨ। ਮਾਸੂਮ ਬੱਚੇ, ਜਿਨ੍ਹਾਂ ਨੂੰ ਸਕੂਲ ਵਿੱਚ ਖੇਡਦਿਆਂ ਪੜ੍ਹਨਾ ਚਾਹੀਦਾ ਸੀ, ਬੇਵੱਸ ਹੋ ਕੇ ਹੱਥ ਫੈਲਾ ਕੇ ਭੀਖ ਮੰਗ ਰਹੇ ਹਨ। ਇਨ੍ਹਾਂ ਬੱਚਿਆਂ 'ਤੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਅੱਧ-ਪੀਤੀ ਬੀੜੀ ਦੇ ਟੁਕੜਿਆਂ ਵਾਂਗ ਅਸੀਂ ਇਨ੍ਹਾਂ ਬੱਚਿਆਂ ਨੂੰ ਅਣਜਾਣ ਨਰਕ ਵਿੱਚ ਸੁੱਟ ਕੇ ਚੰਗੇ ਦਿਨਾਂ ਦੀਆਂ ਗੱਲਾਂ ਵਿੱਚ ਰੁੱਝੇ ਹੋਏ ਹਾਂ। ਅੰਕੜਿਆਂ ਦੀ ਗੱਲ ਕਰੀਏ ਤਾਂ ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ ਮੁਤਾਬਕ ਪੂਰੀ ਦੁਨੀਆਂ ਵਿੱਚ 16 ਕਰੋੜ ਬੱਚੇ ਬਾਲ ਮਜ਼ਦੂਰ ਹਨ। ਇਨ੍ਹਾਂ ਵਿੱਚੋਂ 7 ਕਰੋੜ 90 ਲੱਖ ਬੱਚੇ ਖ਼ਤਰਨਾਕ ਕੰਮਾਂ ਵਿੱਚ ਲੱਗੇ ਹੋਏ ਹਨ ਜੋ ਉਨ੍ਹਾਂ ਦੀ ਸਿਹਤ, ਸੁਰੱਖਿਆ ਅਤੇ ਨੈਤਿਕ ਵਿਕਾਸ 'ਤੇ ਮਾੜਾ ਅਸਰ ਪਾਉਂਦੇ ਹਨ। ਭਾਰਤ ਵਿੱਚ ਇਹ ਗਿਣਤੀ ਇੱਕ ਕਰੋੜ ਤੋਂ ਵੱਧ ਦੱਸੀ ਜਾਂਦੀ ਹੈ। ਇੰਟਰਨੈਸ਼ਨਲ ਚਾਈਲਡ ਲੇਬਰ ਆਰਗੇਨਾਈਜੇਸ਼ਨ ਮੁਤਾਬਕ ਭਾਰਤ ਵਿੱਚ ਕੁੱਲ ਬਾਲ ਮਜ਼ਦੂਰਾਂ ਵਿੱਚੋਂ ਲਗਭਗ 19 ਫੀਸਦੀ ਘਰੇਲੂ ਨੌਕਰ ਹਨ। ਲਗਭਗ 80 ਪ੍ਰਤੀਸ਼ਤ ਪੇਂਡੂ ਅਤੇ ਅਸੰਗਠਿਤ ਖੇਤਰ ਅਤੇ ਖੇਤੀਬਾੜੀ ਖੇਤਰ ਵਿੱਚ ਲੱਗੇ ਹੋਏ ਹਨ। ਬਾਲ ਮਜ਼ਦੂਰੀ ਨੂੰ ਖਤਮ ਕਰਨਾ ਸੰਯੁਕਤ ਰਾਸ਼ਟਰ ਦੁਆਰਾ ਨਿਰਧਾਰਤ ਟਿਕਾਊ ਵਿਕਾਸ ਟੀਚਿਆਂ ਵਿੱਚੋਂ ਇੱਕ ਹੈ। ਇਹ ਟੀਚਾ 2025 ਤੱਕ ਪੂਰਾ ਕੀਤਾ ਜਾਣਾ ਹੈ। ਹਾਲਾਂਕਿ ਭਾਰਤ ਨੇ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਨੂੰ ਵੀ ਸਵੀਕਾਰ ਕਰ ਲਿਆ ਹੈ ਅਤੇ ਇਸ ਦਿਸ਼ਾ ਵਿੱਚ ਕਈ ਕਾਨੂੰਨੀ ਵਿਵਸਥਾਵਾਂ ਵੀ ਕੀਤੀਆਂ ਹਨ ਪਰ ਟੀਚਿਆਂ ਦੀ ਪ੍ਰਾਪਤੀ ਲਈ ਭਾਰਤ ਕੀੜੀ ਦੀ ਰਫ਼ਤਾਰ ਨਾਲ ਅੱਗੇ ਵੱਧ ਰਿਹਾ ਹੈ। ਗਰੀਬੀ ਅਤੇ ਲਾਚਾਰੀ ਨੂੰ ਦੂਰ ਕੀਤੇ ਬਿਨਾਂ ਬਾਲ ਮਜ਼ਦੂਰੀ ਅਤੇ ਬੰਧੂਆ ਮਜ਼ਦੂਰੀ ਨੂੰ ਖਤਮ ਕਰਨਾ ਸੰਭਵ ਨਹੀਂ ਹੈ। ਵਿਕਾਸ ਯੋਜਨਾਵਾਂ ਵਿੱਚ ਗਰੀਬੀ ਦੂਰ ਕਰਨ ਵੱਲ ਕੋਈ ਧਿਆਨ ਨਹੀਂ ਹੈ। ਆਪਣੀ ਬੇਵਸੀ ਵਿੱਚ ਬੱਚਿਆਂ ਦੇ ਮਾਪੇ ਵੀ ਉਨ੍ਹਾਂ ਨੂੰ ਬਹੁਤ ਘੱਟ ਪੈਸਿਆਂ ਵਿੱਚ ਅਜਿਹੇ ਠੇਕੇਦਾਰਾਂ ਕੋਲ ਵੇਚ ਦਿੰਦੇ ਹਨ ਜੋ ਉਨ੍ਹਾਂ ਦੇ ਪ੍ਰਬੰਧ ਅਨੁਸਾਰ ਉਨ੍ਹਾਂ ਨੂੰ ਨੌਕਰੀ ਦਿੰਦੇ ਹਨ। ਕਈ ਵਾਰ ਉਨ੍ਹਾਂ ਨੂੰ ਥੋੜਾ ਜਿਹਾ ਖਾਣਾ ਦੇ ਕੇ ਜੋ ਮਰਜ਼ੀ ਕਰ ਲਿਆ ਜਾਂਦਾ ਹੈ। ਉਹ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ, 18 ਘੰਟੇ ਜਾਂ ਇਸ ਤੋਂ ਵੱਧ ਸਮਾਂ ਕੰਮ ਕਰਦੇ ਹਨ, ਅੱਧਾ-ਅੱਧਾ ਖਾਣਾ ਅਤੇ ਮਨਚਾਹੇ ਕੰਮ ਨਾ ਕਰਨ 'ਤੇ ਕੁੱਟਮਾਰ ਕਰਦੇ ਹਨ। ਫੈਕਟਰੀ ਦਾ ਖ਼ਤਰਨਾਕ ਵਾਤਾਵਰਨ ਅਤੇ ਧੂੜ ਬੱਚਿਆਂ ਨੂੰ ਸਾਹ ਲੈ ਰਹੀ ਹੈ। ਮੁਨਾਫ਼ੇ ਦੀ ਦੌੜ ਵਿੱਚ ਲੱਗੇ ਸਰਮਾਏਦਾਰਾਂ ਦੀਆਂ ਫੈਕਟਰੀਆਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਕੰਮ ਕਰਦੇ ਸਮੇਂ ਹਾਦਸੇ ਵਾਪਰਨਾ ਆਮ ਗੱਲ ਹੈ, ਜਿਸ ਵਿੱਚ ਬੱਚੇ ਆਪਣੀਆਂ ਅੱਖਾਂ ਅਤੇ ਸਰੀਰ ਦੇ ਹੋਰ ਅੰਗ ਗੁਆ ਰਹੇ ਹਨ। ਬੱਚੇ ਕਿਸੇ ਵੀ ਦੇਸ਼ ਦਾ ਭਵਿੱਖ ਹੁੰਦੇ ਹਨ। ਦੇਸ਼ ਦੀ ਤਰੱਕੀ ਸਿਰਫ਼ ਇਨ੍ਹਾਂ ਬੱਚਿਆਂ ਦੇ ਵਿਕਾਸ 'ਤੇ ਨਿਰਭਰ ਕਰਦੀ ਹੈ, ਜੇਕਰ ਦੇਸ਼ ਦੀ ਆਬਾਦੀ ਵਿੱਚ ਸ਼ਾਮਲ ਕਰੋੜਾਂ ਬੱਚਿਆਂ ਨੂੰ ਬਾਲ ਮਜ਼ਦੂਰੀ ਦੀ ਭੱਠੀ ਵਿੱਚ ਸੁੱਟ ਦਿੱਤਾ ਜਾਵੇ ਤਾਂ ਅਸੀਂ ਉੱਜਵਲ ਭਵਿੱਖ ਕਿਵੇਂ ਬਣਾ ਸਕਦੇ ਹਾਂ? ਆਜ਼ਾਦੀ ਦੇ ਇਤਿਹਾਸ ਵਿੱਚ ਸਿਆਸਤਦਾਨਾਂ ਨੇ ਨਾ ਸਿਰਫ਼ ਵੋਟਾਂ ਹਾਸਲ ਕਰਨ ਲਈ ਵਾਅਦੇ ਕੀਤੇ ਸਗੋਂ ਲੋਕਾਂ ਨੂੰ ਫੁੱਲਾਂ ਦੇ ਭਾਸ਼ਨ ਵੀ ਖੁਆਉਣ ਦੀ ਕੋਸ਼ਿਸ਼ ਕੀਤੀ। ਜੇਕਰ ਅਸੀਂ ਕੰਮ ਕੀਤਾ ਤਾਂ ਅਸੀਂ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਾਂਗੇ। ਅਜਿਹਾ ਨਹੀਂ ਹੈ ਕਿ ਬਾਲ ਮਜ਼ਦੂਰੀ ਰੋਕਣ ਲਈ ਕੋਈ ਕਾਨੂੰਨ ਨਹੀਂ ਬਣਾਇਆ ਗਿਆ ਹੈ। ਭਾਰਤੀ ਸੰਵਿਧਾਨ ਬਾਲ ਮਜ਼ਦੂਰੀ ਦੀ ਮਨਾਹੀ ਕਰਦਾ ਹੈ। ਸੰਵਿਧਾਨ ਦੀ ਧਾਰਾ 24 ਅਨੁਸਾਰ 14 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਨੂੰ ਕਿਸੇ ਵੀ ਕਾਰਖਾਨੇ ਜਾਂ ਖਾਣ ਜਾਂ ਕਿਸੇ ਹੋਰ ਖਤਰਨਾਕ ਰੁਜ਼ਗਾਰ ਵਿੱਚ ਕੰਮ ਕਰਨ ਲਈ ਨਹੀਂ ਲਗਾਇਆ ਜਾ ਸਕਦਾ। ਫੈਕਟਰੀ ਐਕਟ 1948, 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਰੁਜ਼ਗਾਰ ਦੇਣ 'ਤੇ ਵੀ ਪਾਬੰਦੀ ਲਗਾਉਂਦਾ ਹੈ। ਇਸ ਤੋਂ ਬਾਅਦ ਚਾਈਲਡ ਲੇਬਰ ਪ੍ਰੋਹਿਬਿਸ਼ਨ ਐਕਟ 1986 ਬਣਾਇਆ ਗਿਆ, ਜਿਸ ਨੂੰ 2016 ਵਿੱਚ ਸੋਧਿਆ ਗਿਆ। ਬਾਲ ਮਜ਼ਦੂਰੀ ਦੀ ਗੱਲ ਕਰੀਏ ਤਾਂ ਆਮ ਸਮਾਜ ਨੇ ਵੀ ਬਾਲ ਅਧਿਕਾਰਾਂ ਦੀ ਉਲੰਘਣਾ ਨੂੰ ਉਦਾਸੀਨ ਨਜ਼ਰਾਂ ਨਾਲ ਦੇਖਣ ਤੋਂ ਸਿਵਾਏ ਕੁਝ ਨਹੀਂ ਕੀਤਾ। ਦੇਸ਼ ਅਤੇ ਦੁਨੀਆਂ ਨੂੰ ਬਾਲ ਮਜ਼ਦੂਰੀ ਦੀ ਤ੍ਰਾਸਦੀ ਤੋਂ ਮੁਕਤ ਕਰਵਾਉਣ ਲਈ ਜਿੱਥੇ ਸਰਕਾਰੀ ਪੱਧਰ 'ਤੇ ਠੋਸ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ, ਉਥੇ ਸਮਾਜਿਕ ਤੌਰ 'ਤੇ ਵੀ ਪਹਿਲਕਦਮੀ ਕੀਤੀ ਜਾਣੀ ਚਾਹੀਦੀ ਹੈ।

# ਕੈਨੇਡਾ ਦੇ ਸਿਹਤ ਢਾਂਚੇ 'ਚ ਨਸਲਵਾਦ ? ਕੈਨੇਡੀਅਨ ਸਿਹਤ ਪ੍ਰਣਾਲੀ ਵਿੱਚ ਕਾਲੀਆਂ ਔਰਤਾਂ ਨਾਲ ਹੁੰਦਾ ਵਿਤਕਰਾ ਬੇਨਕਾਬ

## ਅਫ਼ਰੀਨਕ ਮੂਲ ਦੀਆਂ ਔਰਤਾਂ ਵਿੱਚ ਆਤਮ-ਹੱਤਿਆ ਦੇ ਵਿਚਾਰ ਰਾਸ਼ਟਰੀ ਔਸਤ ਨਾਲੋਂ ਛੇ ਗੁਣਾ ਵੱਧ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਸਿਹਤ ਸੰਭਾਲ ਪ੍ਰਣਾਲੀ ਵਿੱਚ ਫੈਲੇ ਨਸਲਵਾਦ ਅਤੇ ਪੱਖਪਾਤ ਬਾਰੇ ਇੱਕ ਨਵੀਂ ਅਤੇ ਚਿੰਤਾਜਨਕ ਰਾਸ਼ਟਰੀ ਰਿਪੋਰਟ ਸਾਹਮਣੇ ਆਈ ਹੈ । 'ਬਲੈਕ ਵੂਮੈਨ ਇੰਸਟੀਚਿਊਟ ਫਾਰ ਹੈਲਥ' ਵੱਲੋਂ ਜਾਰੀ ਕੀਤੀ ਗਈ ਇਸ ਰਿਪੋਰਟ ਦਾ ਸਿਰਲੇਖ 'ਵੋਇਸਿਜ਼ ਅਨਹਰਡ: ਹੈਲਥਕੇਅਰ ਬੈਰੀਅਰਜ਼ ਐਂਡ ਲਿਵਡ ਐਕਸਪੀਰੀਐਂਸਿਜ਼ ਆਫ ਬਲੈਕ ਵੂਮੈਨ ਇਨ ਕੈਨੇਡਾ' ਰੱਖਿਆ ਗਿਆ ਹੈ । ਇਸ ਸਰਵੇਖਣ ਵਿੱਚ ਕੈਨੇਡਾ ਭਰ ਦੀਆਂ ਲਗਭਗ 2,000 ਕਾਲੀਆਂ ਔਰਤਾਂ, ਲੜਕੀਆਂ ਅਤੇ ਜੈਂਡਰ-ਡਾਇਵਰਸ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ । ਰਿਪੋਰਟ ਦੇ ਹੈਰਾਨੀਜਨਕ ਅੰਕੜੇ ਦਰਸਾਉਂਦੇ ਹਨ ਕਿ ਲਗਭਗ ਅੱਧੀਆਂ ਭਾਗੀਦਾਰਾਂ ਨੇ ਨਸਲੀ ਵਿਤਕਰੇ ਦੇ ਡਰ ਕਾਰਨ ਡਾਕਟਰੀ ਸਹਾਇਤਾ ਲੈਣ ਵਿੱਚ ਦੇਰੀ ਕੀਤੀ ਹੈ ਜਾਂ ਹਸਪਤਾਲ ਜਾਣ ਤੋਂ ਪੂਰੀ ਤਰ੍ਹਾਂ ਗੁਰੇਜ਼ ਕੀਤਾ ਹੈ । ਇਹ ਅੰਕੜੇ ਸਿਹਤ ਪ੍ਰਣਾਲੀ ਦੇ ਅੰਦਰ ਮੌਜੂਦ ਵਿਆਪਕ ਨਸਲਵਾਦ ਦੀ ਤਸਵੀਰ ਪੇਸ਼ ਕਰਦੇ ਹਨ।




ਇੰਸਟੀਚਿਊਟ ਦੀ ਸੰਸਥਾਪਕ ਅਤੇ ਕਾਰਜਕਾਰੀ ਨਿਰਦੇਸ਼ਕ ਕੀਰੀ ਡੈਨੀਅਲ ਅਨੁਸਾਰ, ਭਾਵੇਂ ਇਹ ਪਹਿਲਾਂ ਹੀ ਜਾਣਿਆ ਜਾਂਦਾ ਸੀ ਕਿ ਕਾਲੀਆਂ ਔਰਤਾਂ ਦਾ ਅਨੁਭਵ ਦੂਜਿਆਂ ਨਾਲੋਂ ਵੱਖਰਾ ਹੈ, ਪਰ ਹੁਣ ਇਹ ਅੰਕੜੇ ਇੱਕ ਮਜ਼ਬੂਤ ਸਬੂਤ ਵਜੋਂ ਸਾਹਮਣੇ ਆਏ ਹਨ । ਸਰਵੇਖਣ ਵਿੱਚ ਪਾਇਆ ਗਿਆ ਕਿ ਜਿੱਥੇ ਆਮ ਤੌਰ 'ਤੇ ਔਰਤਾਂ ਸਿਹਤ ਪ੍ਰਣਾਲੀ ਵਿੱਚ ਆਪਣੀ ਗੱਲ ਨੂੰ ਅਣਸੁਣੀ ਮਹਿਸੂਸ ਕਰਦੀਆਂ ਹਨ, ਉੱਥੇ ਹੀ ਦੋ-ਤਿਹਾਈ ਕਾਲੀਆਂ ਔਰਤਾਂ ਨੇ ਮਹਿਸੂਸ ਕੀਤਾ ਕਿ ਡਾਕਟਰਾਂ ਵੱਲੋਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ । ਡੈਨੀਅਲ ਨੇ ਦੱਸਿਆ ਕਿ ਅਕਸਰ ਇਹ ਮੰਨ ਲਿਆ ਜਾਂਦਾ ਹੈ ਕਿ ਕਾਲੀਆਂ ਔਰਤਾਂ ਦਰਦ ਸਹਿਣ ਦੀ ਵਧੇਰੇ ਸਮਰੱਥਾ ਰੱਖਦੀਆਂ ਹਨ, ਜਿਸ ਕਾਰਨ ਉਨ੍ਹਾਂ ਦੇ ਦਰਦ ਦਾ ਇਲਾਜ ਕਰਨ ਵਿੱਚ ਅਣਗਹਿਲੀ ਵਰਤੀ ਜਾਂਦੀ ਹੈ।

ਰਿਪੋਰਟ ਵਿੱਚ ਕਾਲੀਆਂ ਔਰਤਾਂ ਨਾਲ ਵਾਪਰੀਆਂ ਕੁਝ ਬੇਹੱਦ ਦਰਦਨਾਕ ਅਤੇ ਭਿਆਨਕ ਕਹਾਣੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ । ਕਈ ਮਾਮਲਿਆਂ ਵਿੱਚ ਔਰਤਾਂ ਨੂੰ ਦਰਦ ਦੇ ਇਲਾਜ ਦੀ ਬਜਾਏ ਨਸ਼ੇ ਦੀ ਭਾਲ ਕਰਨ ਵਾਲੀਆਂ (drug-seeking) ਕਰਾਰ ਦਿੱਤਾ ਗਿਆ । ਕੁਝ ਔਰਤਾਂ ਨੇ ਦੱਸਿਆ ਕਿ ਹਸਪਤਾਲ ਦੇ ਉਡੀਕ ਕਮਰਿਆਂ ਵਿੱਚ ਉਨ੍ਹਾਂ ਦਾ ਗਰਭਪਾਤ ਹੋ ਗਿਆ ਕਿਉਂਕਿ ਕਿਸੇ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ । ਇੱਕ ਹੋਰ ਹੈਰਾਨ ਕਰਨ ਵਾਲੀ ਕਹਾਣੀ ਵਿੱਚ ਦੱਸਿਆ ਗਿਆ ਕਿ ਇੱਕ ਮਹਿਲਾ ਦਾ ਸਿਜ਼ੇਰੀਅਨ ਆਪ੍ਰੇਸ਼ਨ ਕਰਦੇ ਸਮੇਂ ਡਾਕਟਰ ਉਸ ਨੂੰ ਸੁੰਨ ਕਰਨ ਵਾਲੀ ਦਵਾਈ ਦੇਣਾ ਹੀ ਭੁੱਲ ਗਏ । ਅਜਿਹੀਆਂ ਘਟਨਾਵਾਂ ਦੇ ਅਸਰ ਇੰਨੇ ਗੰਭੀਰ ਸਨ ਕਿ ਖੋਜਕਰਤਾਵਾਂ ਦੀ ਟੀਮ ਨੂੰ ਇਨ੍ਹਾਂ ਕਹਾਣੀਆਂ ਦੀ ਪੜਚੋਲ ਕਰਦੇ ਸਮੇਂ ਮਾਨਸਿਕ ਸਿਹਤ ਸਹਾਇਤਾ ਲੈਣੀ ਪਈ।

ਸਰਵੇਖਣ ਵਿੱਚ ਸਿਹਤ ਅਸਮਾਨਤਾ ਦੇ ਛੇ ਮੁੱਖ ਖੇਤਰਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਵਿੱਚ ਮਾਵਾਂ ਦੀ ਸਿਹਤ ਵਿੱਚ ਅਣਗਹਿਲੀ, ਵਿਲੱਖਣ ਮਾਨਸਿਕ ਸਿਹਤ ਚੁਣੌਤੀਆਂ, ਨਸਲੀ ਹਿੰਸਾ ਅਤੇ ਕੰਮ ਦੇ ਸਥਾਨਾਂ 'ਤੇ ਜ਼ਹਿਰੀਲਾ ਮਾਹੌਲ ਸ਼ਾਮਲ ਹਨ । ਮਾਨਸਿਕ ਸਿਹਤ ਦੇ ਮਾਮਲੇ ਵਿੱਚ ਅੰਕੜੇ ਬੇਹੱਦ ਚਿੰਤਾਜਨਕ ਹਨ । ਸਟੈਟਿਸਟਿਕਸ ਕੈਨੇਡਾ ਅਨੁਸਾਰ, ਜਿੱਥੇ ਰਾਸ਼ਟਰੀ ਪੱਧਰ 'ਤੇ 4 ਫ਼ੀਸਦੀ ਔਰਤਾਂ ਵਿੱਚ ਆਤਮ-ਹੱਤਿਆ ਦੇ ਵਿਚਾਰ ਆਉਂਦੇ ਹਨ, ਉੱਥੇ ਹੀ ਕਾਲੀਆਂ ਔਰਤਾਂ ਵਿੱਚ ਇਹ ਦਰ 27.4 ਫ਼ੀਸਦੀ ਪਾਈ ਗਈ ਹੈ, ਜੋ ਕਿ ਰਾਸ਼ਟਰੀ ਔਸਤ ਨਾਲੋਂ ਛੇ ਗੁਣਾ ਤੋਂ ਵੀ ਵੱਧ ਹੈ। ਇਹ ਅੰਕੜਾ ਉਨ੍ਹਾਂ ਮਾਨਸਿਕ ਤਣਾਅ ਅਤੇ ਮੁਸ਼ਕਲਾਂ ਨੂੰ ਦਰਸਾਉਂਦਾ ਹੈ ਜਿਨ੍ਹਾਂ ਦਾ ਸਾਹਮਣਾ ਇਹ ਭਾਈਚਾਰਾ ਰੋਜ਼ਾਨਾ ਕਰ ਰਿਹਾ ਹੈ।

ਸਰਵੇਖਣ ਵਿੱਚ ਭਾਗ ਲੈਣ ਵਾਲੀ ਆਯਾ ਮੁਸੁਯਾ, ਜੋ ਛੇ ਸਾਲ ਪਹਿਲਾਂ ਯੁਗਾਂਡਾ ਤੋਂ ਰੈੱਡ ਡੀਅਰ ਵਿੱਚ ਆਈ ਸੀ, ਨੇ ਦੱਸਿਆ ਕਿ ਉਸ ਨੂੰ ਡਾਕਟਰ ਕੋਲ ਜਾਣ ਵੇਲੇ ਬਹੁਤ ਜ਼ਿਆਦਾ ਤਿਆਰੀ ਕਰਨੀ ਪੈਂਦੀ ਹੈ । ਉਸ ਨੇ ਇੱਕ ਵਾਰ ਡਾਕਟਰ ਨੂੰ ਮਿਲਣ ਲਈ 22 ਘੰਟੇ ਉਡੀਕ ਕੀਤੀ । ਆਯਾ ਦਾ ਕਹਿਣਾ ਹੈ ਕਿ ਜਦੋਂ ਉਸ ਨੂੰ ਆਪਣੇ ਵਰਗੇ ਦਿਖਣ ਵਾਲੇ ਕਿਸੇ ਡਾਕਟਰ ਤੋਂ ਇਲਾਜ ਮਿਲਦਾ ਹੈ, ਤਾਂ ਉਹ ਵਧੇਰੇ ਸੁਰੱਖਿਅਤ ਮਹਿਸੂਸ ਕਰਦੀ ਹੈ । ਉਹ ਹੁਣ ਆਪਣੀਆਂ ਧੀਆਂ ਨੂੰ ਸਿਖਾ ਰਹੀ ਹੈ ਕਿ ਉਹ ਆਪਣੀ ਸਿਹਤ ਲਈ ਖੁਦ ਆਵਾਜ਼ ਕਿਵੇਂ ਉਠਾਉਣ । ਕੀਰੀ ਡੈਨੀਅਲ ਨੇ ਅੰਤ ਵਿੱਚ ਕਿਹਾ ਕਿ ਹੁਣ ਜਦੋਂ ਅੰਕੜੇ ਸਾਹਮਣੇ ਆ ਚੁੱਕੇ ਹਨ, ਅਗਲਾ ਕਦਮ ਇਸ ਵਿਤਕਰੇ ਨੂੰ ਖ਼ਤਮ ਕਰਨ ਲਈ ਠੋਸ ਕਾਰਵਾਈ ਕਰਨਾ ਹੈ ਤਾਂ ਜੋ ਹਰ ਕਿਸੇ ਨੂੰ ਬਰਾਬਰ ਸਿਹਤ ਸੇਵਾਵਾਂ ਮਿਲ ਸਕਣ। This report was written by Divroop Kaur as part of the Local Journalism Initiative.

# ਸਰੀ ਪੁਲਿਸ ਬੋਰਡ ਦੇ ਪੰਜ ਨਵੇਂ ਮੈਂਬਰਾਂ ਦੀ ਹੋਈ ਨਿਯੁਕਤੀ

ਸਰੀ, (ਦਿਵਰੂਪ ਕੌਰ): ਸੂਬਾ ਸਰਕਾਰ ਨੇ ਸਰੀ ਪੁਲਿਸ ਬੋਰਡ ਵਿੱਚ ਪੰਜ ਨਵੇਂ ਵਾਲੰਟੀਅਰ ਮੈਂਬਰਾਂ ਦੀ ਨਿਯੁਕਤੀ ਕੀਤੀ ਹੈ। ਇਹ ਨਵੇਂ ਮੈਂਬਰ 31 ਮਾਰਚ, 2027 ਤੱਕ ਆਪਣੀਆਂ ਸੇਵਾਵਾਂ ਨਿਭਾਉਣਗੇ ਅਤੇ ਬੋਰਡ ਦੀ ਅਗਲੀ ਅਹਿਮ ਮੀਟਿੰਗ 30 ਅਪ੍ਰੈਲ ਨੂੰ ਨਿਸ਼ਚਿਤ ਕੀਤੀ ਗਈ ਹੈ । ਨਵੇਂ ਨਿਯੁਕਤ ਮੈਂਬਰਾਂ ਵਿੱਚ ਸਰੀ ਦੇ ਸੇਵਾਮੁਕਤ ਫਾਇਰ ਚੀਫ਼ ਲੈਰੀ ਥਾਮਸ, ਜਸਵਿੰਦਰ ਸਿੱਧੂ (ਬੈਂਕ ਆਫ਼ ਮਾਂਟਰੀਅਲ ਦੇ ਖੇਤਰੀ ਉਪ-ਪ੍ਰਧਾਨ), ਜਾਰਜ ਡੰਕਨ, ਹੈਨੇ ਮੈਡਸਨ ਅਤੇ ਪਰਮਿੰਦਰ ਜਵਾਂਡਾ ਸ਼ਾਮਲ ਹਨ । ਇਹ ਨਿਯੁਕਤੀਆਂ ਭਾਈਚਾਰੇ ਦੀ ਵਿਭਿੰਨਤਾ ਅਤੇ ਬੋਰਡ ਦੀਆਂ ਪੇਸ਼ੇਵਰ ਲੋੜਾਂ ਨੂੰ ਮੁੱਖ ਰੱਖਦਿਆਂ ਕੀਤੀਆਂ ਗਈਆਂ ਹਨ ਤਾਂ ਜੋ ਪੁਲਿਸਿੰਗ ਨੂੰ ਸਥਾਨਕ ਤਰਜੀਹਾਂ ਅਨੁਸਾਰ ਚਲਾਇਆ ਜਾ ਸਕੇ।ਪੁਲਿਸ ਬੋਰਡ ਦੀਆਂ ਮੁੱਖ ਜ਼ਿੰਮੇਵਾਰੀਆਂ ਵਿੱਚ ਪੁਲਿਸ ਸੇਵਾ ਲਈ ਟੀਚੇ ਨਿਰਧਾਰਤ ਕਰਨਾ, ਕਰਮਚਾਰੀਆਂ ਦੇ ਪ੍ਰਬੰਧਨ ਦੀ ਦੇਖਭਾਲ ਕਰਨਾ ਅਤੇ ਸਾਲਾਨਾ ਪੁਲਿਸਿੰਗ ਬਜਟ ਤਿਆਰ ਕਰਕੇ ਸਿਟੀ ਕੌਂਸਲ ਨੂੰ ਸੌਂਪਣਾ ਸ਼ਾਮਲ ਹੈ। ਸਰਕਾਰੀ ਬੁਲੇਟਿਨ ਅਨੁਸਾਰ ਸਾਲ 2017 ਤੋਂ ਬਾਅਦ ਮਿਉਂਸਪਲ ਪੁਲਿਸ ਬੋਰਡਾਂ ਵਿੱਚ ਘੱਟ ਗਿਣਤੀ ਭਾਈਚਾਰੇ ਦੀ ਭਾਗੀਦਾਰੀ ਵਿੱਚ ਵੱਡਾ ਵਾਧਾ ਹੋਇਆ ਹੈ । ਪ੍ਰੀਮੀਅਰ ਡੇਵਿਡ ਈਬੀ ਨੇ ਸਪੱਸ਼ਟ ਕੀਤਾ ਕਿ ਬੋਰਡ ਦੀਆਂ ਖਾਲੀ ਥਾਵਾਂ ਮੇਅਰ ਦਫ਼ਤਰ ਅਤੇ ਸੂਬਾ ਸਰਕਾਰ ਦੀ ਆਪਸੀ ਸਹਿਮਤੀ ਨਾਲ ਭਰੀਆਂ ਜਾਣਗੀਆਂ । ਇਸ ਕਦਮ ਦਾ ਉਦੇਸ਼ ਇੱਕ ਅਜਿਹਾ ਬੋਰਡ ਤਿਆਰ ਕਰਨਾ ਹੈ ਜੋ ਸਰੀ ਦੇ ਭਾਈਚਾਰੇ ਦਾ ਸਹੀ ਰੂਪ ਵਿੱਚ ਪ੍ਰਤੀਬਿੰਬ ਹੋਵੇ। ਨਵੇਂ ਮੈਂਬਰਾਂ ਵਿੱਚ ਲੈਰੀ ਥਾਮਸ ਦਾ ਸਰੀ ਫਾਇਰ ਸਰਵਿਸਿਜ਼ ਵਿੱਚ 36 ਸਾਲਾਂ ਦਾ ਲੰਬਾ ਤਜ਼ਰਬਾ ਹੈ, ਜਦਕਿ ਜਸਵਿੰਦਰ ਸਿੱਧੂ ਅਤੇ ਪਰਮਿੰਦਰ ਜਵਾਂਡਾ ਵਰਗੇ ਮੈਂਬਰ ਕਾਰਪੋਰੇਟ ਜਗਤ ਅਤੇ ਪ੍ਰਸ਼ਾਸਨਿਕ ਸ਼ਾਸਨ ਵਿੱਚ ਮਾਹਰ ਹਨ । ਜਾਰਜ ਡੰਕਨ ਨੇ ਪਹਿਲਾਂ ਵੀ ਪੁਲਿਸਿੰਗ ਰਣਨੀਤੀਆਂ ਅਤੇ ਬਜਟ 'ਤੇ ਆਰ.ਸੀ.ਐਮ.ਪੀ. ਨੂੰ ਸਲਾਹ ਦਿੱਤੀ ਹੈ । ਬੋਰਡ ਦੇ ਚੇਅਰਮੈਨ ਹਾਰਲੇ ਚੈਪਲ ਨੇ ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਉਮੀਦ ਜਤਾਈ ਕਿ ਉਨ੍ਹਾਂ ਦੀਆਂ ਵਿਲੱਖਣ ਯੋਗਤਾਵਾਂ ਸਰੀ ਦੀ ਜਨਤਕ ਸੁਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਸਹਾਈ ਹੋਣਗੀਆਂ । ਇਹ ਨਿਯੁਕਤੀਆਂ ਸੂਬੇ ਅਤੇ ਸ਼ਹਿਰ ਵਿਚਕਾਰ ਹੋਏ ਨਵੇਂ ਸਮਝੌਤੇ ਤਹਿਤ ਕੀਤੀਆਂ ਗਈਆਂ ਹਨ। This report was written by Divroop Kaur as part of the Local Journalism Initiative.

# ਕੈਨੇਡਾ ਵਿੱਚ ਏਅਰ ਟ੍ਰੈਫਿਕ ਕੰਟਰੋਲਰਾਂ ਦੀ ਭਾਰੀ ਘਾਟ, ਨੈਵ ਕੈਨੇਡਾ ਨੇ 200 ਅਹੁਦਿਆਂ ਦੀ ਪੁਸ਼ਟੀ ਕੀਤੀ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਹਵਾਈ ਸਫ਼ਰ ਪ੍ਰਬੰਧਨ ਦੀ ਜ਼ਿੰਮੇਵਾਰੀ ਸੰਭਾਲਣ ਵਾਲੀ ਸੰਸਥਾ 'ਨੈਵ ਕੈਨੇਡਾ' (Nav Canada) ਨੇ ਬੁੱਧਵਾਰ ਨੂੰ ਇੱਕ ਅਹਿਮ ਖੁਲਾਸਾ ਕਰਦਿਆਂ ਮੰਨਿਆ ਹੈ ਕਿ ਦੇਸ਼ ਵਿੱਚ ਇਸ ਸਮੇਂ ਲਗਭਗ 200 ਏਅਰ ਟ੍ਰੈਫਿਕ ਕੰਟਰੋਲਰਾਂ ਦੀ ਘਾਟ ਹੈ। ਇਹ ਗੈਰ-ਲਾਭਕਾਰੀ ਨਿੱਜੀ ਸੰਸਥਾ ਕੈਨੇਡਾ ਦੇ ਹਵਾਈ ਮਾਰਗਾਂ ਦੀ ਸੁਰੱਖਿਆ ਅਤੇ ਸੰਚਾਲਨ ਲਈ ਲੋੜੀਂਦੇ ਮਾਹਰਾਂ ਨੂੰ ਸਿਖਲਾਈ ਦੇਣ ਅਤੇ ਉਨ੍ਹਾਂ ਨੂੰ ਨੌਕਰੀ 'ਤੇ ਰੱਖਣ ਲਈ ਜ਼ਿੰਮੇਵਾਰ ਹੈ । ਏਅਰ ਟ੍ਰੈਫਿਕ ਕੰਟਰੋਲਰਾਂ ਦੀ ਭੂਮਿਕਾ ਉਸ ਸਮੇਂ ਚਰਚਾ ਵਿੱਚ ਆਈ ਜਦੋਂ ਐਤਵਾਰ ਰਾਤ ਨੂੰ ਨਿਊਯਾਰਕ ਦੇ ਲਾਗਾਰਡੀਆ ਹਵਾਈ ਅੱਡੇ 'ਤੇ ਏਅਰ ਕੈਨੇਡਾ ਦਾ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ ਸੀ । ਭਾਵੇਂ ਅਮਰੀਕਾ ਦੇ ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਅਜੇ ਤੱਕ ਹਾਦਸੇ ਦੇ ਕਾਰਨਾਂ ਬਾਰੇ ਕੋਈ ਅੰਤਿਮ ਸਿੱਟਾ ਨਹੀਂ ਕੱਢਿਆ ਹੈ, ਪਰ ਹਵਾਈ ਸੁਰੱਖਿਆ ਮਾਹਰਾਂ ਵਿੱਚ ਸਟਾਫ਼ ਦੀ ਘਾਟ ਨੂੰ ਲੈ ਕੇ ਚਿੰਤਾ ਵਧ ਗਈ ਹੈ।



ਸਟਾਫ਼ ਦੀ ਘਾਟ ਬਾਰੇ ਅੰਕੜਿਆਂ ਨੂੰ ਲੈ ਕੇ ਕਾਫ਼ੀ ਵਿਵਾਦ ਦੇਖਣ ਨੂੰ ਮਿਲਿਆ । ਮੈਕਗਿਲ ਯੂਨੀਵਰਸਿਟੀ ਦੇ ਐਵੀਏਸ਼ਨ ਮੈਨੇਜਮੈਂਟ ਪ੍ਰੋਗਰਾਮ ਦੇ ਲੈਕਚਰਾਰ ਜੌਨ ਗ੍ਰੇਡੇਕ ਨੇ ਦਾਅਵਾ ਕੀਤਾ ਸੀ ਕਿ ਕੈਨੇਡਾ ਵਿੱਚ 1,500 ਕੰਟਰੋਲਰਾਂ ਦੀ ਘਾਟ ਹੈ । ਨੈਵ ਕੈਨੇਡਾ ਨੇ ਸ਼ੁਰੂ ਵਿੱਚ ਇਸ ਅੰਕੜੇ ਦਾ ਖੰਡਨ ਕੀਤਾ ਅਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਬਾਅਦ ਵਿੱਚ ਦਬਾਅ ਹੇਠ ਆ ਕੇ ਬੁਲਾਰੇ ਗੈਬਰੀਅਲ ਬੋਰਗੇਟ ਨੇ ਸਪੱਸ਼ਟ ਕੀਤਾ ਕਿ ਅਸਲ ਘਾਟ 200 ਦੇ ਕਰੀਬ ਹੈ । ਬੋਰਗੇਟ ਅਨੁਸਾਰ ਜੇਕਰ ਕੈਨੇਡਾ ਵਿੱਚ 1,500 ਕੰਟਰੋਲਰਾਂ ਦੀ ਘਾਟ ਹੁੰਦੀ, ਤਾਂ ਇਹ ਅਮਰੀਕਾ ਦੇ ਮੁਕਾਬਲੇ ਕਿਤੇ ਜ਼ਿਆਦਾ ਵੱਡਾ ਪਾੜਾ ਹੁੰਦਾ, ਜੋ ਕਿ ਹਕੀਕਤ ਤੋਂ ਕੋਹਾਂ ਦੂਰ ਹੈ । ਦੂਜੇ ਪਾਸੇ ਗ੍ਰੇਡੇਕ ਨੇ ਬਾਅਦ ਵਿੱਚ ਮੰਨਿਆ ਕਿ ਉਨ੍ਹਾਂ ਦਾ ਅੰਕੜਾ ਪੁਰਾਣਾ ਹੋ ਸਕਦਾ ਹੈ ਅਤੇ ਨੈਵ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਉਨ੍ਹਾਂ ਲਈ ਨਵੀਂ ਹੈ।

ਏਅਰ ਟ੍ਰੈਫਿਕ ਕੰਟਰੋਲਰ ਦਾ ਕੰਮ ਬਹੁਤ ਹੀ ਗੁੰਝਲਦਾਰ ਅਤੇ ਉੱਚ ਪੱਧਰੀ ਹੁਨਰ ਦੀ ਮੰਗ ਕਰਦਾ ਹੈ । ਮਾਹਰਾਂ ਅਨੁਸਾਰ ਇਹ ਲੋਕ ਨਾ ਸਿਰਫ਼ ਤਿੰਨ ਦਿਸ਼ਾਵਾਂ (3D) ਵਿੱਚ ਕੰਮ ਕਰਦੇ ਹਨ, ਸਗੋਂ ਉਨ੍ਹਾਂ ਨੂੰ ਚੌਥੀ ਦਿਸ਼ਾ ਯਾਨੀ 'ਸਮੇਂ' ਦੀ ਵੀ ਡੂੰਘੀ ਸਮਝ ਹੋਣੀ ਚਾਹੀਦੀ ਹੈ । ਉਹ ਇਹ ਫੈਸਲਾ ਕਰਦੇ ਹਨ ਕਿ ਕਿਸੇ ਜਹਾਜ਼ ਨੂੰ ਕਿੰਨੀ ਉਚਾਈ 'ਤੇ ਰੱਖਣਾ ਹੈ ਜਾਂ ਕਿਸ ਦਿਸ਼ਾ ਵਿੱਚ ਮੋੜਨਾ ਹੈ ਤਾਂ ਜੋ ਉਹ ਭਵਿੱਖ ਵਿੱਚ ਕਿਸੇ ਖ਼ਾਸ ਸਮੇਂ 'ਤੇ ਸੁਰੱਖਿਅਤ ਸਥਾਨ 'ਤੇ ਹੋਵੇ । ਇਹ ਇੱਕ ਅਜਿਹਾ ਹੁਨਰ ਹੈ ਜੋ ਹਰ ਕਿਸੇ ਕੋਲ ਨਹੀਂ ਹੁੰਦਾ, ਜਿਸ ਕਾਰਨ ਇਨ੍ਹਾਂ ਦੀ ਸਿਖਲਾਈ ਦੌਰਾਨ ਅਸਫਲਤਾ ਦੀ ਦਰ ਬਹੁਤ ਜ਼ਿਆਦਾ ਹੁੰਦੀ ਹੈ । ਦੱਸਿਆ ਜਾਂਦਾ ਹੈ ਕਿ ਸਿਖਲਾਈ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਵਿੱਚੋਂ ਸਿਰਫ਼ 10 ਤੋਂ 50 ਫ਼ੀਸਦੀ ਹੀ ਸਫ਼ਲਤਾਪੂਰਵਕ ਗ੍ਰੈਜੂਏਟ ਹੋ ਪਾਉਂਦੇ ਹਨ।

ਨੈਵ ਕੈਨੇਡਾ ਨੇ ਆਪਣੀ ਬਚਾਅ ਰਣਨੀਤੀ ਬਾਰੇ ਦੱਸਦਿਆਂ ਕਿਹਾ ਕਿ ਉਹ ਇਸ ਘਾਟ ਨੂੰ ਪੂਰਾ ਕਰਨ ਲਈ ਕਈ ਸਾਲਾਂ ਦੀ ਯੋਜਨਾ 'ਤੇ ਕੰਮ ਕਰ ਰਹੇ ਹਨ । ਸਾਲ 2023 ਤੋਂ ਹੁਣ ਤੱਕ 600 ਤੋਂ ਵੱਧ ਹਵਾਈ ਮਾਹਰਾਂ ਨੂੰ ਲਾਇਸੰਸ ਦਿੱਤੇ ਗਏ ਹਨ, ਜਿਨ੍ਹਾਂ ਵਿੱਚ 300 ਕੰਟਰੋਲਰ ਸ਼ਾਮਲ ਹਨ । ਸਾਲ 2025 ਵਿੱਚ ਸੰਸਥਾ ਨੂੰ ਲਗਭਗ 49,000 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ 500 ਵਿਦਿਆਰਥੀਆਂ ਨੂੰ ਸਿਖਲਾਈ ਲਈ ਚੁਣਿਆ ਗਿਆ ਹੈ । ਸੰਸਥਾ ਦਾ ਦਾਅਵਾ ਹੈ ਕਿ ਸਟਾਫ਼ ਦੀ ਭਰਤੀ ਦੀ ਦਰ ਸੇਵਾਮੁਕਤ ਹੋਣ ਵਾਲੇ ਮੁਲਾਜ਼ਮਾਂ ਦੀ ਦਰ ਨਾਲੋਂ 26 ਫ਼ੀਸਦੀ ਜ਼ਿਆਦਾ ਹੈ । ਹਾਲਾਂਕਿ, ਇਹ ਵੀ ਇੱਕ ਚੁਣੌਤੀ ਹੈ ਕਿ ਕਈ ਸਿਖਲਾਈ ਪ੍ਰਾਪਤ ਕੰਟਰੋਲਰ ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਬਿਹਤਰ ਮੌਕਿਆਂ ਲਈ ਚਲੇ ਜਾਂਦੇ ਹਨ।

ਕੈਨੇਡਾ ਵਿੱਚ ਇੱਕ ਪੂਰੀ ਤਰ੍ਹਾਂ ਪ੍ਰਮਾਣਿਤ ਕੰਟਰੋਲਰ ਦੀ ਸਾਲਾਨਾ ਤਨਖਾਹ 200,000 ਡਾਲਰ ਤੋਂ ਵੀ ਵੱਧ ਹੋ ਸਕਦੀ ਹੈ, ਜਦਕਿ ਸਿਖਲਾਈ ਅਧੀਨ ਵਿਦਿਆਰਥੀ 60,000 ਡਾਲਰ ਦੇ ਕਰੀਬ ਕਮਾਉਂਦੇ ਹਨ । ਕੰਮ ਦੇ ਉੱਨਤ ਉਪਕਰਣ ਅਤੇ ਉੱਚੀਆਂ ਤਨਖਾਹਾਂ ਦੇ ਬਾਵਜੂਦ, ਕੰਟਰੋਲਰਾਂ ਦੀ ਘਾਟ ਹਵਾਈ ਖੇਤਰ ਵਿੱਚ ਇੱਕ ਗੰਭੀਰ ਚੁਣੌਤੀ ਬਣੀ ਹੋਈ ਹੈ । ਏਅਰ ਟ੍ਰੈਫਿਕ ਕੰਟਰੋਲਰਾਂ ਦੀ ਯੂਨੀਅਨ ਨੇ ਇਸ ਸਮੇਂ ਕਿਸੇ ਵੀ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਮਨ੍ਹਾਂ ਕਰ ਦਿੱਤਾ ਹੈ । ਯੂਨੀਅਨ ਨੇ ਕਿਹਾ ਕਿ ਐਤਵਾਰ ਨੂੰ ਹੋਏ ਹਾਦਸੇ ਦੀ ਜਾਂਚ ਜਾਰੀ ਹੈ ਅਤੇ ਇਸ ਸਮੇਂ ਕਿਸੇ ਵੀ ਤਰ੍ਹਾਂ ਦੀ ਅਟਕਲਬਾਜ਼ੀ ਜਾਂਚ ਦੀ ਨਿਰਪੱਖਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ । ਪੂਰੇ ਦੇਸ਼ ਦੇ ਹਵਾਈ ਮੁਸਾਫ਼ਰਾਂ ਨੂੰ ਇਹ ਭਰੋਸਾ ਦਿੱਤਾ ਗਿਆ ਹੈ ਕਿ ਸੁਰੱਖਿਆ ਦੇ ਮਿਆਰਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਸਟਾਫ਼ ਦੀ ਘਾਟ ਨੂੰ ਜਲਦੀ ਹੱਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। This report was written by Divroop Kaur as part of the Local Journalism Initiative.

# ਐਬਟਸਫੋਰਡ ਦੇ ਬੇਘਰ ਕੈਂਪ ਵਿੱਚ ਹੋਈ ਗੋਲੀਬਾਰੀ, 69 ਸਾਲਾ ਬਜ਼ੁਰਗ ਦੀ ਮੌਤ

ਐਬਟਸਫੋਰਡ (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੇ ਐਬਟਸਫੋਰਡ ਸ਼ਹਿਰ ਵਿੱਚ ਇੱਕ ਵਾਰ ਫਿਰ ਗੋਲੀਬਾਰੀ ਦੀ ਮੰਦਭਾਗੀ ਘਟਨਾ ਸਾਹਮਣੇ ਆਈ ਹੈ। ਸੋਮਵਾਰ ਰਾਤ ਨੂੰ ਵਾਟਕਮ ਰੋਡ ਅਤੇ ਹਾਈਵੇਅ 1 ਦੇ ਨੇੜੇ ਸਥਿਤ ਇੱਕ ਵੱਡੇ ਬੇਘਰ ਕੈਂਪ ਵਿੱਚ ਹੋਈ ਗੋਲੀਬਾਰੀ ਦੌਰਾਨ ਇੱਕ 69 ਸਾਲਾ ਬਜ਼ੁਰਗ ਦੀ ਮੌਤ ਹੋ ਗਈ ਹੈ। ਐਬਟਸਫੋਰਡ ਪੁਲਿਸ ਵਿਭਾਗ ਦੇ ਮੀਡੀਆ ਅਧਿਕਾਰੀ ਸਾਰਜੈਂਟ ਪਾਲ ਵਾਕਰ ਨੇ ਦੱਸਿਆ ਕਿ ਪੁਲਿਸ ਨੂੰ ਰਾਤ ਲਗਭਗ 11:11 ਵਜੇ ਵਾਟਕਮ ਰੋਡ 'ਤੇ ਸਥਿਤ ਪਾਰਕ-ਐਂਡ-ਰਾਈਡ ਖੇਤਰ ਵਿੱਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਸੂਚਨਾ ਮਿਲਦੇ ਹੀ ਪੁਲਿਸ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਜਿੱਥੇ ਉਨ੍ਹਾਂ ਨੂੰ ਇੱਕ ਬਜ਼ੁਰਗ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਉਸ ਨੇ ਦਮ ਤੋੜ ਦਿੱਤਾ।

ਪੁਲਿਸ ਅਨੁਸਾਰ ਇਹ ਘਟਨਾ ਇੱਕ ਸੋਚੀ-ਸਮਝੀ ਸਾਜ਼ਿਸ਼ ਜਾਂ ਨਿਸ਼ਾਨਾ ਬਣਾ ਕੇ ਕੀਤੀ ਗਈ ਵਾਰਦਾਤ ਜਾਪਦੀ ਹੈ। ਸਾਰਜੈਂਟ ਪਾਲ ਵਾਕਰ ਨੇ ਜਾਣਕਾਰੀ ਦਿੱਤੀ ਕਿ ਜਾਂਚ ਅਜੇ ਆਪਣੇ ਸ਼ੁਰੂਆਤੀ ਪੜਾਅ ਵਿੱਚ ਹੈ ਅਤੇ ਪੂਰੇ ਹਾਲਾਤਾਂ ਦਾ ਪਤਾ ਲਗਾਉਣ ਲਈ ਵਾਧੂ ਸਰੋਤ ਤਾਇਨਾਤ ਕੀਤੇ ਗਏ ਹਨ। ਫਿਲਹਾਲ ਇਸ ਮਾਮਲੇ ਵਿੱਚ ਕੋਈ ਗ੍ਰਿਫ਼ਤਾਰੀ ਨਹੀਂ



ਹੋਈ ਹੈ। ਜਿਸ ਥਾਂ 'ਤੇ ਇਹ ਗੋਲੀਬਾਰੀ ਹੋਈ ਹੈ ਉਹ ਸੂਬਾਈ ਸਰਕਾਰ ਦੀ ਜ਼ਮੀਨ ਹੈ ਅਤੇ ਇਹ ਐਬਟਸਫੋਰਡ ਦੇ ਉਨ੍ਹਾਂ ਕਈ ਇਲਾਕਿਆਂ ਵਿੱਚੋਂ ਇੱਕ ਹੈ ਜਿੱਥੇ ਬੇਘਰ ਲੋਕਾਂ ਨੇ ਆਪਣੇ ਕੈਂਪ ਸਥਾਪਤ ਕੀਤੇ ਹੋਏ ਹਨ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ।

ਇਸ ਕਤਲ ਕੇਸ ਦੀ ਜਾਂਚ ਹੁਣ 'ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ' (IHIT) ਵੱਲੋਂ ਕੀਤੀ ਜਾ ਰਹੀ ਹੈ। ਆਈ.ਐੱਚ.ਆਈ.ਟੀ. ਦੀ ਸਾਰਜੈਂਟ ਫਰੇਡਾ ਫੌਂਗ ਨੇ ਦੱਸਿਆ ਕਿ ਮ੍ਰਿਤਕ ਬਜ਼ੁਰਗ ਉਸੇ ਕੈਂਪ ਦਾ ਨਿਵਾਸੀ ਸੀ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਇਹ ਘਟਨਾ ਕਿਸੇ ਗੈਂਗ ਗਤੀਵਿਧੀ ਜਾਂ ਜਬਰੀ ਵਸੂਲੀ ਦੇ ਮਾਮਲਿਆਂ ਨਾਲ ਸਬੰਧਤ ਨਹੀਂ ਹੈ। ਉਨ੍ਹਾਂ ਨੇ ਐਬਟਸਫੋਰਡ ਪੁਲਿਸ ਦੀ ਤੁਰੰਤ ਕਾਰਵਾਈ ਦੀ ਸ਼ਲਾਘਾ ਕੀਤੀ ਜਿਸ ਕਾਰਨ ਅਪਰਾਧ ਵਾਲੀ ਥਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲੀ। ਸਾਰਜੈਂਟ ਫੌਂਗ ਅਨੁਸਾਰ ਅਜਿਹੇ ਅਪਰਾਧ ਵਾਲੇ ਸਥਾਨਾਂ ਦੀ ਜਾਂਚ ਕਰਨਾ ਕਾਫ਼ੀ ਗੁੰਝਲਦਾਰ ਹੁੰਦਾ ਹੈ ਕਿਉਂਕਿ ਇਹ ਖੁੱਲ੍ਹੇ ਆਸਮਾਨ ਹੇਠ ਹੁੰਦੇ ਹਨ ਅਤੇ ਮੌਸਮ ਦੇ ਬਦਲਾਅ ਕਾਰਨ ਸਬੂਤਾਂ ਨੂੰ ਸੰਭਾਲਣਾ ਇੱਕ ਚੁਣੌਤੀ ਬਣ ਜਾਂਦਾ ਹੈ।

ਐਬਟਸਫੋਰਡ ਵਿੱਚ ਇਸ ਸਾਲ ਇਹ ਕਤਲ ਦੀ ਤੀਜੀ ਵੱਡੀ ਵਾਰਦਾਤ ਹੈ। ਇਸ ਤੋਂ ਪਹਿਲਾਂ 9 ਜਨਵਰੀ ਨੂੰ ਸਿਸਕਿਨ ਡਰਾਈਵ ਸਥਿਤ ਇੱਕ ਘਰ ਵਿੱਚ 28 ਸਾਲਾ ਨਵਪ੍ਰੀਤ ਧਾਲੀਵਾਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਦੂਜੀ ਘਟਨਾ 15 ਜਨਵਰੀ ਨੂੰ ਵਾਪਰੀ ਸੀ ਜਦੋਂ ਮਾਰਸ਼ਲ ਰੋਡ 'ਤੇ ਸਥਿਤ 'ਬੈਸਟ ਵੈਸਟਰਨ' ਹੋਟਲ ਵਿੱਚ ਇੱਕ 30 ਸਾਲਾ ਮਹਿਲਾ ਦੀ ਲਾਸ਼ ਮਿਲੀ ਸੀ। ਉਸ ਮਾਮਲੇ ਵਿੱਚ 26 ਸਾਲਾ ਸੰਦੀਪ ਗਿੱਲ ਵਿਰੁੱਧ ਕਤਲ ਅਤੇ ਮਨੁੱਖੀ ਅਵਸ਼ੇਸ਼ਾਂ ਦੀ ਬੇਅਦਬੀ ਦੇ ਦੋਸ਼ ਆਇਦ ਕੀਤੇ ਗਏ ਹਨ। ਹੁਣ ਮਾਰਚ ਮਹੀਨੇ ਵਿੱਚ ਹੋਈ ਇਸ ਤੀਜੀ ਵਾਰਦਾਤ ਨੇ ਸ਼ਹਿਰ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਮੁੜ ਸਵਾਲ ਖੜ੍ਹੇ ਕਰ ਦਿੱਤੇ ਹਨ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਟੀਮਾਂ ਆਉਣ ਵਾਲੇ ਕੁਝ ਸਮੇਂ ਤੱਕ ਇਲਾਕੇ ਵਿੱਚ ਮੌਜੂਦ ਰਹਿਣਗੀਆਂ ਅਤੇ ਗਵਾਹਾਂ ਨਾਲ ਗੱਲਬਾਤ ਕਰਨ ਦੇ ਨਾਲ-ਨਾਲ ਹੋਰ ਸਬੂਤ ਇਕੱਠੇ ਕੀਤੇ ਜਾਣਗੇ। ਆਈ.ਐੱਚ.ਆਈ.ਟੀ. ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਘਟਨਾ ਬਾਰੇ ਕੋਈ ਜਾਣਕਾਰੀ ਹੈ ਤਾਂ ਉਹ ਤੁਰੰਤ ਉਨ੍ਹਾਂ ਦੀ ਇਨਫੋ-ਲਾਈਨ 1-877-551-4448 'ਤੇ ਸੰਪਰਕ ਕਰੇ। ਪੁਲਿਸ ਨੇ ਭਰੋਸਾ ਦਿੱਤਾ ਹੈ ਕਿ ਮੁਲਜ਼ਮਾਂ ਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ। ਇਸ ਦੌਰਾਨ ਬੇਘਰ ਕੈਂਪਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਵੀ ਨਵੀਂ ਰਣਨੀਤੀ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਅਜਿਹੀਆਂ ਹਿੰਸਕ ਘਟਨਾਵਾਂ ਨੂੰ ਭਵਿੱਖ ਵਿੱਚ ਰੋਕਿਆ ਜਾ ਸਕੇ। This report was written by Divroop Kaur as part of the Local Journalism Initiative.

# ਫੋਰਡ ਸਰਕਾਰ ਵੱਲੋਂ ਨਵੇਂ ਘਰਾਂ 'ਤੇ ਐਚ.ਐਸ.ਟੀ. (HST) ਮੁਆਫ਼ ਕਰਨ ਦੀ ਤਿਆਰੀ

ਟਰਾਂਟੋ, (ਦਿਵਰੂਪ ਕੌਰ): ਓਂਟਾਰੀਓ ਵਿੱਚ ਘਰ ਖਰੀਦਣ ਦੀ ਯੋਜਨਾ ਬਣਾ ਰਹੇ ਲੋਕਾਂ ਲਈ ਇੱਕ ਬਹੁਤ ਹੀ ਅਹਿਮ ਅਤੇ ਰਾਹਤ ਭਰੀ ਖ਼ਬਰ ਸਾਹਮਣੇ ਆ ਰਹੀ ਹੈ। ਫੋਰਡ ਸਰਕਾਰ ਸੂਬੇ ਦੇ ਸੁਸਤ ਪਏ ਰੀਅਲ ਅਸਟੇਟ ਖੇਤਰ ਨੂੰ ਮੁੜ ਸੁਰਜੀਤ ਕਰਨ ਲਈ ਨਵੇਂ ਬਣੇ ਘਰਾਂ 'ਤੇ ਟੈਕਸ ਵਿੱਚ ਭਾਰੀ ਕਟੌਤੀ ਕਰਨ ਦੀ ਤਿਆਰੀ ਕਰ ਰਹੀ ਹੈ। ਸੂਬੇ ਦੇ ਵਿੱਤ ਮੰਤਰੀ ਪੀਟਰ ਬੈਥਲਨਫਾਲਵੀ ਵੱਲੋਂ ਆਪਣੇ ਆਉਣ ਵਾਲੇ ਬਸੰਤ ਬਜਟ ਵਿੱਚ ਇਹ ਐਲਾਨ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ ਕਿ ਨਵੇਂ ਬਣੇ ਘਰਾਂ ਦੀ ਖਰੀਦ 'ਤੇ ਲੱਗਣ ਵਾਲੇ ਹਰਮੋਨਾਈਜ਼ਡ ਸੇਲਜ਼ ਟੈਕਸ (HST) ਦੇ ਸੂਬਾਈ ਹਿੱਸੇ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਜਾਵੇਗਾ। ਇਹ ਕਦਮ ਸਰਕਾਰ ਦੀ ਉਸ ਨੀਤੀ ਵਿੱਚ ਇੱਕ ਬਹੁਤ ਵੱਡੀ ਤਬਦੀਲੀ ਮੰਨਿਆ ਜਾ ਰਿਹਾ ਹੈ ਜੋ ਸਿਰਫ਼ ਕੁਝ ਮਹੀਨੇ ਪਹਿਲਾਂ ਹੀ ਪੇਸ਼ ਕੀਤੀ ਗਈ ਸੀ। ਇਸ ਨਵੇਂ ਫੈਸਲੇ ਦਾ ਮੁੱਖ ਮਕਸਦ ਓਂਟਾਰੀਓ ਵਿੱਚ ਘਰਾਂ ਦੀ ਵਿਕਰੀ ਨੂੰ ਵਧਾਉਣਾ ਅਤੇ ਉਸਾਰੀ ਉਦਯੋਗ ਨੂੰ ਮੁੜ ਤੋਂ ਪੈਰਾਂ 'ਤੇ ਖੜ੍ਹਾ ਕਰਨਾ ਹੈ।

ਸਰਕਾਰ ਦੀ ਪਹਿਲੀ ਯੋਜਨਾ, ਜੋ ਪਿਛਲੇ ਸਾਲ ਪੇਸ਼ ਕੀਤੀ ਗਈ ਸੀ, ਵਿੱਚ ਤਿੰਨ ਸਾਲਾਂ ਦੌਰਾਨ 470 ਮਿਲੀਅਨ ਡਾਲਰ ਨਿਰਧਾਰਤ ਕੀਤੇ ਗਏ ਸਨ ਤਾਂ ਜੋ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਟੈਕਸ ਵਿੱਚ ਰਾਹਤ ਦਿੱਤੀ ਜਾ ਸਕੇ। ਇਹ ਫੈਸਲਾ ਫੈਡਰਲ




ਸਰਕਾਰ ਵੱਲੋਂ ਕੀਤੇ ਗਏ ਇਸੇ ਤਰ੍ਹਾਂ ਦੇ ਐਲਾਨ ਤੋਂ ਤੁਰੰਤ ਬਾਅਦ ਲਿਆ ਗਿਆ ਸੀ, ਜਿਸ ਨਾਲ ਪਹਿਲੀ ਵਾਰ ਘਰ ਖਰੀਦਣ ਵਾਲੇ ਲੋਕ 1 ਮਿਲੀਅਨ ਡਾਲਰ ਤੋਂ ਘੱਟ ਕੀਮਤ ਵਾਲੇ ਘਰਾਂ 'ਤੇ 1,30,000 ਡਾਲਰ ਤੱਕ ਦੀ ਬਚਤ ਕਰ ਸਕਦੇ ਸਨ। ਹਾਲਾਂਕਿ, ਇਹ ਪੁਰਾਣੀ ਨੀਤੀ ਬਾਜ਼ਾਰ ਵਿੱਚ ਲੋੜੀਂਦੀ ਤੇਜ਼ੀ ਲਿਆਉਣ ਵਿੱਚ ਅਸਫ਼ਲ ਰਹੀ, ਜਿਸ ਕਾਰਨ ਸਰਕਾਰ ਨੂੰ ਹੁਣ ਆਪਣੀ ਰਣਨੀਤੀ 'ਤੇ ਮੁੜ ਵਿਚਾਰ ਕਰਨ ਲਈ ਮਜਬੂਰ ਹੋਣਾ ਪਿਆ ਹੈ। ਨਵੀਂ ਤਬਦੀਲੀ ਦਾ ਮਕਸਦ ਇਸ ਟੈਕਸ ਛੋਟ ਦਾ ਘੇਰਾ ਵਧਾਉਣਾ ਹੈ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਦਾ ਫਾਇਦਾ ਉਠਾ ਸਕਣ ਅਤੇ ਘਰਾਂ ਦੀ ਮੰਗ ਵਿੱਚ ਵਾਧਾ ਹੋ ਸਕੇ।

ਅੰਦਰੂਨੀ ਸੂਤਰਾਂ ਅਨੁਸਾਰ, ਇਸ ਨਵੀਂ ਨੀਤੀ ਦੇ ਵੇਰਵਿਆਂ ਨੂੰ ਲੈ ਕੇ ਸਰਕਾਰ ਦੇ ਅੰਦਰ ਕਾਫ਼ੀ ਜੱਦੋ-ਜਹਿਦ ਚੱਲ ਰਹੀ ਸੀ। ਜਿੱਥੇ ਪ੍ਰੀਮੀਅਰ ਡੱਗ ਫੋਰਡ ਚਾਹੁੰਦੇ ਸਨ ਕਿ ਇਹ ਟੈਕਸ ਛੋਟ ਤਿੰਨ ਸਾਲਾਂ ਲਈ ਲਾਗੂ ਰਹੇ, ਉੱਥੇ ਹੀ ਸਰਕਾਰ ਦੇ ਹੋਰਨਾਂ ਮੈਂਬਰਾਂ ਨੂੰ ਇਹ ਚਿੰਤਾ ਸੀ ਕਿ ਲੰਬੇ ਸਮੇਂ ਦੀ ਛੋਟ ਕਾਰਨ ਖਰੀਦਦਾਰ ਆਪਣਾ ਫੈਸਲਾ ਟਾਲ ਸਕਦੇ ਹਨ। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਖਰੀਦਦਾਰਾਂ ਨੂੰ ਪਤਾ ਹੋਵੇਗਾ ਕਿ ਇਹ ਛੋਟ ਤਿੰਨ ਸਾਲ ਚੱਲਣੀ ਹੈ, ਤਾਂ ਉਹ ਤੁਰੰਤ ਘਰ ਖਰੀਦਣ ਦੀ ਬਜਾਏ ਇੰਤਜ਼ਾਰ ਕਰਨਾ ਪਸੰਦ ਕਰਨਗੇ, ਜਿਸ ਨਾਲ ਮਾਰਕੀਟ ਵਿੱਚ ਲੋੜੀਂਦੀ ਹਲਚਲ ਪੈਦਾ ਨਹੀਂ ਹੋਵੇਗੀ। ਇਸੇ ਕਾਰਨ ਹੁਣ ਸਰਕਾਰ ਇਸ ਛੋਟ ਨੂੰ ਸਿਰਫ਼ ਇੱਕ ਸਾਲ ਲਈ ਲਾਗੂ ਕਰਨ ਦਾ ਮਨ ਬਣਾ ਚੁੱਕੀ ਹੈ ਤਾਂ ਜੋ ਬਾਜ਼ਾਰ ਵਿੱਚ ਤੁਰੰਤ ਅਤੇ ਭਾਰੀ ਮੰਗ ਪੈਦਾ ਕੀਤੀ ਜਾ ਸਕੇ।

ਇਸ ਨਵੀਂ ਨੀਤੀ ਤਹਿਤ ਸਿਰਫ਼ ਪਹਿਲੀ ਵਾਰ ਘਰ ਖਰੀਦਣ ਵਾਲੇ ਹੀ ਨਹੀਂ, ਸਗੋਂ ਹਰ ਉਹ ਵਿਅਕਤੀ ਜੋ ਨਵਾਂ ਘਰ ਖਰੀਦ ਰਿਹਾ ਹੈ, ਐਚ.ਐਸ.ਟੀ. ਦੇ ਸੂਬਾਈ ਹਿੱਸੇ ਦੀ ਛੋਟ ਦਾ ਹੱਕਦਾਰ ਹੋਵੇਗਾ। ਮੌਜੂਦਾ ਸਮੇਂ ਓਂਟਾਰੀਓ ਦੀ ਹਾਊਸਿੰਗ ਮਾਰਕੀਟ ਵਿਕਰੀ ਵਿੱਚ ਆਈ ਭਾਰੀ ਗਿਰਾਵਟ ਕਾਰਨ ਕਾਫ਼ੀ ਦਬਾਅ ਹੇਠ ਹੈ। ਉੱਚੀਆਂ ਵਿਆਜ ਦਰਾਂ ਅਤੇ ਵਧਦੀਆਂ ਕੀਮਤਾਂ ਨੇ ਆਮ ਲੋਕਾਂ ਲਈ ਘਰ ਖਰੀਦਣਾ ਲਗਭਗ ਅਸੰਭਵ ਬਣਾ ਦਿੱਤਾ ਹੈ। ਅਜਿਹੇ ਵਿੱਚ ਇੱਕ ਸਾਲ ਲਈ ਦਿੱਤੀ ਜਾਣ ਵਾਲੀ ਇਹ ਟੈਕਸ ਛੋਟ ਇੱਕ ਵਿਸ਼ੇਸ਼ ਮੌਕੇ ਵਾਂਗ ਕੰਮ ਕਰ ਸਕਦੀ ਹੈ, ਜੋ ਖਰੀਦਦਾਰਾਂ ਨੂੰ ਤੁਰੰਤ ਫੈਸਲਾ ਲੈਣ ਲਈ ਉਤਸ਼ਾਹਿਤ ਕਰੇਗੀ। ਉਸਾਰੀ ਉਦਯੋਗ ਦੇ ਮਾਹਰਾਂ ਦਾ ਮੰਨਣਾ ਹੈ ਕਿ ਜੇਕਰ ਇਹ ਨੀਤੀ ਸਹੀ ਤਰੀਕੇ ਨਾਲ ਲਾਗੂ ਹੁੰਦੀ ਹੈ, ਤਾਂ ਇਸ ਨਾਲ ਨਾ ਸਿਰਫ਼ ਘਰਾਂ ਦੀ ਵਿਕਰੀ ਵਧੇਗੀ, ਸਗੋਂ ਉਸਾਰੀ ਖੇਤਰ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ। ਸਰਕਾਰ ਨੂੰ ਉਮੀਦ ਹੈ ਕਿ ਇਸ ਨਾਲ ਸੂਬੇ ਦੀ ਆਰਥਿਕਤਾ ਨੂੰ ਵੀ ਹੁਲਾਰਾ ਮਿਲੇਗਾ ਅਤੇ ਰਿਹਾਇਸ਼ੀ ਸੰਕਟ ਨੂੰ ਕੁਝ ਹੱਦ ਤੱਕ ਘੱਟ ਕੀਤਾ ਜਾ ਸਕੇਗਾ। This report was written by Divroop Kaur as part of the Local Journalism Initiative.

# ਛੇ ਮਹੀਨਿਆਂ 'ਚ ਮਿੱਥੇ ਟੀਚੇ ਦੇ ਕਰੀਬ ਪਹੁੰਚਿਆ ਵਰਨਨ : ਹਾਊਸਿੰਗ ਮੰਤਰੀ ਕ੍ਰਿਸਟੀਨ ਬੋਇਲ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੀ ਹਾਊਸਿੰਗ ਮੰਤਰੀ ਕ੍ਰਿਸਟੀਨ ਬੋਇਲ ਨੇ ਇਸ ਹਫ਼ਤੇ ਵਰਨਨ ਸ਼ਹਿਰ ਦਾ ਵਿਸ਼ੇਸ਼ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਸੂਬਾਈ ਰਿਹਾਇਸ਼ੀ ਰਣਨੀਤੀ ਦੀ ਸਫ਼ਲਤਾ ਦਾ ਜਾਇਜ਼ਾ ਲਿਆ। ਮੰਤਰੀ ਬੋਇਲ ਨੇ ਵਰਨਨ-ਲੰਬੀ ਦੀ ਵਿਧਾਇਕਾ ਹਰਵਿੰਦਰ ਸੰਧੂ ਨਾਲ ਮਿਲ ਕੇ ਸ਼ੂਬਰਟ ਸੈਂਟਰ ਵਿਖੇ ਸਥਾਨਕ ਨਿਵਾਸੀਆਂ ਅਤੇ ਮੇਅਰ ਵਿਕਟਰ ਕਮਿੰਗ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਵਰਨਨ ਵਿੱਚ ਨਵੇਂ ਮਕਾਨਾਂ ਦੀ ਉਸਾਰੀ ਤੇਜ਼ੀ ਨਾਲ ਹੋ ਰਹੀ ਹੈ, ਜੋ ਕਿ ਸੂਬਾ ਸਰਕਾਰ ਦੀਆਂ ਨੀਤੀਆਂ ਦਾ ਇੱਕ ਸਕਾਰਾਤਮਕ ਨਤੀਜਾ ਹੈ।

ਵਰਨਨ ਸ਼ਹਿਰ ਨੇ ਰਿਹਾਇਸ਼ੀ ਟੀਚਿਆਂ ਨੂੰ ਪੂਰਾ ਕਰਨ ਵਿੱਚ ਸ਼ਾਨਦਾਰ ਪ੍ਰਗਤੀ ਦਿਖਾਈ ਹੈ। ਸਿਟੀ ਕੌਂਸਲ ਦੀ ਮੀਟਿੰਗ ਦੌਰਾਨ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ, ਪਿਛਲੇ ਛੇ ਮਹੀਨਿਆਂ ਵਿੱਚ ਸ਼ਹਿਰ ਨੇ 258 ਨਵੇਂ ਰਿਹਾਇਸ਼ੀ ਯੂਨਿਟ ਤਿਆਰ ਕੀਤੇ ਹਨ।



ਇਹ ਅੰਕੜਾ ਪਹਿਲੇ ਸਾਲ ਲਈ ਮਿੱਥੇ ਗਏ ਟੀਚੇ ਦਾ 93 ਫੀਸਦੀ ਬਣਦਾ ਹੈ, ਜੋ ਕਿ ਉਮੀਦ ਤੋਂ ਕਿਤੇ ਜ਼ਿਆਦਾ ਹੈ। ਮੇਅਰ ਕਮਿੰਗ ਨੇ ਦੱਸਿਆ ਕਿ ਸ਼ਹਿਰ ਵਿੱਚ 'ਇਨਫਿਲ ਹਾਊਸਿੰਗ' ਨੀਤੀ ਬਹੁਤ ਕਾਰਗਰ ਸਾਬਤ ਹੋ ਰਹੀ ਹੈ, ਜਿਸ ਤਹਿਤ ਪੁਰਾਣੇ ਛੋਟੇ ਘਰਾਂ ਦੀ ਥਾਂ ਇੱਕੋ ਪਲਾਟ 'ਤੇ ਤਿੰਨ ਜਾਂ ਚਾਰ ਨਵੇਂ ਯੂਨਿਟ ਬਣਾਏ ਜਾ ਰਹੇ ਹਨ।

ਮੰਤਰੀ ਬੋਇਲ ਨੇ ਚਾਰ ਤੋਂ ਛੇ ਯੂਨਿਟ ਪ੍ਰਤੀ ਪਲਾਟ ਵਾਲੀ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਮੌਜੂਦਾ ਬੁਨਿਆਦੀ ਢਾਂਚੇ ਦੀ ਵਰਤੋਂ ਕਰਦਿਆਂ ਕਿਫਾਇਤੀ ਘਰ ਮੁਹੱਈਆ ਕਰਵਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਹਾਲਾਂਕਿ, ਸ਼ਹਿਰ ਵਿੱਚ ਕੁਝ ਵਿਵਾਦਪੂਰਨ ਪ੍ਰੋਜੈਕਟਾਂ, ਜਿਵੇਂ ਕਿ '580 ਕਾਮੋਨੇਜ' ਵਿਕਾਸ ਦਾ ਲੋਕਾਂ ਵੱਲੋਂ ਵਿਰੋਧ ਵੀ ਕੀਤਾ ਜਾ ਰਿਹਾ ਹੈ। ਮੰਤਰੀ ਬੋਇਲ ਅਤੇ ਵਿਧਾਇਕਾ ਸੰਧੂ ਨੇ ਸਪੱਸ਼ਟ ਕੀਤਾ ਕਿ ਅਜਿਹੇ ਸਥਾਨਕ ਫੈਸਲਿਆਂ ਵਿੱਚ ਸੂਬਾ ਸਰਕਾਰ ਦਖ਼ਲ ਨਹੀਂ ਦੇਵੇਗੀ ਅਤੇ ਉਹ ਨਗਰ ਨਿਗਮ ਦੀ ਅਗਵਾਈ ਅਤੇ ਫੈਸਲਿਆਂ ਦਾ ਪੂਰਾ ਸਤਿਕਾਰ ਕਰਦੇ ਹਨ। This report was written by Divroop Kaur as part of the Local Journalism Initiative.

# ਕੈਨੇਡਾ ਵਿੱਚ ਪੈਨਸ਼ਨ ਨਿਯਮਾਂ 'ਚ ਬਦਲਾਅ ਦੀ ਤਿਆਰੀ, 73% ਲੋਕਾਂ ਨੇ ਕੀਤਾ ਸਮਰਥਨ

## ਅਮੀਰ ਬਜ਼ੁਰਗਾਂ ਦੀ ਪੈਨਸ਼ਨ 'ਚ ਕਟੌਤੀ ਕਰ ਕੇ ਨੌਜਵਾਨਾਂ ਦੀ ਮਦਦ ਕਰਨ ਦੀ ਮੰਗ

ਸਰੀ, (ਦਿਵਰੂਪ ਕੌਰ): ਕੈਨੇਡਾ ਵਿੱਚ ਵਧ ਰਹੇ ਫੈਡਰਲ ਬਜਟ ਘਾਟੇ ਨੂੰ ਘਟਾਉਣ ਲਈ 'ਓਲਡ ਏਜ ਸਿਕਿਓਰਿਟੀ' (OAS) ਪ੍ਰਣਾਲੀ ਵਿੱਚ ਵੱਡੀ ਤਬਦੀਲੀ ਕਰਨ ਦੀ ਮੰਗ ਤੇਜ਼ ਹੁੰਦੀ ਜਾ ਰਹੀ ਹੈ । ਇੱਕ ਤਾਜ਼ਾ ਸਰਵੇਖਣ ਅਨੁਸਾਰ, ਬਹੁਤ ਸਾਰੇ ਕੈਨੇਡੀਅਨ ਹੁਣ ਉੱਚ ਆਮਦਨ ਵਾਲੇ ਬਜ਼ੁਰਗਾਂ ਲਈ ਪੈਨਸ਼ਨ ਦੀ ਸੀਮਾ ਘਟਾਉਣ ਦੇ ਪੱਖ ਵਿੱਚ ਨਜ਼ਰ ਆ ਰਹੇ ਹਨ । 'ਜਨਰੇਸ਼ਨ ਸਕਵੀਜ਼' (Generation Squeeze) ਨਾਮਕ ਥਿੰਕ ਟੈਂਕ ਵੱਲੋਂ ਕਰਵਾਏ ਗਏ ਇੱਕ ਖੋਜ ਪੋਲ ਵਿੱਚ ਸਾਹਮਣੇ ਆਇਆ ਹੈ ਕਿ 73 ਫੀਸਦੀ ਕੈਨੇਡੀਅਨ ਅਜਿਹੇ ਕਦਮ ਦਾ ਸਮਰਥਨ ਕਰਦੇ ਹਨ ਜਿਸ ਨਾਲ ਉੱਚ ਆਮਦਨ ਵਾਲੀ ਸ਼੍ਰੇਣੀ ਦੇ ਬਜ਼ੁਰਗਾਂ ਨੂੰ ਮਿਲਣ ਵਾਲੇ ਲਾਭਾਂ ਵਿੱਚ ਕਟੌਤੀ ਕੀਤੀ ਜਾ ਸਕੇ । ਇਹ ਪ੍ਰਸਤਾਵ ਅਜਿਹੇ ਸਮੇਂ ਵਿੱਚ ਆਇਆ ਹੈ ਜਦੋਂ ਦੇਸ਼ ਦਾ ਫੈਡਰਲ ਬਜਟ ਘਾਟਾ ਲਗਭਗ 78 ਬਿਲੀਅਨ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਹੈ ਅਤੇ ਸਰਕਾਰ 'ਤੇ ਖਰਚੇ ਘਟਾਉਣ ਦਾ ਭਾਰੀ ਦਬਾਅ ਹੈ।

ਸਰਵੇਖਣ ਦੇ ਅੰਕੜਿਆਂ ਮੁਤਾਬਕ, ਭਾਵੇਂ ਤਿੰਨ-ਚੌਥਾਈ ਦੇ ਕਰੀਬ ਲੋਕ ਇਸ ਬਦਲਾਅ ਲਈ ਸਹਿਮਤ ਹਨ, ਪਰ ਉਨ੍ਹਾਂ ਨੇ ਇਸ ਲਈ ਇੱਕ ਅਹਿਮ ਸ਼ਰਤ ਰੱਖੀ ਹੈ । ਲੋਕਾਂ ਦਾ ਮੰਨਣਾ ਹੈ ਕਿ ਇਸ ਕਟੌਤੀ ਤੋਂ ਹੋਣ ਵਾਲੀ ਬਚਤ ਦੀ ਵਰਤੋਂ ਸਿਰਫ਼ ਬਜ਼ੁਰਗਾਂ ਦੀ ਗਰੀਬੀ ਦੂਰ ਕਰਨ ਅਤੇ ਨੌਜਵਾਨ ਪੀੜ੍ਹੀ ਲਈ ਰਹਿਣ-ਸਹਿਣ ਦੇ ਖਰਚੇ ਘਟਾਉਣ ਲਈ ਕੀਤੀ ਜਾਣੀ ਚਾਹੀਦੀ ਹੈ । 'ਜਨਰੇਸ਼ਨ ਸਕਵੀਜ਼' ਅਨੁਸਾਰ, ਜੇਕਰ ਸਰਕਾਰ ਪੈਨਸ਼ਨ ਕਟੌਤੀ ਲਈ ਨਿਰਧਾਰਤ ਆਮਦਨ ਦੀ ਸੀਮਾ ਨੂੰ ਜੋੜਿਆਂ ਲਈ 1,85,000 ਡਾਲਰ ਤੋਂ ਘਟਾ ਕੇ 1,00,000 ਡਾਲਰ ਕਰ ਦਿੰਦੀ ਹੈ, ਤਾਂ ਇਸ ਨਾਲ ਸਾਲਾਨਾ ਲਗਭਗ 7 ਬਿਲੀਅਨ ਡਾਲਰ ਦੀ ਬਚਤ ਹੋ ਸਕਦੀ ਹੈ । ਜੇਕਰ ਇਸ ਸੀਮਾ ਨੂੰ ਹੋਰ ਵੀ ਹੇਠਾਂ ਲਿਆ ਕੇ 81,000 ਡਾਲਰ ਕੀਤਾ ਜਾਂਦਾ ਹੈ, ਤਾਂ ਇਹ ਬਚਤ 13 ਬਿਲੀਅਨ ਡਾਲਰ ਤੱਕ ਪਹੁੰਚਣ ਦੀ ਸੰਭਾਵਨਾ ਹੈ।



ਮੌਜੂਦਾ ਨਿਯਮਾਂ 'ਤੇ ਨਜ਼ਰ ਮਾਰੀਏ ਤਾਂ ਓਲਡ ਏਜ ਸਿਕਿਓਰਿਟੀ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਕੈਨੇਡੀਅਨ ਬਜ਼ੁਰਗਾਂ ਨੂੰ ਦਿੱਤੀ ਜਾਣ ਵਾਲੀ ਇੱਕ ਫੈਡਰਲ ਸਹਾਇਤਾ ਹੈ । ਫਿਲਹਾਲ 65 ਤੋਂ 74 ਸਾਲ ਦੀ ਉਮਰ ਦੇ ਬਜ਼ੁਰਗਾਂ ਨੂੰ ਵੱਧ ਤੋਂ ਵੱਧ 742.31 ਡਾਲਰ ਮਹੀਨਾਵਾਰ ਦਿੱਤੇ ਜਾਂਦੇ ਹਨ, ਜੇਕਰ ਉਨ੍ਹਾਂ ਦੀ ਸਾਲਾਨਾ ਸ਼ੁੱਧ ਆਮਦਨ 1,48,451 ਡਾਲਰ ਤੋਂ ਘੱਟ ਹੋਵੇ । ਇਸੇ ਤਰ੍ਹਾਂ 75 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਇਹ ਰਾਸ਼ੀ 816.54 ਡਾਲਰ ਮਹੀਨਾਵਾਰ ਹੈ । ਇਹ ਲਾਭ ਕੈਨੇਡਾ ਪੈਨਸ਼ਨ ਪਲਾਨ (CPP) ਅਤੇ ਨਿੱਜੀ ਬਚਤ ਯੋਜਨਾਵਾਂ ਤੋਂ ਇਲਾਵਾ ਮਿਲਦੇ ਹਨ । ਮਾਹਰਾਂ ਦਾ ਮੰਨਣਾ ਹੈ ਕਿ ਲੱਖਾਂ ਡਾਲਰ ਦੀ ਆਮਦਨ ਵਾਲੇ ਪਰਿਵਾਰਾਂ ਨੂੰ ਇਹ ਰਾਸ਼ੀ ਜਾਰੀ ਰੱਖਣਾ ਬਜਟ 'ਤੇ ਇੱਕ ਬੇਲੋੜਾ ਬੋਝ ਹੈ, ਜਿਸ ਕਾਰਨ ਇਸ ਨੂੰ ਵਾਪਸ ਲੈਣ ਦੀਆਂ ਮੰਗਾਂ ਵਧ ਰਹੀਆਂ ਹਨ।

ਕੈਨੇਡਾ ਦਾ ਅਰਥਚਾਰਾ ਇਸ ਸਮੇਂ ਇਰਾਨ ਦੀ ਜੰਗ ਅਤੇ ਅੰਤਰਰਾਸ਼ਟਰੀ ਤਣਾਅ ਕਾਰਨ ਕਾਫ਼ੀ ਮੁਸ਼ਕਿਲ ਦੌਰ ਵਿੱਚੋਂ ਲੰਘ ਰਿਹਾ ਹੈ । ਜੰਗ ਕਾਰਨ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ, ਜਿਸ ਨੇ ਗੈਸ ਸਟੇਸ਼ਨਾਂ 'ਤੇ ਕੀਮਤਾਂ ਵਧਾ ਕੇ ਆਮ ਜਨਤਾ ਦੇ ਬਜਟ ਨੂੰ ਹਿਲਾ ਦਿੱਤਾ ਹੈ । ਇਸ ਤੋਂ ਇਲਾਵਾ ਅਮਰੀਕਾ ਵੱਲੋਂ ਲਗਾਏ ਗਏ ਟੈਰਿਫ ਅਤੇ ਵਪਾਰਕ ਅਨਿਸ਼ਚਿਤਤਾ ਕਾਰਨ ਕਾਰੋਬਾਰੀਆਂ ਨੇ ਨਵੀਆਂ ਭਰਤੀਆਂ ਰੋਕ ਦਿੱਤੀਆਂ ਹਨ, ਜਿਸ ਨਾਲ ਰੁਜ਼ਗਾਰ ਦਾ ਬਾਜ਼ਾਰ ਸੁਸਤ ਪੈ ਗਿਆ ਹੈ । ਮਹਿੰਗਾਈ ਅਤੇ ਉੱਚੀਆਂ ਵਿਆਜ ਦਰਾਂ ਦੇ ਸੁਮੇਲ ਨੇ ਆਮ ਕੈਨੇਡੀਅਨਾਂ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਖਰਚਿਆਂ ਵਿੱਚ ਕਟੌਤੀ ਕਰਨ ਲਈ ਮਜਬੂਰ ਕਰ ਦਿੱਤਾ ਹੈ, ਜਿਸ ਕਾਰਨ ਸਰਕਾਰੀ ਬਜਟ ਵਿੱਚ ਸੁਧਾਰ ਦੀ ਮੰਗ ਹੋਰ ਵੀ ਵਧ ਗਈ ਹੈ।

'ਜਨਰੇਸ਼ਨ ਸਕਵੀਜ਼' ਅਤੇ ਰਿਸਰਚ ਕੋਅ ਵੱਲੋਂ ਮਾਰਚ ਦੇ ਅੱਧ ਵਿੱਚ ਕਰਵਾਏ ਗਏ ਇਸ ਪੋਲ ਵਿੱਚ ਲਗਭਗ 1,000 ਲੋਕਾਂ ਨੇ ਹਿੱਸਾ ਲਿਆ । ਰਿਪੋਰਟ ਅਨੁਸਾਰ, ਪ੍ਰਸਤਾਵਿਤ ਸੋਧਾਂ ਨਾਲ ਸਿਰਫ਼ ਸਭ ਤੋਂ ਵੱਧ ਕਮਾਈ ਕਰਨ ਵਾਲੇ 20 ਫੀਸਦੀ ਬਜ਼ੁਰਗਾਂ ਦੇ ਲਾਭਾਂ ਵਿੱਚ ਹੀ ਘਾਟ ਆਵੇਗੀ, ਜੋ ਕਿ ਔਸਤਨ 3,000 ਡਾਲਰ ਸਾਲਾਨਾ ਤੋਂ ਵੀ ਘੱਟ ਹੋਵੇਗੀ । ਸੰਸਥਾ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਅਪੀਲ ਕੀਤੀ ਹੈ ਕਿ ਉਹ ਜਨਤਾ ਦੇ ਇਸ ਵੱਡੇ ਸਮਰਥਨ ਦੀ ਵਰਤੋਂ ਬਜਟ ਦੇ ਸਭ ਤੋਂ ਮਹਿੰਗੇ ਹਿੱਸੇ ਨੂੰ ਆਧੁਨਿਕ ਬਣਾਉਣ ਲਈ ਕਰਨ। ਉਨ੍ਹਾਂ ਅਨੁਸਾਰ ਇਹ ਕਦਮ ਨਾ ਸਿਰਫ਼ ਫੈਡਰਲ ਘਾਟੇ ਨੂੰ ਘਟਾਏਗਾ, ਸਗੋਂ ਨੌਜਵਾਨਾਂ ਅਤੇ ਗਰੀਬ ਬਜ਼ੁਰਗਾਂ ਲਈ ਇੱਕ ਵੱਡੀ ਰਾਹਤ ਸਾਬਤ ਹੋਵੇਗਾ। This report was written by Divroop Kaur as part of the Local Journalism Initiative.

# ਟ੍ਰਾਂਸਲਿੰਕ ਵੱਲੋਂ ਪ੍ਰਾਪਰਟੀ ਟੈਕਸ ਵਿੱਚ 7.5 ਫੀਸਦੀ ਵਾਧੇ ਨੂੰ ਮਨਜ਼ੂਰੀ

ਵੈਨਕੂਵਰ (ਦਿਵਰੂਪ ਕੌਰ): ਟ੍ਰਾਂਸਲਿੰਕ ਬੋਰਡ ਨੇ ਸਾਲ 2026 ਲਈ ਪ੍ਰਾਪਰਟੀ ਟੈਕਸ ਅਤੇ ਰਿਪਲੇਸਮੈਂਟ ਟੈਕਸ ਵਿੱਚ ਵਾਧੇ ਨੂੰ ਹਰੀ ਝੰਡੀ ਦੇ ਦਿੱਤੀ ਹੈ । ਬੋਰਡ ਵੱਲੋਂ ਇਹ ਅਹਿਮ ਫੈਸਲਾ 25 ਮਾਰਚ ਨੂੰ ਹੋਈ ਆਪਣੀ ਤਿਮਾਹੀ ਮੀਟਿੰਗ ਦੌਰਾਨ ਲਿਆ ਗਿਆ ਹੈ । ਇਸ ਨਵੇਂ ਫੈਸਲੇ ਨਾਲ ਲੋਅਰ ਮੇਨਲੈਂਡ ਦੇ ਰਿਹਾਇਸ਼ੀ ਅਤੇ ਕਾਰੋਬਾਰੀ ਖੇਤਰਾਂ 'ਤੇ ਵਾਧੂ ਟੈਕਸਾਂ ਦਾ ਬੋਝ ਪੈਣਾ ਤੈਅ ਹੋ ਗਿਆ ਹੈ । ਇਹ ਵਾਧਾ ਆਵਾਜਾਈ ਸੇਵਾਵਾਂ ਦੇ ਸੰਚਾਲਨ ਅਤੇ ਭਵਿੱਖੀ ਪ੍ਰੋਜੈਕਟਾਂ ਲਈ ਫੰਡ ਜੁਟਾਉਣ ਦੀ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਇਸ ਵਾਧੇ ਦੇ ਨਤੀਜੇ ਵਜੋਂ ਇੱਕ ਔਸਤ ਰਿਹਾਇਸ਼ੀ ਜਾਇਦਾਦ ਦੇ ਟੈਕਸ ਬਿੱਲ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਲਗਭਗ 35 ਡਾਲਰ ਜਾਂ 7.5 ਫੀਸਦੀ ਦਾ ਵਾਧਾ ਹੋਵੇਗਾ । ਦੂਜੇ ਪਾਸੇ ਕਾਰੋਬਾਰੀ ਸ਼੍ਰੇਣੀ ਦੀਆਂ ਜਾਇਦਾਦਾਂ ਦੇ ਮਾਲਕਾਂ ਨੂੰ ਵੀ ਵੱਡੀ ਵਿੱਤੀ ਮਾਰ ਪਵੇਗੀ, ਕਿਉਂਕਿ ਉਨ੍ਹਾਂ ਦਾ ਔਸਤ ਬਿੱਲ ਲਗਭਗ 41 ਡਾਲਰ ਤੱਕ ਵਧਣ ਦੀ ਉਮੀਦ ਹੈ । ਟੈਕਸਾਂ ਵਿੱਚ ਹੋਏ ਇਸ ਵਾਧੇ ਨੇ ਮਹਿੰਗਾਈ ਦੇ ਦੌਰ ਵਿੱਚ ਰਹਿ ਰਹੇ ਆਮ ਨਾਗਰਿਕਾਂ ਅਤੇ ਛੋਟੇ ਕਾਰੋਬਾਰੀਆਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ।

ਟ੍ਰਾਂਸਲਿੰਕ ਦੀ ਮੁੱਖ ਵਿੱਤੀ ਅਧਿਕਾਰੀ ਪੈਟਰਿਸ ਇੰਪੀ ਅਤੇ ਕਾਰਪੋਰੇਟ ਵਿੱਤ ਨਿਰਦੇਸ਼ਕ ਰੂਡੀ ਸਨਾਤਾਨੋਏ ਦੀ ਇੱਕ ਸਾਂਝੀ ਰਿਪੋਰਟ ਅਨੁਸਾਰ, ਸਾਲ 2026 ਲਈ ਇਨ੍ਹਾਂ ਸਰੋਤਾਂ ਤੋਂ ਕੁੱਲ 727 ਮਿਲੀਅਨ ਡਾਲਰ ਦਾ ਟੈਕਸ ਮਾਲੀਆ ਇਕੱਠਾ ਕਰਨ ਦਾ ਟੀਚਾ ਮਿੱਥਿਆ ਗਿਆ ਹੈ । ਪ੍ਰਸ਼ਾਸਨ ਦਾ ਤਰਕ ਹੈ ਕਿ ਆਵਾਜਾਈ ਪ੍ਰਣਾਲੀ ਦੇ ਵਿਸਥਾਰ ਅਤੇ ਰੱਖ-ਰਖਾਅ ਦੇ ਵਧਦੇ ਖਰਚਿਆਂ ਨੂੰ ਪੂਰਾ ਕਰਨ ਲਈ ਇਹ ਵਿੱਤੀ ਕਦਮ ਬੇਹੱਦ ਜ਼ਰੂਰੀ ਹੈ । ਫਿਲਹਾਲ ਜਨਤਾ ਵੱਲੋਂ ਇਸ ਫੈਸਲੇ 'ਤੇ ਵੱਖ-ਵੱਖ ਪ੍ਰਤੀਕਿਰਿਆਵਾਂ ਆਉਣ ਦੀ ਸੰਭਾਵਨਾ ਹੈ। This report was written by Divroop Kaur as part of the Local Journalism Initiative.

Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals
✔ Refinancing solutions | ✔ Construction mortgage | ✔ Purchase or Refinance



AMARPAL SINGH
Mortgage Advisor
Call : 604.338.7310
CENTUM MORTGAGE

# ਮੈਟਾ ’ਤੇ ਬੱਚਿਆਂ ਦੀ ਮਾਨਸਿਕ ਸਿਹਤ ਨਾਲ ਖਿਲਵਾੜ ਕਰਨ ਦਾ ਦੋਸ਼ ਸਾਬਤ, 375 ਮਿਲੀਅਨ ਡਾਲਰ ਦਾ ਜੁਰਮਾਨਾ ਠੁਕਿਆ

## ਜਿਊਰੀ ਨੇ ਮੈਟਾ ਦੇ ਐਲਗੋਰਿਦਮ ਅਤੇ ਬੱਚਿਆਂ ਦੀ ਮਾਨਸਿਕ ਸਿਹਤ ਬਾਰੇ ਸੁਣਾਇਆ ਇਤਿਹਾਸਕ ਫੈਸਲਾ



ਵਾਸ਼ਿੰਗਟਨ, (ਬਰਾੜ ਭਗਤਾ ਭਾਈਕਾ ): ਨਿਊ ਮੈਕਸੀਕੋ ਦੀ ਇੱਕ ਜਿਊਰੀ ਨੇ ਸੋਸ਼ਲ ਮੀਡੀਆ ਦਿੱਗਜ ਮੈਟਾ ਵਿਰੁੱਧ ਇੱਕ ਬਹੁਤ ਹੀ ਅਹਿਮ ਅਤੇ ਇਤਿਹਾਸਕ ਫੈਸਲਾ ਸੁਣਾਇਆ ਹੈ, ਜਿਸ ਵਿੱਚ ਕੰਪਨੀ ਨੂੰ ਬੱਚਿਆਂ ਦੀ ਮਾਨਸਿਕ ਸਿਹਤ ਨੂੰ ਨੁਕਸਾਨ ਪਹੁੰਚਾਉਣ ਅਤੇ ਰਾਜ ਦੇ ਖਪਤਕਾਰ ਸੁਰੱਖਿਆ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਹੈ । ਲਗਭਗ ਸੱਤ ਹਫ਼ਤਿਆਂ ਤੱਕ ਚੱਲੀ ਇਸ ਸੁਣਵਾਈ ਤੋਂ ਬਾਅਦ ਜਿਊਰੀ ਨੇ ਰਾਜ ਦੇ ਇਸਤਗਾਸਾ ਪੱਖ ਦੀਆਂ ਉਨ੍ਹਾਂ ਦਲੀਲਾਂ ਨਾਲ ਸਹਿਮਤੀ ਜਤਾਈ ਕਿ ਮੈਟਾ ਨੇ ਬੱਚਿਆਂ ਦੀ ਸੁਰੱਖਿਆ ਦੇ ਮੁਕਾਬਲੇ ਆਪਣੇ ਮੁਨਾਫ਼ੇ ਨੂੰ ਹਮੇਸ਼ਾ ਪਹਿਲ ਦਿੱਤੀ। ਮੈਟਾ, ਜੋ ਇੰਸਟਾਗ੍ਰਾਮ, ਫੇਸਬੁੱਕ ਅਤੇ ਵਟਸਐਪ ਵਰਗੇ ਦੁਨੀਆ ਦੇ ਸਭ ਤੋਂ ਵੱਡੇ ਪਲੇਟਫਾਰਮਾਂ ਦੀ ਸੰਚਾਲਕ ਹੈ, ‘ਤੇ ਇਹ ਦੋਸ਼ ਸਾਬਤ ਹੋਏ ਹਨ ਕਿ ਉਸ ਨੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਖ਼ਤਰਿਆਂ ਅਤੇ ਮਾਨਸਿਕ ਸਿਹਤ ‘ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਮਹੱਤਵਪੂਰਨ ਜਾਣਕਾਰੀ ਨੂੰ ਜਾਣਬੁੱਝ ਕੇ ਜਨਤਾ ਤੋਂ ਛੁਪਾਇਆ ਹੈ।

ਅਦਾਲਤ ਨੇ ਕੰਪਨੀ ਵਿਰੁੱਧ ਹਜ਼ਾਰਾਂ ਵੱਖ-ਵੱਖ ਉਲੰਘਣਾਵਾਂ ਦੀ ਪਛਾਣ ਕੀਤੀ ਹੈ, ਜਿਸ ਦੇ ਅਧਾਰ ‘ਤੇ ਮੈਟਾ ‘ਤੇ 375 ਮਿਲੀਅਨ ਡਾਲਰ ਦਾ ਭਾਰੀ ਜੁਰਮਾਨਾ ਲਗਾਇਆ ਗਿਆ ਹੈ । ਜਿਊਰੀ ਨੇ ਇਹ ਮੰਨਿਆ ਕਿ ਮੈਟਾ ਨੇ ਪਲੇਟਫਾਰਮ ਦੀ ਸੁਰੱਖਿਆ ਬਾਰੇ ਗੁੰਮਰਾਹਕੁੰਨ ਅਤੇ ਝੂਠੇ ਬਿਆਨ ਦਿੱਤੇ ਅਤੇ ਅਜਿਹੀਆਂ ਗੈਰ-ਸਿਧਾਂਤਕ ਵਪਾਰਕ ਗਤੀਵਿਧੀਆਂ ਅਪਣਾਈਆਂ ਜੋ ਬੱਚਿਆਂ ਦੀ ਮਾਸੂਮੀਅਤ ਅਤੇ ਤਜ਼ਰਬੇ ਦੀ ਘਾਟ ਦਾ ਗੈਰ-ਵਾਜਬ ਫਾਇਦਾ ਉਠਾਉਂਦੀਆਂ ਹਨ । ਇਹ ਮੁਕੱਦਮਾ 2023 ਵਿੱਚ ਨਿਊ ਮੈਕਸੀਕੋ ਦੇ ਅਟਾਰਨੀ ਜਨਰਲ ਰਾਉਲ ਟੋਰੇਜ਼ ਦੁਆਰਾ ਦਾਇਰ ਕੀਤਾ ਗਿਆ ਸੀ, ਜੋ ਹੁਣ ਸੋਸ਼ਲ ਮੀਡੀਆ ਕੰਪਨੀਆਂ ਦੀ ਜਵਾਬਦੇਹੀ ਤੈਅ ਕਰਨ ਲਈ ਚੱਲ ਰਹੀ ਵਿਸ਼ਵਵਿਆਪੀ ਕਾਨੂੰਨੀ ਲੜਾਈ ਵਿੱਚ ਇੱਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

ਜਾਂਚ ਦੇ ਦੌਰਾਨ ਰਾਜ ਦੇ ਖੁਫ਼ੀਆ ਏਜੰਟਾਂ ਨੇ ਬੱਚਿਆਂ ਵਜੋਂ ਜਾਅਲੀ ਖਾਤੇ ਬਣਾ ਕੇ ਇਹ ਸਾਬਤ ਕੀਤਾ ਕਿ ਕਿਵੇਂ ਨਾਬਾਲਗਾਂ ਨੂੰ ਜਿਨਸੀ ਸ਼ੋਸ਼ਣ ਲਈ ਨਿਸ਼ਾਨਾ ਬਣਾਇਆ ਜਾਂਦਾ ਹੈ ਅਤੇ ਮੈਟਾ ਦੀ ਪ੍ਰਣਾਲੀ ਅਜਿਹੀਆਂ ਘਟਨਾਵਾਂ ਨੂੰ ਰੋਕਣ ਵਿੱਚ ਅਸਫ਼ਲ ਰਹਿੰਦੀ ਹੈ । ਜਿਊਰੀ ਨੇ ਸੁਣਵਾਈ ਦੌਰਾਨ ਮੈਟਾ ਦੇ ਅੰਦਰੂਨੀ ਦਸਤਾਵੇਜ਼ਾਂ, ਮਨੋਵਿਗਿਆਨਕ ਮਾਹਰਾਂ, ਵਿਸਲਬਲੋਅਰਜ਼ ਅਤੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਗਵਾਹੀਆਂ ਸੁਣੀਆਂ । ਅਧਿਆਪਕਾਂ ਨੇ ਅਦਾਲਤ ਨੂੰ ਦੱਸਿਆ ਕਿ ਕਿਵੇਂ ਸੋਸ਼ਲ ਮੀਡੀਆ ਕਾਰਨ ਸਕੂਲਾਂ ਦੇ ਮਾਹੌਲ ਵਿੱਚ ਵਿਘਨ ਪੈਂਦਾ ਹੈ ਅਤੇ ਬੱਚੇ ਸੈਕਸਟੌਰਸ਼ਨ ਵਰਗੀਆਂ ਗੰਭੀਰ ਅਪਰਾਧਿਕ ਸਕੀਮਾਂ ਦਾ ਸ਼ਿਕਾਰ ਹੋ ਰਹੇ ਹਨ। ਇਸਤਗਾਸਾ ਪੱਖ ਦੀ ਵਕੀਲ ਲਿੰਡਾ ਸਿੰਗਰ ਨੇ ਕਿਹਾ ਕਿ ਮੈਟਾ ਦੇ ਗੁੰਝਲਦਾਰ ਐਲਗੋਰਿਦਮ ਸਿਰਫ਼ ਬੱਚਿਆਂ ਦੀ ਰੁਝੇਵੇਂ ਅਤੇ ਸਮਾਂ ਬਿਤਾਉਣ ਦੀ ਦਰ ਵਧਾਉਣ ਲਈ ਬਣਾਏ ਗਏ ਹਨ, ਜਿਸ ਦੇ ਬੱਚਿਆਂ ‘ਤੇ ਡੂੰਘੇ ਨਕਾਰਾਤਮਕ ਪ੍ਰਭਾਵ ਪੈ ਰਹੇ ਹਨ।

ਦੂਜੇ ਪਾਸੇ ਮੈਟਾ ਦੇ ਬੁਲਾਰੇ ਨੇ ਇਸ ਫੈਸਲੇ ਨਾਲ ਪੂਰੀ ਤਰ੍ਹਾਂ ਅਸਹਿਮਤੀ ਜਤਾਉਂਦਿਆਂ ਐਲਾਨ ਕੀਤਾ ਹੈ ਕਿ ਉਹ ਇਸ ਵਿਰੁੱਧ ਉੱਚ ਅਦਾਲਤ ਵਿੱਚ ਅਪੀਲ ਕਰਨਗੇ । ਕੰਪਨੀ ਦਾ ਦਾਅਵਾ ਹੈ ਕਿ ਉਹ ਆਪਣੇ ਪਲੇਟਫਾਰਮਾਂ ਨੂੰ ਸੁਰੱਖਿਅਤ ਰੱਖਣ ਲਈ ਦਿਨ-ਰਾਤ ਮਿਹਨਤ ਕਰਦੀ ਹੈ ਅਤੇ ਹਾਨੀਕਾਰਕ ਸਮੱਗਰੀ ਨੂੰ ਹਟਾਉਣ ਲਈ ਅਤਿ-ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ । ਮੈਟਾ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਕੰਪਨੀ ਦੇ ਐਪਸ ਲੋਕਾਂ ਨੂੰ ਆਪਣੇ ਪਰਿਵਾਰਾਂ ਨਾਲ ਜੋੜਨ ਲਈ ਹਨ ਅਤੇ ਹਾਲਾਂਕਿ ਕੁਝ ਮਾੜੀ ਸਮੱਗਰੀ ਸੁਰੱਖਿਆ ਘੇਰੇ ਵਿੱਚੋਂ ਨਿਕਲ ਸਕਦੀ ਹੈ, ਪਰ ਕੰਪਨੀ ਦੀ ਨੀਅਤ ਹਮੇਸ਼ਾ ਸੁਰੱਖਿਆ ਪ੍ਰਦਾਨ ਕਰਨ ਦੀ ਰਹੀ ਹੈ। ਉਨ੍ਹਾਂ ਨੇ ਸੈਕਸ਼ਨ 230 ਅਤੇ ਸੰਵਿਧਾਨਕ ਸੁਰੱਖਿਆ ਕਵਚ ਦਾ ਹਵਾਲਾ ਦਿੰਦੇ ਹੋਏ ਆਪਣਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ।

ਇਹ ਫੈਸਲਾ ਅਜਿਹੇ ਮਾਹੌਲ ਵਿੱਚ ਆਇਆ ਹੈ ਜਦੋਂ ਅਮਰੀਕਾ ਦੇ 40 ਤੋਂ ਵੱਧ ਰਾਜਾਂ ਦੇ ਅਟਾਰਨੀ ਜਨਰਲ ਮੈਟਾ ਦੇ ਵਿਰੁੱਧ ਲਾਮਬੰਦ ਹਨ ਅਤੇ ਦੋਸ਼ ਲਗਾ ਰਹੇ ਹਨ ਕਿ ਕੰਪਨੀ ਨੇ ਜਾਣਬੁੱਝ ਕੇ ਨਸ਼ਾ ਲਗਾਉਣ ਵਾਲੀਆਂ ਵਿਸ਼ੇਸ਼ਤਾਵਾਂ ਡਿਜ਼ਾਈਨ ਕੀਤੀਆਂ ਹਨ। ਨਿਊ ਮੈਕਸੀਕੋ ਦੇ ਇਸ ਕੇਸ ਦਾ ਅਗਲਾ ਪੜਾਅ ਮਈ ਮਹੀਨੇ ਵਿੱਚ ਸ਼ੁਰੂ ਹੋਣ ਦੀ ਉਮੀਦ ਹੈ, ਜਿਸ ਵਿੱਚ ਜੱਜ ਇਹ ਤੈਅ ਕਰਨਗੇ ਕਿ ਕੀ ਮੈਟਾ ਨੇ ਇੱਕ ਜਨਤਕ ਪਰੇਸ਼ਾਨੀ ਪੈਦਾ ਕੀਤੀ ਹੈ ਅਤੇ ਕੀ ਕੰਪਨੀ ਨੂੰ ਆਪਣੇ ਕੰਮ ਕਰਨ ਦੇ ਤਰੀਕੇ ਬਦਲਣ ਅਤੇ ਪੀੜਤਾਂ ਨੂੰ ਹਰਜਾਨਾ ਦੇਣ ਦੇ ਹੁਕਮ ਦਿੱਤੇ ਜਾਣੇ ਚਾਹੀਦੇ ਹਨ । ਇਹ ਕੇਸ ਮਾਰਕ ਜ਼ੁਕਰਬਰਗ ਅਤੇ ਮੈਟਾ ਦੇ ਹੋਰ ਸੀਨੀਅਰ ਅਧਿਕਾਰੀਆਂ ਦੀ ਜਵਾਬਦੇਹੀ ਲਈ ਇੱਕ ਵੱਡੀ ਚੁਣੌਤੀ ਬਣ ਕੇ ਉੱਭਰਿਆ ਹੈ, ਜੋ ਸੋਸ਼ਲ ਮੀਡੀਆ ਦੇ ਭਵਿੱਖੀ ਨਿਯਮਾਂ ਨੂੰ ਤੈਅ ਕਰੇਗਾ ।










Victoria Store
NOW OPEN!!!
306 Burnside Road
SABZI MANDI SUPERMARKET
Serving our Community since 2003
HAPPY NAVRATRI
हैप्पी नवरात्रि
Happy Navratri!
HOT PRICE
TAIWAN FRUIT FESTIVAL
LARGE GUAVA
ਵੱਡੇ ਅਮਰੂਦ
3.49 /lb
HOT PRICE
TAIWAN FRUIT FESTIVAL
MURCOTT MANDARIN ORANGES
ਮਰਕੋਟ ਮੈਨਡਰਿਨ ਸੰਗਤਰੇ
1.29 /lb
HOT PRICE
FRESH CILANTRO
ਧਨੀਆਂ
Bunch
2 for 99¢
HOT PRICE
JUMBO CAULIFLOWER
ਵੱਡਾ ਗੋਭੀ ਦਾ ਫੁੱਲ
2.69 ea
TILDA BASMATI RICE
ਟਿਲਡਾ ਬਾਸਮਤੀ ਚਾਵਲ
4kg
14.99 ea
UNBEATABLE DEALS
ACADEMY FARMS BUFFALO MILK
ਅਕੈਡੈਮੀ ਫਾਰਮਜ਼ ਮੱਝ ਦਾ ਦੁਧ
1L
4.99 ea
PEELED GARLIC
ਲਸਣ
5lb Jar
8.99 ea
TATA AGNI TEA
ਟਾਟਾ ਅੱਗਨੀ ਚਾਹ
1kg
9.99 ea
JUMBO EGGPLANT
ਵੱਡੇ ਵਤਾਊਂ
2 for $4
GITS READY-TO-EAT
ਗਿਟਸ ਰੈਡੀ-ਟੂ-ਈਟ
300g
2 for $6
HANS GUR ATTA BISCUITS PIPA
ਹਾਨਸ ਗੁੜ ਆਟਾ ਬਿਸਕੁਟ ਪੀਪਾ
1.8kg
13.99 ea
BAAZ DURAM ATTA
ਬਾਜ਼ ਦੁਰਮ ਆਟਾ
20lb
11.99 ea
ROSHNI BASMATI RICE
ਰੋਸ਼ਨੀ ਬਾਸਮਤੀ ਚਾਵਲ
8lb
8.99 ea
INDIAN STYLE RED CARROTS
ਦੇਸੀ ਸਟਾਈਲ ਲਾਲ ਗਾਜਰਾਂ
99¢ /lb
PUNJABI BY NATURE MUSTARD OIL
ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ
1L
5.99 ea
NPS #1 ALMONDS
ਬਦਾਮ
5.99 /lb
PUNJABI BY NATURE SUJI RUSK
ਪੰਜਾਬੀ ਬਾਈ ਨੇਚਰ ਸੂਜੀ ਰੱਸਕ
600g
3.99 ea
HULLY GULLY PUFFS
ਹੱਲੀ ਗੱਲੀ ਪੱਫਸ
Asst., 120g
2 for $3
FRESH SPINACH
ਪਾਲਕ
Bunch
1.49 ea
IZU'S AMRITSARI PANEER
ਇਜ਼ੂਜ਼ ਅੰਮ੍ਰਿਤਸਰੀ ਪਨੀਰ
250g
4.99 ea
RUSSET POTATOES
ਆਲੂ
10lb
3.99 ea
INDIAN KARELA
ਦੇਸੀ ਕਰੇਲੇ
2.49 /lb
FRESH METHI
ਮੇਥੀ
Bunch
1.99 ea
FRESH GINGER/GARLIC
ਅੱਦਰਕ/ਲਸਣ
Bunch
1.29 /lb
PROUDLY CANADIAN · PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. March 27, 2026 - Wed. April 01, 2026
MasterCard VISA AMERICAN EXPRESS Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.
You can also visit us online at www.sabzimandicanada.com